4-JUNE-PAGE-1.qxd 6/3/2024 10:13 PM Page 1

ਮੰਗਲਵਾਰ, 4 ਜੂਨ, 2024
22 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 3

# ਨਵਾਂ ਜ਼ਮਾਨਾ

DAILY NAWAN ZAMANA • TUESDAY, 4 JUNE, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10

# ਅੱਜ ਲੋਕਾਂ ਦੇ ਮਨ ਕੀ ਬਾਤ

**ਨਵੀਂ ਦਿੱਲੀ** : ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਗੇ ਜਾਂ ਅਪੋਜ਼ੀਸ਼ਨ ਪਾਰਟੀਆਂ ਦਾ 'ਇੰਡੀਆ' ਗੱਠਜੋੜ ਸੱਤਾ ਵਿਚ ਆਵੇਗਾ, ਇਸ ਦਾ ਪਤਾ ਲੋਕ ਸਭਾ ਲਈ ਪਈਆਂ ਵੋਟਾਂ ਦੀ ਮੰਗਲਵਾਰ ਹੋਣ ਵਾਲੀ ਗਿਣਤੀ ਨਾਲ ਲੱਗ ਜਾਵੇਗਾ। ਦੁਪਹਿਰ ਤਕ ਰੁਝਾਨ ਮਿਲ ਜਾਣਗੇ ਕਿ ਸਰਕਾਰ ਕਿਸਦੀ ਬਣ ਰਹੀ ਹੈ। ਹਾਲਾਂਕਿ ਬਹੁਤੇ ਐਗਜ਼ਿਟ ਪੋਲਾਂ ਨੇ ਮੋਦੀ ਦੀ ਹੈਟ੍ਰਿਕ ਦੀ ਭਵਿੱਖਬਾਣੀ ਕੀਤੀ ਹੈ ਪਰ ਦੇਸ਼ ਨੇ ਐਗਜ਼ਿਟ ਪੋਲ ਗਲਤ ਸਾਬਤ ਹੁੰਦੇ ਵੀ ਦੇਖੇ ਹਨ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਸੋਮਵਾਰ ਦੱਸਿਆ ਕਿ ਲੋਕ ਸਭਾ ਚੋਣਾਂ 'ਚ ਪਈਆਂ ਵੋਟਾਂ ਦੀ ਗਿਣਤੀ ਦੀ ਸ਼ੁਰੂਆਤ ਡਾਕ ਦੀਆਂ ਵੋਟਾਂ ਦੀ ਗਿਣਤੀ ਨਾਲ ਹੋਵੇਗੀ। ਉਨ੍ਹਾ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਅੱਧਾ ਘੰਟਾ ਡਾਕ ਦੀਆਂ ਵੋਟਾਂ ਗਿਣਨ ਤੋਂ ਬਾਅਦ ਈ ਵੀ ਐੱਮ ਮਸ਼ੀਨਾਂ ਖੋਲ੍ਹੀਆਂ ਜਾਣਗੀਆਂ। ਆਪੋਜ਼ੀਸ਼ਨ ਪਾਰਟੀਆਂ ਨੇ ਮੰਗ ਕੀਤੀ ਸੀ ਕਿ ਪਹਿਲਾਂ ਡਾਕ ਦੀਆਂ ਵੋਟਾਂ ਗਿਣੀਆਂ ਜਾਣ।

ਮੁੱਖ ਚੋਣ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜੰਮੂ-ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਜਲਦ ਸ਼ੁਰੂ ਹੋ ਜਾਣਗੀਆਂ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਬਹੁਤ ਜਲਦੀ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ 'ਚ ਚੋਣ ਪ੍ਰਕਿਰਿਆ ਸ਼ੁਰੂ ਕਰੇਗਾ।

ਰਾਜੀਵ ਕੁਮਾਰ ਨੇ ਦੱਸਿਆ ਕਿ ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਦੀ ਹਿੱਸੇਦਾਰੀ ਨਾਲ ਵਿਸ਼ਵ ਰਿਕਾਰਡ ਬਣਾਇਆ ਹੈ। ਉਨ੍ਹਾ ਕਿਹਾ ਕਿ 68,000 ਤੋਂ ਵੱਧ ਨਿਗਰਾਨ ਟੀਮਾਂ ਅਤੇ 1.5 ਕਰੋੜ ਪੋਲਿੰਗ ਅਤੇ ਸੁਰੱਖਿਆ ਕਰਮਚਾਰੀ ਦੁਨੀਆ ਦੇ ਸਭ ਤੋਂ ਵੱਡੇ ਚੋਣ ਅਭਿਆਸ 'ਚ ਸ਼ਾਮਲ ਸਨ।

## ਪਹਿਲਾਂ ਡਾਕ ਦੀਆਂ ਵੋਟਾਂ ਗਿਣੀਆਂ ਜਾਣਗੀਆਂ


ਵੋਟਾਂ ਗਿਣਨ ਲਈ ਤਿਆਰੀ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ 4 ਜੂਨ ਨੂੰ ਸਵੇਰੇ 8:00 ਵਜੇ ਸ਼ੁਰੂ ਹੋਵੇਗੀ ਅਤੇ ਵੱਖ-ਵੱਖ ਰਾਜਾਂ ਦੇ ਆਲ ਇੰਡੀਆ ਸਰਵਿਸਿਜ਼ ਤੇ ਸਿਵਲ ਸਰਵਿਸਿਜ਼ ਕਾਡਰ ਦੇ ਕੁੱਲ 64 ਕਾਊਂਟਿੰਗ ਅਬਜ਼ਰਵਰਾਂ ਵੱਲੋਂ ਵੋਟਾਂ ਦੀ ਗਿਣਤੀ ਦੀ ਨਿਗਰਾਨੀ ਕੀਤੀ ਜਾਵੇਗੀ। ਇਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਨਿਰਪੱਖ, ਕੁਸ਼ਲ ਅਤੇ ਪਾਰਦਰਸ਼ੀ ਢੰਗ ਨਾਲ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਇਆ ਜਾਵੇ।

ਗਿਣਤੀ ਕੇਂਦਰਾਂ ਬਾਰੇ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿੱਚ 27 ਵੱਖ-ਵੱਖ ਥਾਵਾਂ 'ਤੇ 48 ਇਮਾਰਤਾਂ ਵਿੱਚ ਕੁੱਲ 117 ਗਿਣਤੀ ਕੇਂਦਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਥਾਵਾਂ ਜ਼ਿਲ੍ਹਾ ਹੈੱਡਕੁਆਰਟਰ ਉੱਤੇ ਸਥਿਤ ਹਨ, ਜਦਕਿ 7 ਥਾਵਾਂ ਜ਼ਿਲ੍ਹਾ ਹੈੱਡਕੁਆਰਟਰ ਤੋਂ ਬਾਹਰ ਅਰਥਾਤ ਅਜਨਾਲਾ, ਬਾਬਾ ਬਕਾਲਾ, ਅਬੋਹਰ, ਮਲੋਟ, ਧੂਰੀ, ਛੋਕਰਾ ਰਾਹੋਂ-ਨਵਾਂ ਸ਼ਹਿਰ ਅਤੇ ਖੂਨੀ ਮਾਜਰਾ (ਖਰੜ) ਵਿੱਚ ਸਥਿਤ ਹਨ। ਉਨ੍ਹਾ ਦੱਸਿਆ ਕਿ ਜ਼ਿਲ੍ਹਾ ਹੈੱਡਕੁਆਰਟਰ ਸੰਗਰੂਰ ਅਤੇ ਨਵਾਂ ਸ਼ਹਿਰ ਵਿਖੇ ਗਿਣਤੀ ਨਹੀਂ ਕਰਵਾਈ ਜਾਵੇਗੀ।ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਗਿਣਤੀ ਕੇਂਦਰਾਂ ਵਿਖੇ ਸਟਰਾਂਗ ਰੂਮ ਵਿੱਚ ਰੱਖੀਆਂ ਗਈਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ ਵੀ ਐੱਮਜ਼) ਦੀ ਸੁਰੱਖਿਆ ਨੂੰ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਇਨ੍ਹਾਂ ਸਟਰਾਂਗ ?ਰੂਮਾਂ ਵਿਖੇ ਦੋਹਰੇ ਲਾਕ ਸਿਸਟਮ ਅਤੇ ਸੀ ਸੀ ਟੀ ਵੀ ਨਿਗਰਾਨੀ ਜ਼ਰੀਏ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾ ਦੱਸਿਆ ਕਿ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਅਤੇ ਅਧਿਕਾਰਤ ਕਰਮਚਾਰੀ ਹਰੇਕ ਸਟਰਾਂਗ ਰੂਮ ਦੇ ਬਾਹਰ ਲਗਾਈਆਂ ਗਈਆਂ ਐੱਲ ਈ ਡੀ ਸਕਰੀਨਾਂ, ਜਿਨ੍ਹਾਂ ਵਿੱਚ ਸਟਰਾਂਗ ਰੂਮ ਦੇ ਆਲੇ-ਦੁਆਲੇ ਦੀ ਲਾਈਵ ਫੁਟੇਜ਼ ਦੇਖੀ ਜਾ ਸਕਦੀ ਹੈ, ਰਾਹੀਂ ਸੁਰੱਖਿਆ ਦੀ ਨਿਗਰਾਨੀ ਕਰ ਸਕਦੇ ਹਨ। ਇਸ ਤੋਂ ਇਲਾਵਾ ਇਥੇ ਆਉਣ ਵਾਲੇ ਹਰੇਕ ਵਿਅਕਤੀ ਦਾ ਰਿਕਾਰਡ ਰੱਖਣ ਲਈ ਆਨ-ਡਿਊਟੀ ਕਰਮਚਾਰੀਆਂ ਵੱਲੋਂ ਇੱਕ ਵਿਜ਼ਟਰ ਰਜਿਸਟਰ ਲਗਾਇਆ ਗਿਆ ਹੈ। ਇਸ ਦੇ ਨਾਲ ਹੀ ਸਾਰੇ ਪ੍ਰੋਟੋਕੋਲਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਰੋਜ਼ਾਨਾ ਆਧਾਰ 'ਤੇ ਅਧਿਕਾਰੀਆਂ ਵੱਲੋਂ ਸਥਿਤੀ ਦਾ ਨਿਰੀਖਣ ਕੀਤਾ ਜਾ ਰਿਹਾ ਹੈ। ਉਹਨਾ ਦੱਸਿਆ ਕਿ ਇਨ੍ਹਾਂ ਕੇਂਦਰਾਂ ਦੇ ਆਲੇ-ਦੁਆਲੇ ਤਿੰਨ-ਪਰਤੀ ਸੁਰੱਖਿਆ ਪ੍ਰਣਾਲੀ ਕਾਇਮ ਕੀਤੀ ਗਈ ਹੈ। ਗਿਣਤੀ ਕੇਂਦਰਾਂ ਤੱਕ ਪਹੁੰਚ 'ਤੇ ਸਖ਼ਤ ਪਾਬੰਦੀ ਨਾਲ ਢੁਕਵੇਂ ਸੁਰੱਖਿਆ ਇੰਤਜ਼ਾਮ ਕੀਤੇ ਗਏ ਹਨ ਅਤੇ ਸਿਰਫ਼ ਮਾਨਤਾ ਪ੍ਰਾਪਤ ਜਾਂ ਅਧਿਕਾਰਤ ਵਿਅਕਤੀਆਂ ਨੂੰ ਹੀ ਅੰਦਰ ਦਾਖ਼ਲ ਹੋਣ ਦੀ ਆਗਿਆ ਹੈ। ਗਿਣਤੀ ਕੇਂਦਰਾਂ ਦੀ ਵਿਆਪਕ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਹਨ।

# ਤਿੰਨ ਆਜ਼ਾਦ ਵਿਧਾਇਕਾਂ ਦੇ ਅਸਤੀਫੇ ਮਨਜ਼ੂਰ ਹੋਣ ਨਾਲ ਸੁੱਖੂ ਸਰਕਾਰ ਮਜ਼ਬੂਤ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਸੋਮਵਾਰ ਤਿੰਨ ਆਜ਼ਾਦ ਉਮੀਦਵਾਰਾਂ ਹੁਸ਼ਿਆਰ ਸਿੰਘ (ਦੇਹਰਾ), ਆਸ਼ੀਸ਼ ਸ਼ਰਮਾ (ਹਮੀਰਪੁਰ) ਤੇ ਕੇ ਐੱਲ ਠਾਕੁਰ (ਨਾਲਾਗੜ੍ਹ) ਦੇ ਅਸਤੀਫੇ ਮਨਜ਼ੂਰ ਕਰ ਲਏ, ਜਿਨ੍ਹਾਂ ਨੇ 27 ਫਰਵਰੀ ਰਾਜ ਸਭਾ ਦੀ ਚੋਣ ਵਿਚ ਛੇ ਬਾਗੀ ਕਾਂਗਰਸੀ ਵਿਧਾਇਕਾਂ ਨਾਲ ਮਿਲ ਕੇ ਭਾਜਪਾ ਉਮੀਦਵਾਰ ਦੇ ਹੱਕ ਵਿਚ ਵੋਟਾਂ ਪਾਈਆਂ ਸਨ।

ਪਠਾਨੀਆ ਨੇ ਕਿਹਾ ਕਿ ਤਿੰਨਾਂ ਆਜ਼ਾਦ ਵਿਧਾਇਕਾਂ ਦੇ ਅਸਤੀਫੇ ਮਨਜ਼ੂਰ ਕਰ ਲਏ ਗਏ ਹਨ ਤੇ ਹੁਣ ਇਹ ਵਿਧਾਨ ਸਭਾ ਦੇ ਮੈਂਬਰ ਨਹੀਂ ਰਹੇ। ਇਨ੍ਹਾਂ ਵਿਧਾਇਕਾਂ ਨੇ 22 ਮਾਰਚ ਨੂੰ ਅਸਤੀਫੇ ਦਿੱਤੇ ਸਨ ਪਰ ਸਪੀਕਰ ਨੇ ਇਹ ਕਹਿੰਦਿਆਂ ਮਨਜ਼ੂਰ ਨਹੀਂ ਕੀਤੇ ਸਨ ਕਿ ਕਾਂਗਰਸ ਵਿਧਾਇਕ ਪਾਰਟੀ ਨੇ ਲਿਖ ਕੇ ਦਿੱਤਾ ਹੈ ਕਿ ਇਨ੍ਹਾਂ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਦਬਾਅ ਹੇਠ ਅਸਤੀਫੇ ਦਿੱਤੇ ਹਨ। ਤਿੰਨੇ ਆਜ਼ਾਦ ਵਿਧਾਇਕ ਅਸਤੀਫੇ ਦੇਣ ਦੇ ਅਗਲੇ ਦਿਨ ਭਾਜਪਾ ਵਿਚ ਸ਼ਾਮਲ ਹੋ ਗਏ ਸਨ।

ਤਿੰਨਾਂ ਆਜ਼ਾਦਾਂ ਦੇ ਅਸਤੀਫੇ ਮਨਜ਼ੂਰ ਹੋਣ ਤੋਂ ਬਾਅਦ ਵਿਧਾਨ ਸਭਾ ਵਿਚ ਮੈਂਬਰਾਂ ਦੀ ਗਿਣਤੀ ਘਟ ਕੇ 59 ਰਹਿ ਗਈ ਹੈ। ਕਾਂਗਰਸ ਦੇ 34 ਤੇ ਭਾਜਪਾ ਦੇ 25 ਵਿਧਾਇਕ ਹਨ ਜਦਕਿ ਜਿਨ੍ਹਾਂ ਛੇ ਬਾਗੀ ਕਾਂਗਰਸੀ ਵਿਧਾਇਕਾਂ ਨੂੰ ਸਪੀਕਰ ਨੇ ਪਹਿਲਾਂ ਅਯੋਗ ਕਰਾਰ ਦੇ ਦਿੱਤਾ ਸੀ, ਉਨ੍ਹਾਂ ਦੀ ਕਿਸਮਤ ਦਾ ਫੈਸਲਾ ਚਾਰ ਜੂਨ ਨੂੰ ਹੋਣਾ ਹੈ। ਲੋਕ ਸਭਾ ਚੋਣਾਂ ਦੇ ਨਾਲ ਹੀ ਇਨ੍ਹਾਂ ਛੇਆਂ ਦੇ ਹਲਕਿਆਂ ਵਿਚ ਵੀ ਚੋਣਾਂ ਕਰਾ ਦਿੱਤੀਆਂ ਗਈਆਂ ਸਨ। ਤਿੰਨ ਆਜ਼ਾਦਾਂ ਦੇ ਅਸਤੀਫੇ ਮਨਜ਼ੂਰ ਹੋਣ ਨਾਲ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਲਈ ਖਤਰਾ ਕਾਫੀ ਟਲ ਗਿਆ ਹੈ। ਜੇ ਭਾਜਪਾ ਵੱਲੋਂ ਲੜੇ ਛੇ ਬਾਗੀ ਕਾਂਗਰਸੀ ਚੋਣ ਜਿੱਤ ਵੀ ਜਾਂਦੇ ਹਨ ਤਾਂ ਭਾਜਪਾ ਦੀ ਕੁਲ ਗਿਣਤੀ 31 ਹੋਵੇਗੀ, ਜਦਕਿ ਕਾਂਗਰਸ ਕੋਲ 34 ਵਿਧਾਇਕ ਹਨ।


ਹੁਸ਼ਿਆਰ ਸਿੰਘ ਆਸ਼ੀਸ਼ ਸ਼ਰਮਾ ਕੇ ਐੱਲ ਠਾਕੁਰ

# ਸ਼ੀਤਲ ਅੰਗੂਰਾਲ ਨੂੰ ਝਟਕਾ

**ਜਲੰਧਰ (ਸੁਰਿੰਦਰ ਕੁਮਾਰ)**-ਜਲੰਧਰ ਦੇ ਪੱਛਮੀ ਹਲਕੇ ਤੋਂ ਵਿਧਾਇਕ ਸ਼ੀਤਲ ਅੰਗੂਰਾਲ ਨੂੰ ਵੱਡਾ ਝਟਕਾ ਲੱਗਾ, ਜਦੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾ ਵੱਲੋਂ ਦਿੱਤਾ ਅਸਤੀਫਾ ਮਨਜ਼ੂਰ ਕਰ ਲਿਆ। ਸਪੀਕਰ ਦੇ ਦਫਤਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਅਸਤੀਫਾ 30 ਮਈ ਨੂੰ ਹੀ ਮਨਜ਼ੂਰ ਕਰ ਲਿਆ ਗਿਆ ਸੀ। ਅੰਗੂਰਾਲ ਨੇ ਐਤਵਾਰ ਕਿਹਾ ਸੀ ਕਿ ਉਨ੍ਹਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿੱਤਾ ਅਸਤੀਫਾ ਵਾਪਸ ਲੈ ਲਿਆ ਹੈ ਤੇ ਇਸ ਬਾਰੇ ਸਪੀਕਰ ਨੂੰ ਪੱਤਰ ਵੀ ਲਿਖ ਦਿੱਤਾ ਹੈ। ਅੰਗੂਰਾਲ ਭਾਜਪਾ ਤੋਂ ਆਪ ਵਿਚ ਆ ਕੇ ਵਿਧਾਇਕ ਬਣੇ ਸਨ, ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਸਤੀਫਾ ਦੇ ਕੇ ਭਾਜਪਾ ਵਿਚ ਚਲੇ ਗਏ ਸਨ। ਹੁਣ ਅੰਗੂਰਾਲ ਨੇ ਕਿਹਾ ਕਿ ਅਸਤੀਫਾ ਵਾਪਸ ਲੈਣ ਦਾ ਉਨ੍ਹਾ ਨੂੰ ਜਮਹੂਰੀ ਹੱਕ ਸੀ, ਪਰ ਹੁਣ ਉਹ ਸਪੀਕਰ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੈਲਿੰਜ ਕਰਨਗੇ।



## ਦਲਾਈਲਾਮਾ ਅਮਰੀਕਾ ਜਾਣਗੇ

**ਧਰਮਸ਼ਾਲਾ** : ਤਿੱਬਤੀ ਅਧਿਆਤਮਕ ਨੇਤਾ ਦਲਾਈਲਾਮਾ ਗੋਡਿਆਂ ਦੇ ਇਲਾਜ ਲਈ ਅਮਰੀਕਾ ਜਾ ਰਹੇ ਹਨ। ਉਨ੍ਹਾ ਦੇ ਦਫਤਰ ਨੇ ਦੱਸਿਆ ਕਿ 20 ਜੂਨ ਤੋਂ ਅਗਲੇ ਨੋਟਿਸ ਤੱਕ ਉਨ੍ਹਾ ਦੇ ਕੋਈ ਰੁਝੇਵੇਂ ਨਿਰਧਾਰਤ ਨਹੀਂ ਕੀਤੇ ਜਾਣਗੇ।

## ਭਾਰਤੀ ਵਿਦਿਆਰਥਣ ਲਾਪਤਾ



**ਹਿਊਸਟਨ** : ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਸਟੇਟ ਯੂਨੀਵਰਸਿਟੀ ਸੈਨ ਬਰਨਾਰਡੀਨੋ ਦੀ 23 ਸਾਲਾ ਵਿਦਿਆਰਥਣ ਨਿਤਿਸ਼ਾ ਕੰਧੂਲਾ 28 ਮਈ ਤੋਂ ਲਾਪਤਾ ਹੈ ਅਤੇ ਪੁਲਸ ਨੇ ਉਸ ਨੂੰ ਲੱਭਣ ਲਈ ਲੋਕਾਂ ਦੀ ਮਦਦ ਮੰਗੀ ਹੈ। ਉਸ ਨੂੰ ਆਖਰੀ ਵਾਰ ਲਾਸ ਏਂਜਲਜ਼ 'ਚ ਦੇਖਿਆ ਗਿਆ ਸੀ ਅਤੇ 30 ਮਈ ਨੂੰ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਸੀ।

## ਚੀਨੀ ਅਖਬਾਰ ਨੂੰ ਮੋਦੀ ਤੋਂ ਆਸ

**ਨਵੀਂ ਦਿੱਲੀ** : ਚੀਨ ਸਰਕਾਰ ਦੇ ਅਖਬਾਰ ਗਲੋਬਲ ਟਾਈਮਜ਼ ਨੇ ਇਕ ਲੇਖ ਵਿਚ ਕਿਹਾ ਹੈ ਕਿ ਜੇ ਇਕ ਵਾਰ ਫਿਰ ਮੋਦੀ ਸਰਕਾਰ ਬਣੀ ਤਾਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿਚ ਨਾ ਸਿਰਫ ਸੁਧਾਰ ਹੋਵੇਗਾ ਸਗੋਂ ਸਰਹੱਦਾਂ 'ਤੇ ਟਕਰਾਅ ਵੀ ਘਟੇਗਾ। ਮੋਦੀ ਦੇ ਤੀਜੀ ਵਾਰ ਆਉਣ ਨਾਲ ਭਾਰਤ ਦੀ ਵਿਦੇਸ਼ ਨੀਤੀ 'ਚ ਹੋਰ ਸੁਧਾਰ ਹੋਵੇਗਾ ਅਤੇ ਇਸ ਦੀ ਭਰੋਸੇਯੋਗਤਾ ਹੋਰ ਵਧੇਗੀ। ਅਖਬਾਰ ਨੇ ਮੋਦੀ ਵੱਲੋਂ ਅਮਰੀਕਾ 'ਚ ਦਿੱਤੀ ਇੰਟਰਵਿਊ ਦਾ ਵੀ ਜ਼ਿਕਰ ਕੀਤਾ ਹੈ, ਜਿਸ ਵਿਚ ਉਨ੍ਹਾ ਕਿਹਾ ਸੀ ਕਿ ਭਾਰਤ ਦੇ ਚੀਨ ਨਾਲ ਚੰਗੇ ਸੰਬੰਧ ਹਨ, ਪਰ ਦੋਵਾਂ ਦੇਸ਼ਾਂ ਨੂੰ ਸਰਹੱਦਾਂ 'ਤੇ ਚੱਲ ਰਹੇ ਸੰਘਰਸ਼ ਨੂੰ ਤੁਰੰਤ ਹੱਲ ਕਰਨਾ ਹੋਵੇਗਾ।

## ਜਾਸੂਸੀ ਦੇ ਦੋਸ਼ 'ਚ ਉਮਰ ਕੈਦ



**ਨਾਗਪੁਰ** : ਜ਼ਿਲ੍ਹਾ ਅਦਾਲਤ ਨੇ ਬ੍ਰਹਮੋਸ ਏਅਰੋਸਪੇਸ ਪ੍ਰਾਈਵੇਟ ਲਿਮਟਿਡ ਦੇ ਸਾਬਕਾ ਇੰਜੀਨੀਅਰ ਨਿਸ਼ਾਂਤ ਅਗਰਵਾਲ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ 'ਤੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਨੂੰ ਭੇਤ ਲੀਕ ਕਰਨ ਦੇ ਦੋਸ਼ ਸਨ। ਅਗਰਵਾਲ ਨੂੰ 14 ਸਾਲ ਦੀ ਸਖਤ ਕੈਦ ਕੱਟਣੀ ਪਵੇਗੀ ਅਤੇ 3,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।

## ਬਿਜਲੀ ਡਿੱਗਣ ਨਾਲ 4 ਮੌਤਾਂ

**ਬਰਹਮਪੁਰ** : ਓਡੀਸ਼ਾ ਦੇ ਗੰਜਮ ਜ਼ਿਲ੍ਹੇ 'ਚ ਅਸਮਾਨੀ ਬਿਜਲੀ ਡਿੱਗਣ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਖਿਡੌਣੇ ਵੇਚ ਰਹੇ ਸਾਹੂ ਅਤੇ ਪ੍ਰਧਾਨ ਨੇ ਹਨੇਰੀ ਅਤੇ ਮੀਂਹ ਦੌਰਾਨ ਪੱਤਾਪੁਰ 'ਚ ਇੱਕ ਦਰੱਖਤ ਹੇਠ ਪਨਾਹ ਲਈ ਸੀ, ਜਦੋਂ ਉਨ੍ਹਾਂ ਉੱਤੇ ਬਿਜਲੀ ਡਿੱਗ ਗਈ।

## ਦੋ ਦਹਿਸ਼ਤਗਰਦ ਹਲਾਕ

**ਸ੍ਰੀਨਗਰ** : ਪੁਲਵਾਮਾ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਲਸ਼ਕਰ-ਏ-ਤਈਬਾ ਦੇ ਦੋ ਦਹਿਸ਼ਤਗਰਦ ਮਾਰੇ ਗਏ। ਆਈ ਜੀ ਵੀ ਕੇ ਬਿਰਧੀ ਨੇ ਦੱਸਿਆ ਕਿ ਨਿਹਾਮਾ ਇਲਾਕੇ 'ਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਦੌਰਾਨ ਗੋਲੀਬਾਰੀ ਹੋਈ, ਜਿਸ 'ਚ ਰਿਆਜ਼ ਡਾਰ ਅਤੇ ਰਈਸ ਡਾਰ ਦੀ ਮੌਤ ਹੋ ਗਈ। ਰਿਆਜ਼ ਡਾਰ ਪਾਬੰਦੀਸ਼ੁਦਾ ਜਥੇਬੰਦੀ ਦਾ ਕਮਾਂਡਰ ਸੀ ਅਤੇ ਕਈ ਮਾਮਲਿਆਂ 'ਚ ਲੋੜੀਂਦਾ ਸੀ। ਉਹ ਕਈ ਸਾਲਾਂ ਤੋਂ ਫਰਾਰ ਚੱਲ ਰਿਹਾ ਸੀ।

## ਸਿਸੋਦੀਆ ਦੀ ਸੁਣਵਾਈ ਅੱਜ

**ਨਵੀਂ ਦਿੱਲੀ** : ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਜ਼ਮਾਨਤ ਅਰਜ਼ੀ 'ਤੇ ਸੁਪਰੀਮ ਕੋਰਟ ਵੱਲੋਂ ਚਾਰ ਜੂਨ ਨੂੰ ਸੁਣਵਾਈ ਕੀਤੀ ਜਾਵੇਗੀ। ਹਾਈ ਕੋਰਟ ਨੇ ਸਿਸੋਦੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ, ਜਿਸ ਤੋਂ ਬਾਅਦ ਸਿਸੋਦੀਆ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ।



ਸਿਸੋਦੀਆ ਨੇ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਦੀ ਵੈੱਬਸਾਈਟ ਅਨੁਸਾਰ ਜਸਟਿਸ ਅਰਵਿੰਦ ਕੁਮਾਰ ਅਤੇ ਸੰਦੀਪ ਮਹਿਤਾ ਦੀ ਬੈਂਚ 4 ਜੂਨ ਨੂੰ ਸੁਣਵਾਈ ਕਰੇਗੀ।

## ਇਮਰਾਨ ਦੋ ਮਾਮਲਿਆਂ 'ਚ ਬਰੀ

**ਇਸਲਾਮਾਬਾਦ** : ਪਾਕਿਸਤਾਨ ਦੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾ ਦੀ ਪਾਰਟੀ ਦੇ ਹੋਰ ਪ੍ਰਮੁੱਖ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਦੇ ਕਥਿਤ ਮਾਮਲੇ ਵਿਚ ਗ੍ਰਿਫਤਾਰੀ ਤੋਂ ਬਾਅਦ 2022 ਵਿਚ ਇਕ ਰੋਸ ਮਾਰਚ ਦੌਰਾਨ ਭੰਨਤੋੜ ਨਾਲ ਸੰਬੰਧਤ ਦੋ ਮਾਮਲਿਆਂ ਵਿਚ ਬਰੀ ਕਰ ਦਿੱਤਾ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ 71 ਸਾਲਾ ਬਾਨੀ ਇਮਰਾਨ ਅਪਰੈਲ 2022 ਵਿਚ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਉਨ੍ਹਾ 'ਤੇ ਲਗਾਏ ਗਏ ਲਗਪਗ 200 ਮਾਮਲਿਆਂ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪਿਛਲੇ ਸਾਲ ਅਗਸਤ ਤੋਂ ਜੇਲ੍ਹ ਵਿਚ ਹਨ। ਐੱਕਸਪ੍ਰੈੱਸ ਟ੍ਰਿਬਿਊਨ ਅਖਬਾਰ ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਖਾਨ, ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ, ਸਾਬਕਾ ਸੰਚਾਰ ਮੰਤਰੀ ਮੁਰਾਦ ਸਈਦ ਅਤੇ ਹੋਰ ਪਾਰਟੀ ਨੇਤਾਵਾਂ ਨੂੰ 'ਹਕੀਕੀ ਅਜ਼ਾਦੀ' ਮਾਰਚ ਦੌਰਾਨ ਭੰਨਤੋੜ ਦੇ ਦੋ ਮਾਮਲਿਆਂ 'ਚ ਬਰੀ ਕਰ ਦਿੱਤਾ ਹੈ।



## ਅੱਜ-ਨਾਮਾ

ਨਿਕਲੀ ਚੋਣ, ਸਰਕਾਰ ਦਾ ਫਿਕਰ ਲੱਥਾ,
ਲੱਗੀ ਲੋਕਾਂ 'ਤੇ ਪਾਉਣ ਉਹ ਭਾਰ ਮੀਆਂ।
ਦੁੱਧ ਦੇ ਰੇਟ ਵੀ ਵਧੇ ਕੁਝ ਡੇਅਰੀਆਂ ਦੇ,
ਵਧੇ ਆ ਟੋਲ ਪਲਾਜ਼ੇ ਛਾਲਾਂ ਮਾਰ ਮੀਆਂ।
ਟੋਲ ਪਲਾਜ਼ੇ ਜਾਂ ਡੇਅਰੀਆਂ ਹੋਣ ਬੇਸ਼ੱਕ,
ਮਾਲਕ ਇਨ੍ਹਾਂ ਦੀ ਆਪ ਸਰਕਾਰ ਮੀਆਂ।
ਅਗਲੀ ਵਾਰੀ ਤੱਕ ਮਾਰਨਗੇ ਲੋਕ ਚੀਕਾਂ,
ਆਉਣੀ ਕੰਮ ਨਹੀਂ ਚੀਕ-ਪੁਕਾਰ ਮੀਆਂ।
ਪਾਈਆਂ ਵੋਟਾਂ ਦੀ ਗਿਣਤੀ ਨਾ ਹੋਈ ਹਾਲੇ,
ਅੱਥਰੂ ਵੋਟਰਾਂ ਦੇ ਲੱਗੇ ਆ ਵਹਿਣ ਮੀਆਂ।
ਹਰ ਇੱਕ ਚੋਣ ਪਿੱਛੋਂ ਹੁੰਦਾ ਇੰਜ ਰਹਿੰਦਾ,
ਲੱਗਿਆ ਯਾਦ ਨਾ ਕਿਸੇ ਨੂੰ ਰਹਿਣ ਮੀਆਂ।

-ਤੀਸ ਮਾਰ ਖਾਂ

## ਨਤੀਜੇ ਐਗਜ਼ਿਟ ਪੋਲ ਦੇ ਉਲਟ ਨਿਕਲਣਗੇ : ਸੋਨੀਆ

**ਨਵੀਂ ਦਿੱਲੀ** : ਕਾਂਗਰਸੀ ਆਗੂ ਸੋਨੀਆ ਗਾਂਧੀ ਨੇ ਸੋਮਵਾਰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਪੂਰੀ ਉਮੀਦ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਐਗਜ਼ਿਟ ਪੋਲ ਦੇ ਬਿਲਕੁਲ ਉਲਟ ਹੋਣਗੇ। ਮੰਗਲਵਾਰ ਨੂੰ ਐਲਾਨੇ ਜਾਣ ਵਾਲੇ ਨਤੀਜਿਆਂ ਤੋਂ ਉਨ੍ਹਾਂ ਦੀਆਂ ਉਮੀਦਾਂ ਬਾਰੇ ਪੁੱਛੇ ਜਾਣ 'ਤੇ ਸੋਨੀਆ ਗਾਂਧੀ ਨੇ ਕਿਹਾ—ਸਾਨੂੰ ਇੰਤਜ਼ਾਰ ਕਰਨਾ ਪਏਗਾ, ਬੱਸ ਇੰਤਜ਼ਾਰ ਕਰੋ ਅਤੇ ਵੇਖੋ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਇੱਥੇ ਡੀ ਐੱਮ ਕੇ ਦਫਤਰ 'ਚ ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਐੱਮ ਕਰੁਣਾਨਿਧੀ ਨੂੰ ਉਨ੍ਹਾ ਦੀ 100ਵੀਂ ਜਨਮ ਵਰ੍ਹੇਗੰਢ 'ਤੇ ਸ਼ਰਧਾਂਜਲੀ ਭੇਟ ਕਰਨ ਦੇ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਇਹ ਟਿੱਪਣੀ ਕੀਤੀ।





# ਆਪਣਿਆਂ ਨੇ ਹੀ ਪਾਏ ਭਾਜਪਾ ਉਮੀਦਵਾਰ ਦੀ ਬੇੜੀ 'ਚ ਵੱਟੇ!

## ਫੰਡ ਲਏ ਗਏ, ਪਰ ਖਰਚ ਨਹੀਂ ਕੀਤਾ



ਮਲੋਟ (ਗੁਰਮੀਤ ਸਿੰਘ ਮੱਕੜ)
ਬੀਤੀ ਇੱਕ ਜੂਨ ਨੂੰ 13 ਲੋਕ ਸਭਾ ਸੀਟਾਂ 'ਤੇ ਵੋਟਾਂ ਪਈਆਂ, ਜਿਸ ਵਿੱਚ ਫਿਰੋਜ਼ਪੁਰ ਤੋਂ ਭਾਜਪਾ ਪਾਰਟੀ ਦੇ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਸਨ, ਜਿਨ੍ਹਾਂ ਨੂੰ ਭਾਜਪਾ ਦੇ ਸਥਾਨਕ ਆਗੂਆਂ ਦੇ ਗਰੁੱਪਾਂ ਦੇ ਆਪਸ ਵਿੱਚ ਤਾਲਮੇਲ ਨਾ ਹੋਣ ਕਾਰਨ ਭਾਜਪਾ ਨੂੰ ਬਹੁਤ ਘੱਟ ਵੋਟਾਂ ਪਈਆਂ। ਭਾਜਪਾ ਦੇ ਟਕਸਾਲੀ ਵਰਕਰਾਂ ਦਾ ਦੋਸ਼ ਸੀ ਕਿ ਉਨ੍ਹਾਂ ਨੂੰ ਕਿਸੇ ਸਮਾਗਮ ਦਾ ਕੋਈ ਸੁਨੇਹਾ ਨਹੀਂ ਲਗਾਇਆ ਗਿਆ ਅਤੇ ਸਾਰਾ ਸਥਾਨਕ ਸੀਨੀਅਰ ਆਗੂ 'ਤੇ ਛੱਡ ਦਿੱਤਾ ਗਿਆ ਅਤੇ ਸੀਨੀਅਰ ਆਗੂ ਵੱਲੋਂ ਇਸ ਸਬੰਧੀ ਲੱਖਾਂ ਰੁਪਏ ਦੇ ਫੰਡ ਉਮੀਦਵਾਰ ਤੋਂ ਲਏ ਗਏ, ਪ੍ਰੰਤੂ ਇਕੱਠ ਕਰਨ ਵਿੱਚ ਉਹ ਅਸਫ਼ਲ ਰਹੇ, ਜਿਸ ਦੀ ਮਿਸਾਲ ਭਾਜਪਾ ਵੱਲੋਂ ਸਥਾਨਕ ਗਾਂਧੀ ਚੌਕ ਵਿੱਚ ਕੀਤੀ ਗਈ ਰੈਲੀ ਤੋਂ ਬਾਅਦ ਕਿਸੇ ਨਿੱਜੀ ਹੋਟਲ ਵਿੱਚ ਸੱਦੀ ਗਈ ਮੀਟਿੰਗ ਤੋਂ ਬਾਅਦ ਰਾਤ ਦੇ ਖਾਣੇ ਦਾ ਬਿੱਲ ਵੀ ਵਰਕਰਾਂ ਨੂੰ ਆਪਣੇ ਪੱਲਿਓਂ ਦੇਣਾ ਪਿਆ, ਜਿਸ ਤੋਂ ਬਾਅਦ ਵਰਕਰਾਂ ਵੱਲੋਂ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਪਾਈ ਗਈ ਕਿ ਉਨ੍ਹਾਂ ਦੇ ਰਾਤ ਦੇ ਖਾਣੇ ਦੇ ਬਿੱਲ ਦਾ ਭੁਗਤਾਨ ਕਰਨ ਤੋਂ ਨਾਂਹ ਕਰ ਦਿੱਤੀ ਗਈ।

ਇੱਕ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਖੁਲਾਸਾ ਕੀਤਾ ਕਿ ਭਾਜਪਾ ਦੇ ਉਮੀਦਵਾਰ ਵੱਲੋਂ ਕਾਗਜ਼ ਦਾਖਲ ਕਰਨ ਲਈ ਮਲੋਟ ਤੋਂ ਭਾਰੀ ਗਿਣਤੀ ਵਿੱਚ ਵਰਕਰ ਤੇ ਵਾਹਨ ਲੈ ਕੇ ਪਹੁੰਚਣ ਦੀ ਅਪੀਲ ਕੀਤੀ ਗਈ, ਜਿਸ ਦੇ ਲਈ ਆਗੂਆਂ ਵੱਲੋਂ ਲੱਖਾਂ ਰੁਪਏ ਦੇ ਫ਼ੰਡ ਮੰਗੇ ਗਏ। ਫੰਡ ਮੁਹੱਈਆ ਕਰਵਾਉਣ ਤੋਂ ਬਾਅਦ ਵੀ ਨਾ ਭਾਰੀ ਗਿਣਤੀ ਵਿੱਚ ਵਰਕਰ ਪਹੁੰਚੇ ਅਤੇ ਨਾ ਹੀ ਵਾਹਨ, ਜਿਸ ਤੋਂ ਬਾਅਦ ਉਮੀਦਵਾਰ ਨੂੰ ਆਪਣੇ ਇੱਕ ਨਜ਼ਦੀਕੀ ਰਿਸ਼ਤੇਦਾਰ ਨੂੰ ਦਿੱਲੀ ਤੋਂ ਬੁਲਾ ਕੇ ਦਫ਼ਤਰ ਦਾ ਚਾਰਜ ਦਿੱਤਾ ਗਿਆ। ਇਸ ਤੋਂ ਇਲਾਵਾ ਸ਼ਹਿਰ ਵਿੱਚ ਚੋਣ ਬੂਥਾਂ ਲਈ ਪ੍ਰਤੀ ਬੂਥ ਹਜ਼ਾਰਾਂ ਰੁਪਏ ਦਿੱਤੇ ਗਏ, ਜਿਨ੍ਹਾਂ ਦੀ ਗਿਣਤੀ ਲਗਭਗ 60 ਬੂਥਾਂ ਦੀ ਸੀ, ਪ੍ਰੰਤੂ 20 ਬੂਥ ਹੀ ਲਗਾਏ ਗਏ। ਆਟੋ ਰਿਕਸ਼ਿਆਂ ਦਾ ਫੰਡ, ਖਾਣ-ਪੀਣ ਦਾ ਫੰਡ ਸਭ ਖੁਰਦ-ਬੁਰਦ ਕਰ ਦਿੱਤੇ ਗਏ। ਅਕਾਲੀ ਦਲ ਤੋਂ ਭਾਜਪਾ ਵਿੱਚ ਸ਼ਾਮਲ ਹੋਏ ਇੱਕ ਆਗੂ 'ਤੇ ਵੀ ਭਾਜਪਾ ਵਰਕਰਾਂ ਨੂੰ ਗਰੁੱਪਾਂ ਵਿੱਚ ਵੰਡਣ ਦਾ ਗੰਭੀਰ ਦੋਸ਼ ਲਗਾਇਆ ਗਿਆ। ਆਉਣ ਵਾਲੇ ਸਮੇਂ ਵਿੱਚ ਇਹ ਭੇਦ ਖੁੱਲ੍ਹ ਕੇ ਵੀ ਸਾਹਮਣੇ ਆਉਣਗੇ ਕਿ ਆਗੂਆਂ ਵੱਲੋਂ ਮੀਡੀਆ ਨੂੰ ਫੰਡ ਦੇਣ ਦਾ ਖਰਚਾ ਪਾਇਆ ਗਿਆ।

# ਖਾਲਸਾ ਚੌਕ ਦੇ ਕਿਰਤੀ ਮਜ਼ਦੂਰਾਂ ਨੇ ਲਗਾਈ ਛਬੀਲ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਅੱਤ ਦੀ ਪੈ ਰਹੀ ਗਰਮੀ ਤੋਂ ਰਾਹਤ ਦਿਵਾਉਣ ਲਈ ਪੰਜਾਬ ਭਰ ਵਿੱਚ ਸ਼ਹੀਦਾਂ ਦੀ ਧਰਤੀ ਨੂੰ ਨਮਨ ਕਰਦਿਆਂ ਛਬੀਲਾਂ ਲਗਾਈਆਂ ਜਾ ਰਹੀਆਂ ਹਨ। ਮਾਛੀਵਾੜਾ ਸਾਹਿਬ ਸਥਿਤ ਖਾਲਸਾ ਚੌਕ ਨਜ਼ਦੀਕ ਮੋਟਰਸਾਈਕਲ ਰੇਹੜੇ, ਰਿਕਸ਼ੇ ਤੇ ਹੋਰ ਵੱਖ ਵੱਖ ਹੱਥੀਂ ਕਿਰਤ ਕਰਨ ਵਾਲਿਆਂ ਨੇ ਇਕੱਠੇ ਹੋ ਕੇ ਛਬੀਲ ਲਗਾਈ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅੱਤ ਦੀ ਪੈ ਰਹੀ ਗਰਮੀ ਨੇ ਲੋਕਾਂ ਦਾ ਜੀਉਣਾ ਦੁੱਭਰ ਕੀਤਾ ਹੋਇਆ ਹੈ।ਅਜਿਹੇ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਕੁਝ ਸਮੇਂ ਲਈ ਜ਼ਰੂਰ ਰਾਹਤ ਪ੍ਰਦਾਨ ਕਰਦੀ ਹੈ।ਖਾਲਸਾ ਚੌਕ ਵਿੱਚ ਲੱਗੀ ਇਸ ਛਬੀਲ 'ਤੇ ਸਾਰਾ ਦਿਨ ਭਾਰੀ ਇਕੱਠ ਰਿਹਾ। ਸ਼ਹਿਰ ਨਿਵਾਸੀਆਂ ਤੇ ਆਉਣ-ਜਾਣ ਵਾਲੇ ਰਾਹਗੀਰਾਂ ਨੇ ਰੋਕ ਕੇ ਇਸ ਛਬੀਲ ਦਾ ਆਨੰਦ ਲਿਆ, ਉੱਥੇ ਹੀ ਕਿਰਤੀ ਮਜ਼ਦੂਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਸੋਨੀ, ਸਤਨਾਮ ਸਿੰਘ, ਅਮਨਦੀਪ ਸਿੰਘ, ਸੋਨੀ, ਬੱਬੂ, ਸੰਤੋਖ ਸਿੰਘ, ਬਲਵੀਰ ਸਿੰਘ, ਅਵਤਾਰ ਸਿੰਘ, ਦਰਸ਼ਦੀਪ, ਅਵਤਾਰ ਸਿੰਘ, ਰਾਜੂ ਤੇ ਸੋਨੀ ਆਦਿ ਹਾਜ਼ਰ ਸਨ।

# ਸਾਹਿਤ ਦੇ ਅਦੀਬਾਂ ਨੇ ਹਮਦਰਦਵੀਰ ਨੌਸ਼ਹਿਰਵੀ ਨੂੰ ਬਰਸੀ ਮੌਕੇ ਕੀਤਾ ਯਾਦ



ਸਮਰਾਲਾ (ਸੁਰਜੀਤ ਸਿੰਘ)
ਪੰਜਾਬੀ ਦੇ ਨਾਮਵਰ ਲੇਖਕ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੂੰ ਅਦੀਬਾਂ ਨੇ ਉਨ੍ਹਾਂ ਦੀ ਚੌਥੀ ਬਰਸੀ ਮੌਕੇ ਹਮਦਰਦਵੀਰ ਨੌਸ਼ਹਿਰਵੀ ਯਾਦਗਾਰੀ ਕਮੇਟੀ ਦੇ ਬੈਨਰ ਹੇਠ ਕੀਤੀ ਮੀਟਿੰਗ ਦੌਰਾਨ ਯਾਦ ਕੀਤਾ ਗਿਆ।ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬੀ ਦੇ ਉੱਘੇ ਲੇਖਕ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਕੀਤੀ। ਹਾਜ਼ਿਰ ਮੌਜਿਜ਼ ਲੇਖਕਾਂ ਤੇ ਕਾਲਜ ਸਮੇਂ ਉਨ੍ਹਾਂ ਦੇ ਵਿਦਿਆਰਥੀ ਰਹੇ ਲੇਖਕਾਂ ਨੇ ਪ੍ਰੋ. ਨੌਸ਼ਹਿਰਵੀ ਨਾਲ ਗੁਜ਼ਾਰੇ ਆਪਣੇ ਖ਼ੂਬਸੂਰਤ ਪਲ ਬਾਕੀ ਹਾਜ਼ਰ ਵਿਦਵਾਨਾਂ ਦੀ ਮੌਜੂਦਗੀ ਵਿੱਚ ਸਾਂਝੇ ਕੀਤੇ।ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਪ੍ਰੋ. ਨੌਸ਼ਹਿਰਵੀ ਨੇ ਆਪਣੇ ਵਿਦਿਆਰਥੀਆਂ ਤੇ ਆਪਣੀ ਸ਼ਖ਼ਸੀਅਤ ਦੀ ਇੱਕ ਸਦੀਵੀ ਛਾਪ ਛੱਡੀ।ਇਸੇ ਤਰ੍ਹਾਂ ਉਨ੍ਹਾਂ ਆਪਣੀਆਂ ਲਿਖਤਾਂ ਰਾਹੀਂ ਸਮਜਿਕ ਬੁਰਾਈਆਂ ਦੇ ਖਿਲਾਫ ਤਾਉਮਰ ਸੰਘਰਸ਼ ਕੀਤਾ।ਇਸ ਮੌਕੇ ਮਰਹੂਮ ਲੇਖਕ ਦੀ ਯਾਦ ਵਿੱਚ ਪੰਜਾਬੀ ਲੇਖਕਾਂ ਨੂੰ ਪੁਰਸਕਾਰ ਦੇਣ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਮਰਹੂਮ ਲੇਖਕ ਦੇ ਸਾਰੇ ਸਾਹਿਤ ਨੂੰ ਇੱਕ ਗ੍ਰੰਥ ਦੇ ਰੂਪ ਵਿਚ ਸੰਕਲਿਤ ਕਰਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਯਾਦਗਾਰੀ ਕਮੇਟੀ ਦੇ ਸਕੱਤਰ ਹਰਜਿੰਦਰ ਸਿੰਘ ਨੇ ਉਨ੍ਹਾਂ ਦੇ ਜੀਵਨ ਅਤੇ ਲਿਖਤਾਂ ਦਾ ਵਿਸਥਾਰ ਸਹਿਤ ਵੇਰਵਾ ਹਾਜ਼ਰ ਲੇਖਕਾਂ ਨਾਲ ਸਾਂਝਾ ਕਰਦਿਆਂ ਕਿਹਾ ਕਿ ਪ੍ਰੋ ਹਮਦਰਦਵੀਰ ਨੌਸ਼ਹਿਰਵੀ ਦਾ ਜਨਮ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਨੌਸ਼ਹਿਰਾ ਪਨੂੰਆਂ ਦੇ ਪਿਤਾ ਉੱਤਮ ਸਿੰਘ ਤੇ ਮਾਤਾ ਸ਼ਾਮ ਕੋਰ ਦੇ ਘਰ ਹੋਇਆ। ਉਹਨਾਂ ਪ੍ਰੋ ਨੌਸ਼ਹਿਰਵੀ ਹੁਰਾਂ ਵੱਲੋਂ ਰਚੇ ਸਾਹਿਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਹਾਣੀ ਸੰਗ੍ਰਹਿ 'ਧੁੱਪ ਉਜਾੜ ਤੇ ਰਾਹਗੀਰ', 'ਖੰਡਿਤ ਮਨੁੱਖ ਦੀ ਕਥਾ', 'ਸਲੀਬ ਉਤੇ ਟੰਗਿਆ ਮਨੁੱਖ', 'ਬਰਫ਼ ਦੇ ਆਦਮੀ ਤੇ ਸੂਰਜ', 'ਨਿੱਕੇ ਨਿੱਕੇ ਹਿਟਲਰ', 'ਨੀਰੋ ਬੰਸਰੀ ਵਜਾ ਰਿਹਾ ਸੀ', 'ਕਹਾਣੀ ਅਜੇ ਮੁੱਕੀ ਨਹੀਂ', 'ਮੇਰੇ ਹਿੱਸੇ ਦਾ ਆਸਮਾਨ', 'ਬੰਦੇ ਅਤੇ ਖੰਬੇ', 'ਡਾਚੀ ਵਾਲਿਆ ਮੋੜ ਮੁਹਾਰ', 'ਗਵਾਚ ਗਏ ਟਾਪੂਆਂ ਦੀ ਤਲਾਸ਼', 'ਤੁਰਾ ਮੈਂ ਨਦੀ ਦੇ ਨਾਲ ਨਾਲ', ਕਾਵਿ ਸੰਗ੍ਰਹਿ 'ਧਰਤੀ ਭਰੇ ਹੁੰਗਾਰਾ', 'ਤਪਦੇ ਥਲ ਨੰਗੇ ਪੈਰ', 'ਚਟਾਨ ਤੇ ਕਿਸ਼ਤੀ', 'ਫੇਰ ਆਈ ਬਾਬਰਵਾਣੀ', 'ਧੁੱਪੇ ਖੜ੍ਹਾ ਆਦਮੀ', ਵਾਰਤਕ ਆਧੁਨਿਕ ਸਾਹਿਤਕ ਅਨੁਭਵ, 'ਮੇਰੀ ਸਰਦਲ ਦੇ ਦੀਵੇ', ਸਵੈ ਜੀਵਨੀ 'ਕਾਲੇ ਲਿਖੁ ਨਾ ਲੇਖ' ਆਦਿ 'ਤੇ ਵਿਚਾਰ ਚਰਚਾ ਕੀਤੀ ਗਈ।ਸ਼ੋਕ ਮੀਟਿੰਗ ਵਿੱਚ ਇਲਾਕੇ ਦੀਆਂ ਵਿਦਵਾਨ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

## ਕਾਤਰਾਂ

### ਗਿਣਤੀ ਕੇਂਦਰ ਦੇ 200 ਮੀਟਰ ਘੇਰੇ 'ਚ ਵਾਹਨ ਲੈ ਕੇ ਜਾਣ 'ਤੇ ਪਾਬੰਦੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਮੈਜਿਸਟ੍ਰੇਟ ਡਾ: ਸੇਨੂ ਦੁੱਗਲ ਵੱਲੋਂ ਫਾਜ਼ਿਲਕਾ ਤੇ ਅਬੋਹਰ ਵਿਖੇ ਬਣੇ ਗਿਣਤੀ ਕੇਂਦਰਾਂ ਦੇ 200 ਮੀਟਰ ਦੇ ਘੇਰੇ ਵਿੱਚ ਵਾਹਨ ਲੈ ਕੇ ਜਾਣ 'ਤੇ ਪਾਬੰਦੀ ਲਗਾਈ ਹੈ।ਉਨ੍ਹਾਂ ਨੇ ਹਦਾਇਤ ਕੀਤੀ ਹੈ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਗਿਣਤੀ ਕੇਂਦਰ ਦੇ 200 ਮੀਟਰ ਦੇ ਘੇਰੇ ਅੰਦਰ ਕੇਵਲ ਚੋਣ ਦਫ਼ਤਰਾਂ ਤੋਂ ਜਾਰੀ ਪਾਸ ਹੋਲਡਰ ਲੋਕ ਹੀ ਪੈਦਲ ਜਾ ਸਕਦੇ ਹਨ।ਹੁਕਮਾਂ ਦੀ ਉਲੰਘਣਾ ਕਰਨ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਜ਼ਿਕਰਯੋਗ ਹੈ ਕਿ ਅਬੋਹਰ ਤੇ ਬੱਲੂਆਣਾ ਦੀਆਂ ਵੋਟਾਂ ਦੀ ਗਿਣਤੀ ਡੀਏਵੀ ਕਾਲਜ ਕੈਂਪਸ ਵਿੱਚ ਅਤੇ ਫਾਜ਼ਿਲਕਾ ਤੇ ਜਲਾਲਾਬਾਦ ਦੀ ਗਿਣਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਵਿਖੇ ਹੋ ਰਹੀ ਹੈ।

### ਬਾਬਾ ਬਾਲਕ ਨਾਥ ਦੇ ਜਨਮ ਦਿਨ 'ਤੇ ਧਾਰਮਿਕ ਪ੍ਰੋਗਰਾਮ ਕਰਾਇਆ



**ਪਟਿਆਲਾ (ਪੱਤਰ ਪ੍ਰੇਰਕ)**-ਪਟਿਆਲਾ ਦੇ ਪ੍ਰਸਿੱਧ ਮੰਦਰ ਸਿੱਧ ਬਾਬਾ ਬਾਲਕ ਨਾਥ ਮੰਦਰ ਵੱਡੀ ਨਦੀ ਪਾਰ ਪਟਿਆਲਾ ਵਿਖੇ ਬਾਬਾ ਬਾਲਕ ਨਾਥ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਧਾਰਮਿਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਰੀਨਾ ਰਾਣਾ ਨੇ ਭਜਨ 'ਮੇਰੇ ਜੋਗੀ ਦਾ ਚਿਮਟਾ ਚਿਮਟਾ' ਗਾ ਕੇ ਪਟਿਆਲਵੀਆਂ ਨੂੰ ਨੱਚਣ ਲਾ ਦਿੱਤਾ। ਬਾਬਾ ਜੀ ਦੇ ਭਗਤ ਸੰਜੀਵ ਹੈਪੀ ਨੇ ਵੀ ਭਜਨ 'ਤੇਰੇ ਨਾਮ ਦਾ ਧੂਣਾ ਲਾਇਆ' ਅਤੇ 'ਮੋਰ ਸਵਾਰੀ ਕਰਕੇ ਆ'ਜਾ ਹੱਥ ਵਿੱਚ ਚਿਮਟਾ ਫੜ ਕੇ ਆ'ਜਾ' ਧਾਰਮਿਕ ਭਜਨਾਂ ਨਾਲ ਹਾਜ਼ਰੀ ਲਵਾਈ।ਸਮਾਜ ਸੇਵਕ ਹਰਨੇਕ ਮਹਿਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਦੇ ਅਖੀਰ ਵਿੱਚ ਕੇਕ ਕੱਟ ਕੇ ਸਾਰੇ ਆਏ ਹੋਏ ਸ਼ਰਧਾਲੂਆਂ ਨੂੰ ਵਰਤਾਇਆ ਗਿਆ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਕਸ਼ਮੀਰੀ, ਬਾਲ ਦੀਪਕ, ਸ਼ਾਮ ਲਾਲ, ਮੋਹਿਤ, ਕੁਲਵੰਤ ਕੌਰ, ਪੂਨਮ ਸ਼ਰਮਾ, ਨੀਤਾ ਰਾਣੀ, ਜਸਵਿੰਦਰ ਜੱਸੀ, ਗੁਰਮੀਤ ਕੌਰ, ਸੁਤੰਤਰ ਸ਼ਰਮਾ, ਪ੍ਰੀਤੀ ਆਦਿ ਹਾਜ਼ਰ ਸਨ।ਅਖੀਰ ਵਿੱਚ ਆਏ ਭਗਤਾਂ ਦਾ ਮੋਹਿਤ ਕੁਮਾਰ ਵੱਲੋਂ ਧੰਨਵਾਦ ਕੀਤਾ ਗਿਆ।

### ਕਾਊਂਟਿੰਗ ਸਟਾਫ ਦੀ ਦੂਸਰੀ ਰੈਂਡੇਮਾਈਜੇਸ਼ਨ ਕਾਊਂਟਿੰਗ ਅਬਜ਼ਰਵਰਾਂ ਦੀ ਨਿਗਰਾਨੀ ਹੇਠ ਹੋਈ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਲੋਕ ਸਭਾ ਚੋਣਾਂ 2024 ਦੌਰਾਨ ਪੈਣ ਵਾਲੀਆਂ ਵੋਟਾਂ ਦੀ ਗਿਣਤੀ ਲਈ ਲਗਾਏ ਜਾਣ ਵਾਲੇ ਕਾਊਂਟਿੰਗ ਸਟਾਫ ਦੀ ਦੂਸਰੀ ਰੈਂਡੇਮਾਈਜੇਸ਼ਨ ਅਬੋਹਰ ਤੇ ਬਲੂਆਣਾ ਹਲਕੇ ਲਈ ਤਾਇਨਾਤ ਕਾਊਂਟਿੰਗ ਅਬਜ਼ਰਵਰ ਪੂਨਮ ਮਹਿਤਾ ਅਤੇ ਫਾਜ਼ਿਲਕਾ ਤੇ ਜਲਾਲਾਬਾਦ ਹਲਕੇ ਲਈ ਬੁਪੋਈ ਪੁਰੋਇਕ ਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਦੀ ਨਿਗਰਾਨੀ ਵਿੱਚ ਚੋਣ ਕਮਿਸ਼ਨ ਦੇ ਸਾਫਟਵੇਅਰ ਰਾਹੀਂ ਕੀਤੀ ਗਈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਹਰੇਕ ਵਿਧਾਨ ਸਭਾ ਹਲਕੇ ਵਿੱਚ 14-14 ਗਿਣਤੀ ਟੇਬਲ ਲੱਗਣਗੇ।ਹਰੇਕ ਟੇਬਲ 'ਤੇ ਇੱਕ ਕਾਊਂਟਿੰਗ ਸੁਪਰਵਾਇਜ਼ਰ, ਇੱਕ ਮਾਇਕ੍ਰੋ ਅਬਜ਼ਰਵਰ ਤੇ ਇੱਕ ਸਹਾਇਕ ਤਾਇਨਾਤ ਹੋਵੇਗਾ।ਇਸ ਲਈ ਲੋੜੀਂਦੇ ਸਟਾਫ ਦੀ ਜ਼ਰੂਰਤ ਤੋਂ 30 ਫੀਸਦੀ ਵੱਧ ਸਟਾਫ ਦੀ ਗਿਣਤੀ ਜੋੜ ਕੇ ਉਕਤ ਮੰਗ ਅਨੁਸਾਰ ਦੂਸਰੀ ਰੈਂਡੇਮਾਈਜੇਸ਼ਨ ਨਾਲ ਸਟਾਫ ਦੀ ਵੰਡ ਕੀਤੀ ਗਈ ਹੈ। ਫਾਜ਼ਿਲਕਾ ਜ਼ਿਲ੍ਹੇ ਵਿੱਚ ਫਾਜ਼ਿਲਕਾ ਤੇ ਜਲਾਲਾਬਾਦ ਹਲਕੇ ਦੀ ਗਿਣਤੀ ਫਾਜ਼ਿਲਕਾ ਵਿਖੇ ਅਤੇ ਅਬੋਹਰ ਤੇ ਬੱਲੂਆਣਾ ਦੀ ਗਿਣਤੀ ਅਬੋਹਰ ਵਿਖੇ ਹੋਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਅਮਰਿੰਦਰ ਸਿੰਘ ਮੱਲ੍ਹੀ, ਐੱਲ ਡੀ ਐੱਮ ਮਨੀਸ਼, ਡੀਟੀਸੀ ਮਨੀਸ਼ ਠੁਕਰਾਲ ਹਾਜ਼ਰ ਸਨ।

# ਬੀ ਕੇ ਯੂ ਤੋਤੇਵਾਲ ਨੇ ਜਬਰੀ ਟੋਲ ਵਸੂਲੀ ਤੇ ਰੇਟਾਂ 'ਚ ਵਾਧੇ ਵਿਰੁੱਧ ਚੱਕ ਬਾਹਮਣੀਆਂ ਟੋਲ ਕੀਤਾ ਅਣਮਿੱਥੇ ਸਮੇਂ ਲਈ ਫਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਐੱਨ ਐੱਚ 703 ਰੋਡ ਦੇ ਸਬੰਧ ਵਿੱਚ ਕਈ ਵਾਰ ਐੱਨ ਐੱਚ ਆਈ ਏ ਦੇ ਮੇਨ ਦਫਤਰ ਜਲੰਧਰ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪ ਚੁੱਕੇ ਹਾਂ। ਇਨ੍ਹਾਂ ਦੇ ਨਾਲ-ਨਾਲ ਐੱਸ ਡੀ ਐੱਮ ਸ਼ਾਹਕੋਟ, ਮੈਨੇਜਰ ਚੱਕ ਬਾਹਮਣੀਆਂ ਟੋਲ ਪਲਾਜਾ ਨੂੰ ਵੀ ਮੰਗ ਪੱਤਰ ਦੇ ਚੁੱਕੇ ਹਾਂ ਅਤੇ ਇਸ ਤੋਂ ਇਲਾਵਾ ਲਾਂਬੜਾ, ਸ਼ਾਹਕੋਟ, ਮੋਗਾ-ਬਰਨਾਲਾ ਹਾਈਵੇ 'ਤੇ ਕੋਈ ਵੀ ਲਾਈਟ ਨਹੀਂ ਜਗਦੀ, ਐਂਬੂਲੈਂਸ, ਹਾਈਡਰਾ, ਫਾਇਰਬ੍ਰਿਗੇਡ, ਹਾਈ ਪੈਟਰੋਲਿੰਗ ਦਾ ਕੋਈ ਪ੍ਰਬੰਧ ਨਹੀਂ, ਸੜਕ ਵਿਚਾਲੇ ਲੱਗੇ ਦਰੱਖਤਾਂ ਦੀ ਕਦੇ ਵੀ ਕਾਂਟੀ-ਛਾਂਟੀ ਨਹੀਂ ਕੀਤੀ ਗਈ, ਬਲਕਿ ਪੌਦਿਆਂ ਨੂੰ ਅੱਗ ਲਗਾਈ ਗਈ ਹੈ ਅਤੇ ਬੇਲੋੜੇ ਕੱਟ, ਨਜਾਇਜ਼ ਕਬਜੇ ਅਤੇ ਇਸ 1 ਜੂਨ 2024 ਤੋਂ 2% ਰੇਟ ਵਿੱਚ ਵਾਧਾ ਕੀਤਾ ਗਿਆ ਹੈ। ਇਸ ਸਭ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਨੇ ਅੱਜ ਚੱਕ ਬਾਹਮਣੀਆਂ ਟੋਲ ਪਲਾਜਾ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਹੈ। ਇਸ ਮੌਕੇ ਕੇਵਲ ਸਿੰਘ ਖਹਿਰਾ ਕੌਮੀ ਜਨਰਲ ਸਕੱਤਰ ਪੰਜਾਬ, ਸਾਬ ਢਿੱਲੋਂ ਤੋਤੇਵਾਲਾ, ਲਖਵਿੰਦਰ ਸਿੰਘ ਕਰਮੂੰਵਾਲਾ ਜ਼ਿਲ੍ਹਾ ਪ੍ਰਧਾਨ, ਗੁਰਨਾਮ ਸਿੰਘ ਜਲੰਧਰੀਆ, ਦਵਿੰਦਰ ਸਿੰਘ ਸ਼ਹਿਰੀ ਪ੍ਰਧਾਨ ਕੋਟ ਈਸੇ ਖਾਂ, ਤਜਿੰਦਰ ਸਰਪੰਚ, ਜਸਵੰਤ ਸਿੰਘ ਲੋਹਗੜ੍ਹ, ਪਰਮਜੀਤ ਸਿੰਘ ਗਦਾਈਕੇ, ਚਮਕੌਰ ਸਿੰਘ ਸੀਤੋ, ਲਾਡੀ ਭੱਦਮਾਂ, ਅੰਮ੍ਰਿਤਪਾਲ ਬਾਊਪੁਰ, ਨਿਸ਼ਾਨ ਸਿੰਘ, ਭੁਪਿੰਦਰ ਸਿੰਘ ਹੀਰੋ, ਤਜਿੰਦਰ ਸਿੰਘ ਸਿੱਧਵਾਂ ਬੇਟ, ਗੁਰਜੀਤ ਸਿੰਘ ਭਿੰਡਰ, ਮੰਨਾਂ ਬੱਡੂਵਾਲਾ, ਨਿਰਮਲ ਸਿੰਘ ਇਕਾਈ ਪ੍ਰਧਾਨ, ਰਣਜੀਤ ਚੱਕ ਤਾਰੇਵਾਲਾ, ਤੀਰਥ ਸਿੰਘ ਸਰਪੰਚ ਖਹਿਰਾ, ਨਿਰਵੈਰ ਸਿੰਘ ਮੌਜਗੜ੍ਹ ਬਲਾਕ ਪ੍ਰਧਾਨ ਮੱਖੂ, ਗੁਰਸੇਵਕ ਸਿੰਘ ਜੋਗੇਵਾਲਾ ਸਰਕਲ ਪ੍ਰਧਾਨ, ਰਣਯੋਧ ਸਿੰਘ ਕੋਟ ਈਸੇ ਖਾਂ, ਮਹਿਲ ਸਿੰਘ ਕੋਟ ਈਸੇ ਖਾਂ, ਬੋਹੜ ਸਿੰਘ ਦਾਨੇਵਾਲਾ, ਸਤਨਾਮ ਸਿੰਘ ਦਾਨੇਵਾਲਾ, ਸੁਖਦੇਵ ਸਿੰਘ ਇੰਦਗੜ੍ਹ, ਤਲਵਿੰਦਰ ਗਿੱਲ ਤੋਤੇਵਾਲਾ ਹਾਜ਼ਰ ਸਨ।

# ਜੀ ਆਰ ਐੱਸ ਬਗੀਚਾ ਸਿੰਘ ਦੀ ਬਹਾਲੀ ਲਈ ਮਗਨਰੇਗਾ ਮੁਲਾਜ਼ਮਾਂ ਵੱਲੋਂ ਹੜਤਾਲ ਜਾਰੀ

## ਨਰੇਗਾ ਕਰਮਚਾਰੀਆਂ ਨੇ ਬੀ.ਡੀ.ਪੀ.ਓ. ਦਫਤਰ ਅੱਗੇ ਦਿੱਤਾ ਧਰਨਾ



**ਜਲਾਲਾਬਾਦ (ਜੀਤ ਕੁਮਾਰ)**-ਨਰੇਗਾ ਤਹਿਤ ਬਲਾਕ ਜਲਾਲਾਬਾਦ ਵਿਖੇ ਬਤੌਰ ਗਰਾਮ ਰੋਜ਼ਗਾਰ ਸੇਵਕ ਨੌਕਰੀ ਕਰਦੇ ਬਗੀਚਾ ਸਿੰਘ ਜੀ.ਆਰ.ਐੱਸ ਨੂੰ ਬੀਤੀ 20 ਮਈ 2024 ਤੋਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਵੱਲੋਂ ਬਿਨਾਂ ਪੱਖ ਸੁਣੇ ਤੇ ਬਿਨਾਂ ਕਿਸੇ ਨੋਟਿਸ ਦੇਣ ਤੋਂ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ, ਜਿਸ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਲਈ ਨਰੇਗਾ ਕਰਮਚਾਰੀ ਯੂਨੀਅਨ ਵੱਲੋਂ 21 ਮਈ 2024 ਤੋਂ ਨਰੇਗਾ ਅਧੀਨ ਹੋਣ ਵਾਲੇ ਤਮਾਮ ਕੰਮਾਂ ਦਾ ਮੁਕੰਮਲ ਬਾਈਕਾਟ ਕਰਕੇ ਹੜਤਾਲ ਅਤੇ ਧਰਨਾ ਲਗਾਤਾਰ ਜਾਰੀ ਹੈ। ਅੱਜ ਫਿਰ ਬੀ.ਡੀ.ਪੀ.ਓ. ਦਫਤਰ ਜਲਾਲਾਬਾਦ ਵਿਖੇ ਨਰੇਗਾ ਕਰਮਚਾਰੀਆਂ ਵੱਲੋਂ ਕਹਿਰ ਦੀ ਪੈ ਰਹੀ ਗਰਮੀ ਵਿੱਚ ਧਰਨਾ ਦਿੱਤਾ ਗਿਆ ਅਤੇ ਇਹ ਧਰਨਾ ਅੱਜ 13ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਇਸ ਬਾਰੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਤੇ ਬਲਾਕ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਸਿੱਧੇ ਤੌਰ 'ਤੇ ਮਗਨਰੇਗਾ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਕੀਤੀ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰਾਂ ਦੀ ਵੀ ਜ਼ਿਲ੍ਹਾ ਪ੍ਰਸ਼ਾਸਨ ਅਣਦੇਖੀ ਕਰ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਸਮੂਹ ਨਰੇਗਾ ਮੁਲਾਜ਼ਮਾਂ ਦੀ ਹੜਤਾਲ ਸਿਰਫ ਨਰੇਗਾ ਸਕੀਮ ਦੇ ਕੰਮਾਂ ਪ੍ਰਤੀ ਹੈ ਅਤੇ ਇਹ ਹੜਤਾਲ ਬਗੀਚਾ ਸਿੰਘ ਜੀ.ਆਰ.ਐੱਸ, ਨੂੰ ਬਹਾਲ ਕਰਵਾਉਣ ਤੇ ਦਫਤਰ ਵਿੱਚ ਨਰੇਗਾ ਕਰਮਚਾਰੀਆਂ ਅਤੇ ਲੇਡੀ ਸਟਾਫ ਨਾਲ ਬੁਰਾ ਵਿਹਾਰ ਕਰਨ ਅਤੇ ਡਿਊਟੀ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕਰਵਾਉਣ ਤੱਕ ਨਿਰੰਤਰ ਧਰਨਾ ਬਲਾਕ ਪੱਧਰ 'ਤੇ ਚੱਲਦਾ ਰਹੇਗਾ ਅਤੇ ਲੋੜ ਪੈਣ 'ਤੇ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੰਦੀਪ ਏ.ਪੀ.ਓ, ਸੁਰਿੰਦਰ ਸਿੰਘ, ਗੁਰਮੀਤ ਸਿੰਘ, ਬਗੀਚਾ ਸਿੰਘ, ਸੀਤਲ ਕੰਬੋਜ, ਰਿੰਪੀ ਕੁਮਾਰੀ, ਭੁਪਿੰਦਰ ਕੌਰ, ਪੁਸ਼ਪਾ ਰਾਣੀ, ਜਸਵੀਰ ਸਿੰਘ ਸੀ ਏ, ਰਾਜ ਰਾਣੀ, ਸਾਦੁਲ ਕੁਮਾਰ, ਗੁਰਮੀਤ ਸਿੰਘ, ਮੰਗਤ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ, ਸੁਨੀਲ ਕੰਬੋਜ ਆਦਿ ਹਾਜ਼ਰ ਹੋਏ।

# ਇਲਾਕੇ ਦੀਆਂ ਲਾਇਬ੍ਰੇਰੀਆਂ ਨੂੰ ਸੈਂਕੜੇ ਕਿਤਾਬਾਂ ਭੇਟ



ਲਹਿਰਾਗਾਗਾ (ਪਵਨ ਸ਼ਰਮਾ)
ਹਰ ਪਿੰਡ ਵਿੱਚ ਇੱਕ ਲਾਇਬ੍ਰੇਰੀ ਤੇ ਇੱਕ ਖੇਡ ਸਮੇਂ ਦੀ ਇੱਕ ਅਹਿਮ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਭੁਟਾਲ, ਲੋਕ ਚੇਤਨਾ ਮੰਚ ਦੇ ਸੀਨੀਅਰ ਆਗੂ ਰਘਵੀਰ ਸਿੰਘ ਭੁਟਾਲ, ਲਛਮਣ ਸਿੰਘ ਅਲੀਸ਼ੇਰ ਨੇ ਡਾ. ਦੇਵਰਾਜ ਡੀ.ਏ. ਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਖਾਈ/ਲਹਿਰਾਗਾਗਾ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ ਤੇ ਪ੍ਰਧਾਨ ਲੱਕੀ ਖੋਖਰ, ਕਾਨੂੰਨੀ ਸਲਾਹਕਾਰ ਐਡਵੋਕੇਟ ਅਨਿਰੁੱਧ ਕੌਸ਼ਲ ਵੱਲੋਂ ਆਪਣੇ ਪਰਵਾਰਕ ਮੈਂਬਰਾਂ ਪਿਤਾ ਡਾ. ਦੇਵ ਰਾਜ ਕੌਸ਼ਲ (ਖੋਖਰ), ਮਾਤਾ ਸਵਿਤਰੀ ਦੇਵੀ ਤੇ ਡਾ. ਦਰਸ਼ਨ ਕੌਸ਼ਲ (ਖੋਖਰ) ਦੀ ਬਰਸੀ ਨੂੰ ਸਮਰਪਤ ਇਲਾਕੇ ਦੀਆਂ ਛੇ ਲਾਇਬ੍ਰੇਰੀਆਂ ਸਵਿਤਰੀ ਬਾਈ ਫੂੱਲੇ ਲਾਇਬ੍ਰੇਰੀ ਚੰਗਾਲੀਵਾਲਾ, ਲਾਲ ਸਿੰਘ ਦਿਲ ਯਾਦਗਾਰੀ ਲਾਇਬ੍ਰੇਰੀ ਚੋਟੀਆਂ ਪ੍ਰੋਫੈਸਰ ਨਿਰੰਜਣ ਸਿੰਘ ਯਾਦਗਾਰੀ ਲਾਇਬ੍ਰੇਰੀ ਭੁਟਾਲ ਕਲਾਂ, ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਲਹਿਲ ਕਲਾਂ, ਸ਼ਹੀਦ ਮਾਤਾ ਗੁਰਦੇਵ ਕੌਰ ਯਾਦਗਾਰੀ ਲਾਇਬ੍ਰੇਰੀ ਜਲੂਰ, ਸੰਤ ਨਰਾਇਣ ਗਿਰੀ ਜੀ ਏ ਸੀ ਲਾਇਬ੍ਰੇਰੀ ਭੁਟਾਲ ਕਲਾਂ ਨੂੰ ਪ੍ਰਸਿੱਧ ਲੇਖਕ ਡਾ. ਅਜੀਤ ਪਾਲ ਐਮ.ਡੀ, ਗੁਰਤੇਜ ਸਿੰਘ ਖੋਖਰ (ਕਨੇਡਾ), ਗੁਰਮੇਲ ਭੁਟਾਲ ਭਦੌੜ, ਰਣਧੀਰ ਗਿੱਲ ਪੱਤੀ, ਨਿਰਪ ਸਿੰਘ ਬਲੂ, ਸੇਠ ਮਾਸਟਰ ਦੇਸ਼ ਰਾਜ ਛਾਜਲੀ ਤੋਂ ਇਲਾਵਾ ਹੋਰਨਾਂ ਲੇਖਕਾਂ ਦੀਆਂ ਸੈਂਕੜੇ ਕਿਤਾਬਾਂ ਭੇਟ ਕਰਦੇ ਸਮੇਂ ਇਕੱਤਰ ਵਿਅਕਤੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕੀਤੇ।

ਇਸ ਮੌਕੇ ਚੰਡੀਗੜ੍ਹ ਰਾਜ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਤੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਰਿਟਾਇਰਡ ਜੱਜ ਮਾਨਯੋਗ ਜਸਟਿਸ ਰਾਜ ਸ਼ੇਖਰ ਅੱਤਰੀ ਵੱਲੋਂ ਵੀ ਭੁਟਾਲ ਲਾਇਬ੍ਰੇਰੀ ਨੂੰ ਅਨੇਕਾਂ ਪੁਸਤਕਾਂ ਭੇਜੀਆਂ ਗਈਆਂ।ਇਸ ਮੌਕੇ ਹਾਜ਼ਰ ਸੱਜਣਾਂ ਨੇ ਕਿਹਾ ਕਿ ਜਦੋਂ ਪੰਜਾਬ ਦੀ ਨੌਜਵਾਨੀ ਨਸ਼ਿਆਂ ਤੋਂ ਇਲਾਵਾ ਹੋਰ ਅਨੇਕਾਂ ਅਲਾਮਤਾਂ ਦਾ ਸ਼ਿਕਾਰ ਹੋ ਚੁੱਕੀ ਹੈ ਤੇ ਬੇਰੁਜ਼ਗਾਰੀ ਕਾਰਨ ਉਨ੍ਹਾਂ ਨੂੰ ਆਪਣੇ ਭਵਿੱਖ ਵਿੱਚ ਹਨੇਰਾ ਹੀ ਹਨੇਰਾ ਨਜ਼ਰ ਆ ਰਿਹਾ ਹੈ, ਜਿਸ ਕਰਕੇ ਅਜਿਹੇ ਦੌਰ ਵਿੱਚ ਕਿਤਾਬਾਂ ਹੀ ਉਨ੍ਹਾਂ ਦਾ ਸੱਚਾ ਸਾਥੀ ਬਣ ਕੇ ਰਾਹ ਪ੍ਰਦਾਨ ਕਰ ਸਕਦੀਆਂ ਹਨ। ਉਨ੍ਹਾਂ ਖੋਖਰ ਪਰਵਾਰ ਦੇ ਇਸ ਉਦਮ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਅਜਿਹਾ ਕਰਕੇ ਇਸ ਪਰਵਾਰ ਨੇ ਇਲਾਕੇ ਵਿੱਚ ਇੱਕ ਨਿਵੇਕਲੀ ਪਿਰਤ ਪਾਈ ਹੈ, ਜਿਸ ਦੇ ਭਵਿੱਖ ਵਿੱਚ ਬਹੁਤ ਹੀ ਸਾਰਥਕ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਆਖਿਆ ਕਿ ਇਹ ਕਿਤਾਬਾਂ ਇਲਾਕੇ ਦੇ ਨੌਜਵਾਨਾਂ ਲਈ ਰਾਹ ਦਰਸੇਰਾ ਸਾਬਤ ਹੋਣਗੀਆਂ। ਉਨ੍ਹਾਂ ਆਖਿਆ ਕਿ ਇਸ ਪਰਵਾਰ ਦੀ ਇਸ ਨਿੱਕੀ ਜਿਹੀ ਕੋਸ਼ਿਸ਼ ਸਦਕਾ ਗਿਆਨ ਦਾ ਦੀਵਾ ਘਰ-ਘਰ ਪਹੁੰਚੇਗਾ ਤੇ ਉਨ੍ਹਾਂ ਹੋਰਨਾਂ ਪਰਿਵਾਰਾਂ ਨੂੰ ਵੀ ਅਜਿਹਾ ਕਰਨ ਲਈ ਰਾਹ ਪ੍ਰਧਾਨ ਹੋਵੇਗਾ।

# ਨਿਰੰਜਣ ਸਿੰਘ ਰੱਖਰਾ ਨੂੰ ਟਾਂਕ ਕਸ਼ੱਤਰੀ ਸਭਾ ਦਾ ਪ੍ਰਧਾਨ ਬਣਾਏ ਜਾਣ 'ਤੇ ਦੁਕਾਨਦਾਰਾਂ ਨੇ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸ਼ਹਿਰ ਦੇ ਬਹੁਤ ਹੀ ਸਤਿਕਾਰਤ, ਅਗਾਂਹ ਵਧੂ ਸੋਚ ਦੇ ਮਾਲਕ ਤੇ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਦੇ ਆਗੂ ਨਿਰੰਜਣ ਸਿੰਘ ਰੱਖਰਾ ਨੂੰ ਟਾਂਕ ਕਸ਼ੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਦਾ ਸਰਬਸੰਮਤੀ ਨਾਲ ਪ੍ਰਧਾਨ ਬਣਾਏ ਜਾਣ ਦੀ ਖੁਸ਼ੀ ਵਿੱਚ ਨੈਸ਼ਨਲ ਮਾਰਕੀਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਰੱਖਰਾ ਦਾ ਜ਼ੋਰਦਾਰ ਸਵਾਗਤ ਕਰਦਿਆਂ ਪਹਿਲਾਂ ਫੁੱਲਾਂ ਦੇ ਹਾਰ ਪਾਏ ਤੇ ਫਿਰ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰੱਖਰਾ ਨੇ ਕਿਹਾ ਕਿ ਮੈਂ ਬਹੁਤ ਧੰਨਵਾਦੀ ਹਾਂ ਨੈਸ਼ਨਲ ਮਾਰਕੀਟ ਦੇ ਸਾਰੇ ਸਤਿਕਾਰਤ ਦੁਕਾਨਦਾਰਾਂ ਦਾ, ਜਿਨ੍ਹਾਂ ਨੇ ਮੈਨੂੰ ਪ੍ਰਧਾਨ ਬਣਾਏ ਜਾਣ 'ਤੇ ਮੇਰਾ ਇੰਨਾ ਜ਼ਬਰਦਸਤ ਸਵਾਗਤ ਕੀਤਾ ਹੈ। ਸਵਾਗਤ ਕਰਨ ਵਾਲਿਆਂ ਵਿੱਚ ਸੁਰਿੰਦਰ ਧਵਨ, ਦੇਸ ਰਾਜ ਤਨੇਜਾ, ਹਰੀਸ਼ ਤਨੇਜਾ, ਜਸਵਿੰਦਰ ਸਿੰਘ ਸੋਨੀ ਪ੍ਰਧਾਨ ਨੈਸ਼ਨਲ ਮਾਰਕੀਟ, ਅਵਸ਼ਨੀ ਆਰੀਆ, ਕਾਲਾ ਤਨੇਜਾ ਅਤੇ ਸਿੱਧੂ ਟੀ ਵੀ ਸੈਂਟਰ ਵਾਲੇ ਮੌਜੂਦ ਸਨ।

# ਸੀਨੀਅਰ ਲੈਬ ਅਟੈਂਡੈਂਟ ਕਰਮਜੀਤ ਸਿੰਘ ਹੋਏ ਸੇਵਾ-ਮੁਕਤ



**ਸੰਗਰੂਰ (ਪ੍ਰਵੀਨ ਸਿੰਘ)**-ਇੱਕ ਚੰਗੇ ਸੁਭਾਅ ਦੇ ਮਾਲਕ ਤੇ ਸਭ ਨਾਲ ਮਿਲਵਰਤਨ ਰੱਖਣ ਵਾਲੇ ਤੇ ਸਮੇਂ ਦੀ ਕਦਰ ਕਰਨ ਵਾਲੇ ਸ੍ਰ. ਕਰਮਜੀਤ ਸਿੰਘ ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਬਤੌਰ ਸੀਨੀਅਰ ਲੈਬ ਅਟੈਂਡੈਂਟ, ਜਿਹੜੇ 31 ਮਈ ਨੂੰ ਸੇਵਾ ਮੁਕਤ ਹੋਏ ਹਨ।ਪੰਜਾਬ ਅੰਦਰ ਪਾਰਲੀਮੈਂਟ ਚੋਣਾਂ ਨੂੰ ਮੁੱਖ ਰੱਖਦਿਆਂ ਕਾਲਜ ਸਟਾਫ਼ ਵੱਲੋਂ ਚੋਣਾਂ ਤੋਂ ਪਹਿਲਾਂ ਹੀ ਸ੍ਰ. ਕਰਮਜੀਤ ਸਿੰਘ ਨੂੰ ਰਿਟਾਇਰਮੈਂਟ ਪਾਰਟੀ ਦੇਣ ਦਾ ਫੈਸਲਾ ਕੀਤਾ ਗਿਆ।ਇਸ ਸਮੇਂ ਮੁੱਖ ਤੌਰ 'ਤੇ ਪ੍ਰਿੰਸੀਪਲ ਡਾ. ਸੁਖਵਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਆਪਣੀ ਡਿਊਟੀ ਨੂੰ ਪੂਰੀ ਲਗਨ, ਮਿਹਨਤ ਨਾਲ ਨਿਭਾਉਣ ਦੇ ਨਾਲੋ ਨਾਲ ਸਮੁੱਚੇ ਪਾਬੰਦ ਰਹਿਣਾ ਇਸ ਕਰਮਚਾਰੀ ਦਾ ਵੱਡਾ ਗੁਣ ਸੀ।ਇਸ ਸਮੇਂ ਪ੍ਰੋ. ਮਿਨਾਕਸ਼ੀ ਮਟਕਨ ਵਾਈਸ ਪ੍ਰਿੰਸੀਪਲ ਨੇ ਬੋਲਦਿਆਂ ਕਿਹਾ ਕਿ ਬਹੁਤ ਘੱਟ ਹੀ ਕਰਮਚਾਰੀ ਅਜਿਹੇ ਹੁੰਦੇ ਹਨ, ਜਿਹੜੇ ਆਪਣੀ ਡਿਊਟੀ ਦੇ ਪਾਬੰਦ ਹੁੰਦੇ ਹਨ।ਅਜਿਹੇ ਕਰਮਚਾਰੀ ਦੀ ਸਾਰਾ ਸਟਾਫ ਤੇ ਬੱਚੇ ਕਦਰ ਕਰਦੇ ਹਨ।

ਸ਼੍ਰੀ ਰਵੀ ਕਾਂਤ ਨੇ ਗੀਤਾ ਰਾਹੀਂ ਸੇਵਾ ਮੁਕਤੀ ਸਮਾਗਮ ਨੂੰ ਚਾਰ ਚੰਨ ਲਾਏ।ਇਸ ਸਮੇਂ ਰੌਸ਼ਨ ਲਾਲ ਰਿਟਾ. ਲੈਬ ਸਟਾਫ ਦੇ ਯੂਨੀਅਨ ਆਗੂ ਨੇ ਕਰਮਜੀਤ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਇਨ੍ਹਾਂ ਨਾਲ ਕਾਲਜ ਵਿੱਚ ਡਿਊਟੀ ਸਮੇਂ ਨਿਭਾਈਆਂ ਸੇਵਾਵਾਂ ਦੇ ਨਾਲੋਂ ਨਾਲ ਆਪਣੇ ਵਰਗ ਦੀ ਜਥੇਬੰਦੀ ਦੇ ਮੂਹਰਲੇ ਮੈਂਬਰ ਵਜੋਂ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।ਇਸ ਮੌਕੇ ਪ੍ਰੋਫੈਸਰ ਜਗਤਾਰ ਸਿੰਘ ਪੰਜਾਬੀ ਵਿਭਾਗ ਨੇ ਸੇਵਾ ਮੁਕਤੀ ਸਮਾਗਮ ਮੌਕੇ ਕਰਮਜੀਤ ਸਿੰਘ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ।

ਸ੍ਰ. ਕਰਮਜੀਤ ਸਿੰਘ ਦੇ ਬੇਟੇ ਹਰਪਾਲ ਸਿੰਘ ਧਾਲੀਵਾਲ ਪਾਵਰਕਾਮ ਦੀ ਜਥੇਬੰਦੀ ਦੇ ਆਗੂ ਨੇ ਆਪਣੇ ਪਰਿਵਾਰ ਵੱਲੋਂ ਨਿਭਾਈ ਜ਼ਿੰਮੇਵਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੇ ਪਰਿਵਾਰ ਨੂੰ ਵੀ ਬਹੁਤਾ ਕੁਝ ਦਿੱਤਾ।ਇਸ ਸਮੇਂ ਅੰਗਰੇਜ਼ ਸਿੰਘ ਨੇ ਇਸ ਸੇਵਾ ਮੁਕਤੀ ਸਮਾਗਮ ਸਮੇਂ ਆਏ ਸਾਰੇ ਪਤਵੰਤਿਆਂ ਤੇ ਕਾਲਜ ਸਟਾਫ ਮੈਂਬਰਾਂ ਦਾ ਧੰਨਵਾਦ ਕੀਤਾ।ਮੰਚ ਸੰਚਾਲਕ ਪ੍ਰੋ. ਰੁਪਿੰਦਰ ਸ਼ਰਮਾ ਨੇ ਸਮਾਗਮ ਨੂੰ ਚਾਰ ਚੰਨ ਲਾਏ।ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਵਿਭਾ ਗੁਪਤਾ ਕਾਲਜ ਕੌਂਸਲ ਮੈਂਬਰ, ਤਰਸੇਮ ਕਾਂਗੜੀ ਸੁਪਰਡੈਂਟ ਤੇ ਕਾਲਜ ਦੇ ਸਮੂਹ ਸਟਾਫ ਮੈਂਬਰਾਂ ਨੇ ਵੀ ਸਮਾਗਮ ਵਿੱਚ ਹਾਜ਼ਰੀ ਲਗਾਈ।

# ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਰੋਇਲ ਗਰੀਨ ਸਿਟੀ ਸੁਸਾਇਟੀ ਦੀ ਮੀਟਿੰਗ



ਰਾਮਪੁਰਾ ਫੂਲ (ਦਰਸ਼ਨ ਜਿੰਦਲ)
ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਰੋਇਲ ਗਰੀਨ ਸਿਟੀ ਸੁਸਾਇਟੀ (ਰਜਿ:) ਰਾਮਪੁਰਾ ਫੂਲ ਦੀ ਇੱਕ ਭਰਵੀਂ ਮੀਟਿੰਗ ਕੁੱਝ ਸਮੱਸਿਆਵਾਂ ਨੂੰ ਲੈ ਕੇ ਕਾਲੋਨਾਈਜ਼ਰ ਜਸਵੰਤ ਸਿੰਘ ਨਾਲ ਸੁਖਾਵੇ ਮਾਹੌਲ ਵਿੱਚ ਗਰੀਨ ਸਿਟੀ ਦੇ ਪਾਰਕ ਵਿਖੇ ਹੋਈ ਤੇ ਹਰ ਗੱਲ 'ਤੇ ਵਿਚਾਰ ਕੀਤਾ ਗਿਆ, ਜਿਨਾਂ ਵਿੱਚ ਗਰੀਨ ਸਿਟੀ ਦੇ ਉਹ ਹਿੱਸੇ ਜਿੱਥੇ ਰਾਤ ਨੂੰ ਹਨੇਰਾ ਰਹਿੰਦਾ, ਉਥੇ ਲਾਈਟਾਂ ਦਾ ਪ੍ਰਬੰਧ ਕਰਨਾ, ਪਹਿਲਾਂ ਤੋਂ ਲੱਗੇ ਕੈਮਰਿਆਂ ਦੇ ਇਲਾਵਾ ਹੋਰ ਨਵੇਂ ਕੈਮਰਿਆਂ ਦਾ ਪ੍ਰਬੰਧ ਕਰਨਾ, ਨਵੇਂ ਛਾਂਦਾਰ ਪੌਦੇ ਲਾਉਣੇ, ਸਕਿਓਰਟੀ ਪ੍ਰਬੰਧਾਂ ਨੂੰ ਸਖਤ ਕਰਨਾ ਆਦਿ 'ਤੇ ਵਿਚਾਰ ਕੀਤਾ ਗਿਆ। ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਹੁਣ ਪਲਾਟ ਹੋਲਡਰਾਂ ਤੋਂ ਬਿਨਾਂ ਕੋਈ ਹੋਰ ਵਿਆਕਤੀ ਗਰੀਨ ਸਿਟੀ ਵਿੱਚ ਦਾਖਲ ਨਹੀਂ ਹੋ ਸਕੇਗਾ। ਪਹਿਲਾਂ ਵੱਡੀ ਗਿਣਤੀ ਵਿੱਚ ਲੋਕ ਸੈਰ ਲਈ ਇਥੇ ਆਉਂਦੇ ਸੀ, ਦੂਸਰੇ ਪਾਸੇ ਇਥੇ ਬਹੁਤ ਸਾਰੀਆਂ ਕੋਠੀਆਂ ਉਸਾਰੀ ਅਧੀਨ ਚੱਲ ਰਹੀਆਂ ਹਨ, ਕੁੱਝ ਸ਼ਰਾਰਤੀ ਕਿਸਮ ਦੇ ਵਿਆਕਤੀ ਇਨ੍ਹਾਂ ਸੈਰ ਕਰਨ ਵਾਲਿਆਂ ਦੀ ਆੜ ਵਿੱਚ ਗਰੀਨ ਸਿਟੀ ਵਿੱਚ ਘੁਸਪੈਠ ਕਰ ਜਾਂਦੇ ਸਨ, ਜਿਸ ਕਰਕੇ ਇਨ੍ਹਾਂ ਕੋਠੀਆਂ ਵਾਲਿਆਂ ਦਾ ਸਰੀਆ, ਚਾਲੀ, ਪਾਣੀ ਦੀਆਂ ਪਾਇਪਾਂ ਲਗਾਤਾਰ ਚੋਰੀ ਹੋ ਰਹੀਆਂ ਸਨ, ਇਸ ਕਰਕੇ ਇਹ ਫੈਸਲਾ ਲੈਣਾ ਪਿਆ। ਕਾਲੋਨਾਈਜ਼ਰ ਜਸਵੰਤ ਸਿੰਘ ਵੱਲੋਂ ਵੀ ਪੂਰਾ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਸਾਰੇ ਮਸਲੇ ਇੱਕ ਹਫਤੇ ਦੇ ਅੰਦਰ ਅੰਦਰ ਹੱਲ ਕਰ ਦਿੱਤੇ ਜਾਣਗੇ।ਉਨ੍ਹਾ ਕਿਹਾ ਕਿ ਰੋਇਲ ਗਰੀਨ ਸਿਟੀ ਨੂੰ ਹੋਰ ਵੀ ਸੁੰਦਰ ਬਣਾਇਆ ਜਾਵੇਗਾ।ਇਸ ਮੌਕੇ ਰੈਜ਼ੀਡੈਂਟਸ ਵੈੱਲਫੇਅਰ ਐਸੋਸੀਏਸ਼ਨ ਰੋਇਲ ਗਰੀਨ ਸੁਸਾਇਟੀ ਵੱਲੋਂ ਰਮਨ ਗਾਂਧੀ ਪ੍ਰਧਾਨ, ਸੰਦੀਪ ਕੁਮਾਰ ਖਜ਼ਾਨਚੀ, ਵਿਕਾਸ ਸ਼ਰਮਾ, ਰਵਿੰਦਰ ਸਿੰਘ, ਦਰਸ਼ਨ ਸਿੰਘ, ਸੁਨੀਲ ਕੁਮਾਰ, ਲੱਕੀ ਬੱਲੋ, ਸੰਜੀਵ ਜਿੰਦਲ, ਰਾਜਿੰਦਰ ਕੁਮਾਰ, ਅਮਨ ਜਿੰਦਲ, ਪ੍ਰਦੀਪ ਕੁਮਾਰ, ਕਮਲ ਜਿੰਦਲ, ਹੇਮ ਰਾਜ, ਅੰਮ੍ਰਿਤ ਪਾਲ ਸਿੰਘ, ਗਗਨ ਕੁਮਾਰ, ਵਰਿੰਦਰ ਬੌਬੀ ਹਾਜ਼ਰ ਸਨ।

# ਡੀ ਪੀ ਈ ਜੰਡਵਾਲਾ ਨੂੰ ਦਿੱਤੀ ਸੇਵਾ ਮੁਕਤੀ 'ਤੇ ਨਿੱਘੀ ਵਿਦਾਇਗੀ



ਡੀ ਪੀ ਈ ਅਧਿਆਪਕ ਬਲਵਿੰਦਰ ਸਿੰਘ ਦਾ ਸਨਮਾਨ ਕਰਦੇ ਅਧਿਆਪਕ ਆਗੂ।

ਸਿਰਸਾ (ਸੁਰਿੰਦਰ ਪਾਲ ਸਿੰਘ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔਢਾਂ ਦੇ ਡੀਪੀਈ ਅਧਿਆਪਕ ਬਲਵਿੰਦਰ ਸਿੰਘ ਜੰਡਵਾਲਾ ਨੂੰ ਉਨ੍ਹਾਂ ਦੀ ਸੇਵਾ ਮੁਕਤੀ 'ਤੇ ਸਕੂਲ ਸਟਾਫ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਤੇ ਸਟਾਫ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਤੇ ਸਾਬਕਾ ਬਲਾਕ ਸਿੱਖਿਆ ਅਧਿਕਾਰੀ ਹਰਮੇਲ ਸਿੰਘ ਦਾ ਕਹਿਣਾ ਸੀ ਕਿ ਡੀਪੀਈ ਬਲਵਿੰਦਰ ਸਿੰਘ ਨੇ ਆਪਣੀ ਨੌਕਰੀ ਦੌਰਾਨ ਲਗਨ, ਮਿਹਨਤ ਤੇ ਉਤਸ਼ਾਹ ਨਾਲ ਵਿਦਿਆਥੀਆਂ ਨੂੰ ਪੜ੍ਹਾਇਆ ਅਤੇ ਖਿਡਾਇਆ। ਉਨ੍ਹਾਂ ਬਲਵਿੰਦਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਦਾ ਵਿਸਤਾਰ ਨਾਲ ਜ਼ਿਕਰ ਕੀਤਾ। ਇਸ ਮੌਕੇ ਬੋਲਦਿਆਂ ਹਰਿਆਣਾ ਸਕੂਲ ਅਧਿਆਪਕ ਸੰਘ ਦੇ ਜ਼ਿਲ੍ਹਾ ਸਕੱਤਰ ਮਾਸਟਰ ਬੂਟਾ ਸਿੰਘ ਦਾ ਕਹਿਣਾ ਸੀ ਕਿ ਡੀ ਪੀ ਈ ਬਲਵਿੰਦਰ ਸਿੰਘ ਮਿਹਨਤੀ ਤੇ ਇਮਾਨਦਾਰ ਅਧਿਆਪਕਾਂ ਵਿੱਚੋਂ ਇਕ ਸਨ। ਇਸ ਵਿਦਾਇਗੀ ਮੌਕੇ ਹਰਿਆਣਾ ਸਕੂਲ ਅਧਿਆਪਕ ਸੰਘ ਦੇ ਸਕੱਤਰ ਮਾਸਟਰ ਬੂਟਾ ਸਿੰਘ, ਬਲਾਕ ਪ੍ਰਧਾਨ ਅਜਾਇਬ ਸਿੰਘ ਜਲਾਲਆਣਾ, ਮਾ: ਸ਼ਮਸ਼ੇਰ ਸਿੰਘ ਚੋਰਮਾਰ ਤੇ ਮਾਸਟਰ ਸੁਰਿੰਦਰ ਪਾਲ ਸਿੰਘ ਵੱਲੋਂ ਸਨਮਾਨ ਪੱਤਰ ਸਮੇਤ ਸਾਹਿਤਕ ਪੁਸਤਕਾਂ ਦੇ ਸੈੱਟ ਭੇਟ ਕੀਤੇ ਗਏ। ਇਸ ਵਿਦਾਇਗੀ ਸਮਾਗਮ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔਢਾਂ ਦੇ ਸਟਾਫ ਮੈਂਬਰ ਜਤਿੰਦਰ ਗਰਗ ਪੰਜਾਬੀ, ਹਰਪਾਲ ਸਿੰਘ ਤੱਗੜ, ਰਾਮ ਸਰੂਪ, ਮਾਂਗੇ ਰਾਮ, ਸਤਨਾਮ ਸਿੰਘ, ਕ੍ਰਿਸ਼ਨ ਕੁਮਾਰ, ਜਗਪ੍ਰੀਤ ਸਿੰਘ, ਰਮੇਸ਼ ਕੁਮਾਰ, ਆਸ਼ਾ ਰਾਣੀ, ਕਿਰਨ ਸ਼ਰਮਾ, ਰੀਮਾ ਰਾਣੀ, ਬਬੀਤਾ ਤੇ ਵਜ਼ੀਰ ਸਿੰਘ ਤੋਂ ਬਿਨਾਂ ਕ੍ਰਿਸ਼ਨ ਸਿੰਘ, ਡਾ: ਗੁਰਦੀਪ ਸਿੰਘ ਸਮੇਤ ਔਢਾਂ ਤੇ ਪਿੰਡ ਜੰਡਵਾਲਾ ਦੇ ਪਤਵੰਤੇ ਅਤੇ ਵੱਖ ਵੱਖ ਸਕੂਲਾਂ ਦੇ ਅਧਿਆਪਕ, ਰਿਸ਼ਤੇਦਰ ਤੇ ਸਨਮਾਨਤ ਵਿਅਕਤੀ ਹਾਜ਼ਰ ਰਹੇ।

# ਵੋਟਾਂ ਉਪਰੰਤ ਕਾਂਗਰਸ, ਆਪ ਤੇ ਅਜ਼ਾਦ ਉਮੀਦਵਾਰਾਂ ਨੇ ਵਰਕਰਾਂ ਨਾਲ ਮਾਣੀ ਫੁਰਸਤ

## ਅਕਾਲੀ ਉਮੀਦਵਾਰ ਨੇ ਹਲਕੇ ਦੇ ਸਮਾਗਮਾਂ 'ਚ ਕੀਤੀ ਸ਼ਿਰਕਤ



ਮੋਗਾ (ਇਕਬਾਲ ਸਿੰਘ ਖਹਿਰਾ)
ਲੋਕ ਸਭਾ ਚੋਣਾਂ ਦਾ ਲੰਮਾਂ ਪ੍ਰਚਾਰ ਖ਼ਤਮ ਹੋਣ ਮਗਰੋਂ ਜਿੱਥੇ ਬੀਤੇ ਕੱਲ੍ਹ ਪੰਜਾਬ ਭਰ ਦੀਆਂ 13 ਲੋਕ ਸਭਾ ਸੀਟਾਂ ਲਈ ਵੋਟਾਂ ਪੈਣ ਦਾ ਕੰਮ ਮੁਕੰਮਲ ਹੋ ਗਿਆ ਹੈ, ਉੱਥੇ 4 ਜੂਨ ਨੂੰ ਦੇਸ਼ ਭਰ ਵਿੱਚ ਚੋਣ ਨਤੀਜੇ ਐਲਾਨੇ ਜਾ ਰਹੇ ਹਨ। ਮਾਲਵਾ ਖਿੱਤੇ ਦੀ ਹੌਟ ਸੀਟ ਬਣੀ ਫਰੀਦਕੋਟ ਤੋਂ ਮੁਕਾਬਲਾ ਸਖ਼ਤ ਤੇ ਬਹੁਕੋਣਾ ਹੋਣ ਕਰਕੇ ਇਸ ਸੀਟ 'ਤੇ ਪੰਜਾਬ ਭਰ ਦੇ ਲੋਕਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਇਸ ਸੀਟ 'ਤੇ ਸੈਲੇਬ੍ਰਿਟੀ ਉਮੀਦਵਾਰ ਆਪ ਤੇ ਭਾਜਪਾ ਵੱਲੋਂ ਤਾਂ ਉਮੀਦਵਾਰ ਬਣਾਏ ਗਏ ਹਨ, ਪ੍ਰੰਤੂ ਰਵਾਇਤੀ ਧਿਰਾਂ ਦੇ ਉਮੀਦਵਾਰ ਲੋਕਲ ਹੋਣ ਕਰਕੇ ਮੁਕਾਬਲਾ ਹੋਰ ਵੀ ਸਖ਼ਤ ਬਣ ਗਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਚੋਣਾਂ ਦੇ ਪ੍ਰਚਾਰ ਦੀ ਥਕਾਣ ਮਗਰੋਂ ਚੋਣ ਲੜ ਰਹੇ ਉਮੀਦਵਾਰ ਵੋਟਾਂ ਤੋਂ ਦੂਸਰੇ ਦਿਨ ਪਹਿਲਾਂ ਤਾਂ ਕਾਫ਼ੀ ਲੇਟ ਉੱਠੇ, ਕਿਉਂਕਿ ਪ੍ਰਚਾਰ ਦੇ ਆਖਰੀ ਹਫ਼ਤੇ ਦੌਰਾਨ ਗਰਮੀ ਕਰਕੇ ਸਾਰੀਆਂ ਸਿਆਸੀ ਧਿਰਾਂ ਸਮੇਤ ਅਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ 28 ਉਮੀਦਵਾਰਾਂ ਨੂੰ ਤੜਕਸਾਰ ਤੋਂ ਦੇਰ ਰਾਤ ਤੱਕ ਪ੍ਰਚਾਰ ਲਈ ਨਿਕਲਣਾ ਪੈਂਦਾ ਸੀ। ਹੁਕਮਰਾਨ ਧਿਰ ਵੱਲੋਂ ਚੋਣ ਲੜ ਰਹੇ ਉਮੀਦਵਾਰ ਕਰਮਜੀਤ ਅਨਮੋਲ ਵੀ ਚੋਣ ਪ੍ਰਚਾਰ ਦੌਰਾਨ ਲੰਮਾਂ ਸਮਾਂ ਫਰੀਦਕੋਟ ਹਲਕੇ ਦੇ ਕੋਟਕਪੂਰਾ ਸ਼ਹਿਰ ਵਿਖੇ ਪ੍ਰਚਾਰ ਦੌਰਾਨ ਪੱਕਾ ਰੈਣ ਬਸੇਰਾ ਕਰਕੇ ਇੱਥੇ ਹੀ ਰਹੇ ਸਨ। ਪਤਾ ਲੱਗਾ ਹੈ ਕਿ ਉਹ ਲੰਘੀ ਦੇਰ ਸ਼ਾਮ ਵੋਟਾਂ ਦਾ ਕੰਮ ਮੁਕੰਮਲ ਹੋਣ ਮਗਰੋਂ ਆਪਣੇ ਘਰ ਮੋਹਾਲੀ ਵਾਪਸ ਪਰਤ ਗਏ ਹਨ। ਲੋਕ ਸਭਾ ਹਲਕਾ ਫਰੀਦਕੋਟ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚੋਂ 8 'ਤੇ ਹੁਕਮਰਾਨ ਧਿਰ ਆਪ ਦਾ ਕਬਜ਼ਾ ਹੈ। ਉਨ੍ਹਾਂ ਦੀ ਚੋਣ ਮੁਹਿੰਮ ਨੂੰ ਅਗੇਤਾ ਭਖਾ ਦਿੱਤਾ ਸੀ, ਪ੍ਰੰਤੂ ਚੋਣਾਂ ਨੇੜੇ ਅਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਦੀ ਐਂਟਰੀ ਮਗਰੋਂ ਚੋਣ ਮੁਕਾਬਲਾ ਸਖ਼ਤ ਬਣ ਗਿਆ ਹੈ। ਸ੍ਰੀ ਅਨਮੋਲ ਦੇ ਹੱਕ ਵਿੱਚ ਮੋਗਾ ਜ਼ਿਲ੍ਹੇ ਦੇ ਚਾਰ ਵਿਧਾਇਕਾਂ ਸਮੇਤ ਵਲੰਟੀਅਰਾਂ ਨੇ ਵੀ ਅੱਡੀ-ਚੋਟੀ ਦਾ ਜ਼ੋਰ ਲਗਾਇਆ ਹੈ। ਭਾਵੇਂ ਅੱਜ ਕਰਮਜੀਤ ਅਨਮੋਲ ਨਾਲ ਸੰਪਰਕ ਤਾਂ ਸਥਾਪਤ ਨਹੀਂ ਹੋ ਸਕਿਆ, ਪ੍ਰੰਤੂ ਉਨ੍ਹਾਂ ਦੇ ਨੇੜਲੇ ਦੱਸਦੇ ਹਨ ਕਿ ਸ੍ਰੀ ਅਨਮੋਲ ਆਪਣੇ ਸਮਰਥਕਾਂ ਨੂੰ ਮੋਹਾਲੀ ਵਿਖੇ ਮਿਲੇ ਹਨ, ਉਂਝ 7 ਜੂਨ ਉਨ੍ਹਾਂ ਦੀ ਪੰਜਾਬੀ ਫ਼ਿਲਮ 'ਮੈਂ ਸੱਸ ਕੁੱਟਣੀ' ਆ ਰਹੀ ਹੈ, ਜਿਸ ਦੇ ਪ੍ਰਚਾਰ ਦੀ ਵਿਉਂਤਬੰਧੀ ਵੀ ਉਹ ਕਰਨ ਲੱਗੇ ਹਨ। ਕਾਂਗਰਸੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਤੇ ਉਨ੍ਹਾਂ ਦੇ ਪਤੀ ਕਾਂਗਰਸ ਦੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਅੱਜ ਪੂਰਾ ਦਿਨ ਘਰ ਰਹੇ। ਉਨ੍ਹਾਂ ਆਪਣੇ ਸਮਰਥਕਾਂ ਕਾਂਗਰਸੀ ਨੇਤਾ ਐਡਵੋਕੇਟ ਰਵਿੰਦਰ ਸਿੰਘ ਰਵੀ ਗਰੇਵਾਲ, ਜੱਗਾ ਪੰਡਿਤ ਧੱਲੇਕੇ, ਮੰਤਰੀ ਮੋਗਾ ਸਮੇਤ ਹੋਰਨਾਂ ਨਾਲ ਮੀਟਿੰਗ ਕੀਤੀ। ਸ੍ਰੀ ਸਾਹੋਕੇ ਹਲਕੇ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਪਾਰਟੀ ਦੇ ਆਗੂਆਂ ਨਾਲ ਚੋਣਾਂ ਸਬੰਧੀ ਗੱਲਬਾਤ ਕਰਦੇ ਰਹੇ। ਅਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਵੀ ਆਪਣੇ ਘਰ ਚਲੇ ਗਏ ਹਨ। ਉਨ੍ਹਾਂ ਦੇ ਸਮਰਥਕ ਜਥੇਦਾਰ ਬੂਟਾ ਸਿੰਘ ਰਣਸੀਂਹ, ਸਾਬਕਾ ਕੌਂਸਲਰ ਨਰਿੰਦਰਪਾਲ ਸਿੰਘ ਸਿੱਧੂ ਤੇ ਹੋਰਨਾਂ ਨੇ ਅੱਜ ਵੋਟਾਂ ਦਾ ਜੋੜ ਤੋੜ ਕੀਤਾ। ਇਹ ਖਾਲਸਾ ਦੀ ਜਿੱਤ ਦੇ ਵਾਅਵੇ ਕਰ ਰਹੇ ਹਨ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਵੀ ਆਪਣੇ ਘਰ ਜਲੰਧਰ ਪਰਤੇ ਹਨ।

ਉਨ੍ਹਾਂ ਦੇ ਸਮਰਥਕ ਤੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਚੋਣਾਂ ਸਬੰਧੀ ਜ਼ਿਲ੍ਹੇ ਭਰ ਦੇ ਵਰਕਰਾਂ ਨਾਲ ਚਰਚਾ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਉਮੀਵਾਰ ਰਾਜਵਿੰਦਰ ਸਿੰਘ ਧਰਮਕੋਟ ਨੇ ਵੋਟਾਂ ਮਗਰੋਂ ਫ਼ਿਰ ਲੋਕਾਂ ਦੇ ਦੁੱਖਾਂ-ਸੁੱਖਾਂ ਵਿੱਚ ਸ਼ਰੀਕ ਹੋਣਾ ਸ਼ੁਰੂ ਕੀਤਾ ਹੈ। ਉਨ੍ਹਾ ਅੱਜ ਸੀਨੀਅਰ ਅਕਾਲੀ ਨੇਤਾ ਰਾਜਿੰਦਰ ਸਿੰਘ ਡੱਲਾ ਦੇ ਮਾਤਾ ਦਲੀਪ ਕੌਰ ਡੱਲਾ ਦੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਿਰਕਤ ਕੀਤੀ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਲਈ ਚੋਣਾਂ ਨਹੀਂ, ਸਗੋ ਰੋਜ਼ਾਨਾ ਦੀ ਸੇਵਾ ਜ਼ਰੂਰੀ ਹੈ, ਜਦੋਂਕਿ ਇਸ ਤੋਂ ਇਲਾਵਾ ਚੋਣ ਲੜ ਰਹੇ ਹੋਰ 23 ਉਮੀਦਵਾਰਾਂ ਨੇ ਆਪਣੇ ਘਰਾਂ ਵਿੱਚ ਰਹਿ ਕੇ ਪਰਿਵਾਰ ਨਾਲ ਸਮਾਂ ਬਿਤਾਇਆ ਹੈ।

# ਦੋ ਪੁੱਤਰਾਂ ਦੀ ਬੇਸਹਾਰਾ ਮਾਂ ਬਿਰਧ ਆਸ਼ਰਮ 'ਚ ਜੀਵਨ ਕੱਟਣ ਲਈ ਮਜਬੂਰ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਨੇ ਇੱਕ ਹੋਰ ਬਿਰਧ ਮਾਤਾ ਨੂੰ ਸਹਾਰਾ ਦਿੱਤਾ।ਇਹ ਮਾਤਾ ਸੁਨੀਤਾ ਪਤਨੀ ਸੁਰੇਸ਼ ਕੁਮਾਰ ਕੁਮਾਰ ਨਿਵਾਸੀ ਤਲਾਪੁਰ ਚੌਕ ਜੰਮੂ ਕਸ਼ਮੀਰ ਦੀ ਰਹਿਣ ਵਾਲੀ ਹੈ।ਮਾਤਾ ਨੇ ਦੱਸਿਆ ਕਿ ਮੇਰੇ ਦੋ ਪੁੱਤਰ ਹਨ ਜੋ ਕਿ ਮੈਨੂੰ ਆਪਣੇ ਨਾਲ ਘਰ ਵਿੱਚ ਰੱਖਣ ਤੋਂ ਨਾਬਰ ਹਨ ।ਪਤੀ ਕੁੱਝ ਸਮਾਂ ਪਿਹਲਾਂ ਚਲਾਣਾ ਕਰ ਗਏ ਸਨ।ਅਸੀਂ ਸਾਰੇ ਜੰਮੂ-ਕਸ਼ਮੀਰ ਵਿਖੇ ਹੀ ਰਹਿੰਦੇ ਸੀ। ਪਤੀ ਦੀ ਮੌਤ ਤੋਂ ਬਾਅਦ ਮੈਂ ਪਠਾਨਕੋਟ ਆਪਣੇ ਸਹੁਰੇ ਘਰ ਆ ਗਈ ।ਕੁਝ ਸਮਾਂ ਹੀ ਸਹੁਰੇ ਪਰਿਵਾਰ ਨੇ ਮੈਨੂੰ ਆਪਣੇ ਕੋਲ ਰੱਖਿਆ ਅਤੇ ਫਿਰ ਘਰੋਂ ਕੱਢ ਦਿੱਤਾ। ਘਰ ਵਿੱਚੋਂ ਵੀ ਕੋਈ ਹਿੱਸਾ ਨਹੀਂ ਦਿੱਤਾ। ਮੇਰੇ ਬੱਚੇ ਮੈਨੂੰ ਮਾਰਦੇ ਕੁੱਟਦੇ ਸਨ।

ਮੈਂ ਦੁਖੀ ਹੋ ਕੇ ਆਪ ਦੀ ਸ਼ਰਨ ਵਿੱਚ ਆਈ ਹਾਂ, ਮੈਨੂੰ ਬਿਰਧ ਘਰ ਵਿੱਚ ਰੱਖ ਲਿਆ ਜਾਵੇ। ਇਸ ਸਮੇਂ ਮੇਰੇ ਹਾਲਾਤ ਬਹੁਤ ਮਾੜੇ ਹਨ ਕਿਉਂਕਿ ਮੈਂ ਕਿਰਾਏ ਦੇ ਮਕਾਨ 'ਚ ਨਹੀਂ ਰਹਿ ਸਕਦੀ।ਮੇਰੇ ਕੋਲ ਆਮਦਨ ਦਾ ਵੀ ਕੋਈ ਸਾਧਨ ਨਹੀਂ ਹੈ।ਨਾ ਹੀ ਮੈਨੂੰ ਬੁਢਾਪਾ ਪੈਨਸ਼ਨ ਲੱਗੀ ਹੋਈ ਹੈ।ਮੈਂ ਆਪਣੇ ਪੇਕੇ ਪਰਿਵਾਰ ਵੀ ਰਹੀ ਪਰ ਭਰਾਵਾਂ ਦੇ ਕੋਲ ਰਹਿਣਾ ਚੰਗਾ ਨਹੀਂ ਲੱਗਦਾ। ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਪ੍ਰਬੰਧਕ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਮਾਤਾ ਨੂੰ ਬਿਰਧ ਘਰ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਮਾਤਾ ਦੀਆਂ ਦੋ ਭਰਜਾਈਆਂ ਜੋਤੀ ਅਤੇ ਸੋਨੀਆ ਵੀ ਨਾਲ ਸਨ। ਆਸ਼ਰਮ ਸਮੂਹ ਸਟਾਫ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਅੰਜੂ ਬਾਲਾ, ਸਰੋਜ ਵਾਲਾ, ਰਮੇਸ਼ ਲਾਲ, ਤਰਸੇਮ ਲਾਲ, ਰੂਬੀ ਆਦਿ ਵੀ ਮਾਤਾ ਨੂੰ ਬਿਰਧ ਘਰ 'ਚ ਸਹਾਰਾ ਦੇਣ ਮੌਕੇ ਮੌਜੂਦ ਸਨ।

# ਥਿੰਕ ਗੈਸ ਦੀ ਪਾਈਪ ਲਾਈਨ ਨੂੰ ਨੁਕਸਾਨ ਪਹੁੰਚਾਉਣ ਵਾਲੀ ਏਜੰਸੀ ਨੂੰ ਜੁਰਮਾਨਾ

ਬਰਨਾਲਾ : ਬਰਨਾਲਾ ਜ਼ਿਲ੍ਹੇ ਦੇ ਪਿੰਡ ਖਿਆਲ ਪਿੰਡ ਵਿੱਚ ਮਹਿਲ ਕਲਾਂ ਨੇੜੇ 30 ਮਈ ਨੂੰ ਸ਼ਾਮ ਕਰੀਬ 5 ਵਜੇ ਇੱਕ ਘਰ ਦੇ ਬਾਹਰ ਪਾਣੀ ਦੀ ਪਾਈਪ ਲਾਈਨ ਲਈ ਟੋਆ ਪੁੱਟਦੇ ਸਮੇਂ ਅਣਗਹਿਲੀ ਕਾਰਨ ਉਥੇ ਵਿਛੀ ਥਿੰਕ ਗੈਸ ਪਾਈਪ ਲਾਈਨ ਨੂੰ ਨੁਕਸਾਨ ਪਹੁੰਚਿਆ, ਜਿਸ ਕਾਰਨ ਪਾਈਪ ਲਾਈਨ ਵਿੱਚੋਂ ਗੈਸ ਦਾ ਰਿਸਾਅ ਹੋਣਾ ਸ਼ੁਰੂ ਹੋ ਗਿਆ।

ਥਿੰਕ ਗੈਸ ਨੂੰ ਇਸ ਖੁਦਾਈ ਦੇ ਕੰਮ ਦੀ ਕੋਈ ਅਗਾਊਂ ਸੂਚਨਾ ਨਹੀਂ ਦਿੱਤੀ ਗਈ ਨਹੀਂ ਤਾਂ ਇਸ ਨੁਕਸਾਨ ਨੂੰ ਟਾਲਿਆ ਜਾ ਸਕਦਾ ਸੀ।ਹਾਲਾਂਕਿ, ਘਟਨਾ ਦੀ ਸੂਚਨਾ ਮਿਲਦੇ ਹੀ ਥਿੰਕ ਗੈਸ ਦੇ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਕੁਝ ਮਿੰਟਾਂ ਵਿੱਚ ਹੀ ਸਥਿਤੀ ਨੂੰ ਕੰਟਰੋਲ ਕੀਤਾ ਗਿਆ।

ਥਿੰਕ ਗੈਸ ਦੁਆਰਾ ਲਗਾਏ ਗਏ ਮਾਰਕਰਾਂ ਅਤੇ ਚੇਤਾਵਨੀ ਸੰਕੇਤਾਂ ਦੇ ਬਾਵਜੂਦ, ਏਜੰਸੀ/ਵਿਅਕਤੀਆਂ ਨੇ ਖੁਦਾਈ ਦੌਰਾਨ ਸਾਵਧਾਨੀ ਨਹੀਂ ਵਰਤੀ, ਜਿਸ ਕਾਰਨ ਗੈਸ ਪਾਈਪ ਲਾਈਨ ਨੂੰ ਨੁਕਸਾਨ ਪਹੁੰਚਿਆ।

# ਬਸਪਾ ਦੇ ਜ਼ਿਲ੍ਹਾ ਸਕੱਤਰ ਨੂੰ ਜਾਨੋਂ ਮਾਰਨ ਦੀਆਂ ਮਿਲੀਆਂ ਧਮਕੀਆਂ ਦੀ ਸਖਤ ਨਿਖੇਧੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੁਲਸ ਥਾਣਾ ਧਾਰੀਵਾਲ ਦੇ ਪਿੰਡ ਪਸਨਾਵਾਲ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ ਬੁਖਲਾਹਟ ਵਿੱਚ ਆਏ ਆਮ ਆਦਮੀ ਪਾਰਟੀ ਦੇ ਇਕ ਵਰਕਰ ਨੇ ਸ਼ਰਾਬ ਪੀ ਕੇ ਬਾਅਦ ਦੁਪਹਿਰ ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਸਕੱਤਰ ਸੁਖਵਿੰਦਰ ਸਿੰਘ ਦੇ ਘਰ ਜਾ ਕੇ ਗਾਲੀ-ਗਲੋਚ ਕੀਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਸਬੰਧੀ ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਸਕੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਪਸਨਾਵਾਲ ਨੇ ਦੱਸਿਆ ਕਿ ਐਤਵਾਰ ਨੂੰ ਬਾਅਦ ਦੁਪਹਿਰ ਆਮ ਆਦਮੀ ਪਾਰਟੀ ਦਾ ਵਰਕਰ ਸਤਨਾਮ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਨਵਾਂ ਪਸਨਾਵਾਲ ਆਪਣੇ ਸਪਲੈਂਡਰ ਮੋਟਰਸਾਈਕਲ 'ਤੇ ਆਇਆ ਅਤੇ ਮੇਰੇ ਘਰ ਕੋਲ ਆਪਣਾ ਮੋਟਰਸਾਈਕਲ ਖੜਾ ਕਰਕੇ ਮੈਨੂੰ ਗਾਲੀ-ਗਲੋਚ ਕਰਨ ਲੱਗ ਪਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ ਕਿ ਤੂੰ 1 ਜੂਨ ਨੂੰ ਲੋਕ ਸਭਾ ਚੋਣਾਂ ਦੌਰਾਨ ਪਿੰਡ ਵਿੱਚ ਬਹੁਜਨ ਸਮਾਜ ਪਾਰਟੀ ਦਾ ਬੂਥ ਕਿਉਂ ਲਗਾਇਆ ਸੀ। ਇਸ ਸਮੇਂ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਅਸੀਂ ਤੁਹਾਡੇ 'ਤੇ ਕੋਈ ਝੂਠਾ ਪਰਚਾ ਕਰਵਾ ਕੇ ਤਹਾਨੂੰ ਠੋਕ ਦਿਆਂਗੇ। ਜਦੋਂ ਰੌਲਾ-ਰੱਪਾ ਸੁਣ ਕੇ ਮੇਰੇ ਲਾਗਲੇ ਘਰ ਵਿੱਚ ਰਹਿੰਦਾ ਮੇਰਾ ਵੱਡਾ ਭਰਾ ਸੁੱਚਾ ਸਿੰਘ ਆਇਆ ਤਾਂ ਸਤਨਾਮ ਸਿੰਘ ਉਸਨੂੰ ਵੀ ਗਾਲੀ-ਗਲੋਚ ਕਰਦਾ ਹੋਇਆ ਉਸਦੇ ਹੱਥੀਂ ਪੈ ਗਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ। ਇਨੇ ਨੂੰ ਜਦੋਂ ਹੋਰ ਲੋਕ ਇਕੱਠੇ ਹੋਣ ਲੱਗ ਪਏ ਤਾਂ ਉਹ ਆਪਣਾ ਮੋਟਰਸਾਈਕਲ ਛੱਡ ਕੇ ਦੌੜ ਗਿਆ। ਇਸ ਸਬੰਧੀ 112 ਨੰਬਰ ਤੇ ਪੁਲਸ ਨੂੰ ਸੂਚਨਾ ਦੇਣ 'ਤੇ ਸਬੰਧਿਤ ਪੁਲਸ ਥਾਣਾ ਧਾਰੀਵਾਲ ਤੋਂ ਪੁਲਸ ਪਾਰਟੀ ਸਮੇਤ ਪਹੁੰਚੇ ਏਐੱਸਆਈ ਯੂਸਫ ਮਸੀਹ ਨੇ ਮੋਟਰਸਾਈਕਲ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਐਡਵੋਕੇਟ ਸੁਰਿੰਦਰ ਚੌਧਰੀ, ਜ਼ਿਲ੍ਹਾ ਪ੍ਰਧਾਨ ਜੇ. ਪੀ. ਭਗਤ, ਵਿਧਾਨ ਸਭਾ ਹਲਕਾ ਕਾਦੀਆਂ ਪ੍ਰਧਾਨ ਕਸਤੂਰੀ ਲਾਲ (ਸੇਵਾ ਮੁਕਤ ਐੱਸਡੀਓ), ਜ਼ਿਲ੍ਹਾ ਸਕੱਤਰ ਲਖਵਿੰਦਰ ਸਿੰਘ ਸੋਹਲ, ਪ੍ਰਿੰ. ਨੰਦ ਲਾਲ ਕਲਿਆਣਪੁਰ, ਹਲਕਾ ਕਾਦੀਆਂ ਦੇ ਜਨਰਲ ਸਕੱਤਰ ਰਾਜ ਪਾਲ ਫੌਜੀ, ਹਲਕਾ ਵਾਈਸ ਪ੍ਰਧਾਨ ਸੱਤਪਾਲ ਸੋਹਲ ਸਾਬਕਾ ਰੇਲਵੇ ਸਟੇਸ਼ਨ ਮਾਸਟਰ, ਹਲਕਾ ਸਕੱਤਰ ਤਜਿੰਦਰ ਕੁਮਾਰ, ਰਿਟਾ ਐੱਸਡੀਓ ਚਮਨ ਲਾਲ ਸੋਹਲ ਆਦਿ ਆਗੂਆਂ ਨੇ ਪੁਲਸ ਪ੍ਰਸ਼ਾਸਨ ਅਤੇ ਸਬੰਧਿਤ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਸੁਖਵਿੰਦਰ ਸਿੰਘ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਵਿਰੁੱਧ ਸਖਤ ਕਾਰਵਾਈ ਕਰਕੇ ਉਸਨੂੰ ਤਰੁੰਤ ਗ੍ਰਿਫਤਾਰ ਕੀਤਾ ਜਾਵੇ। ਬਸਪਾ ਆਗੂਆਂ ਕਿਹਾ ਕਿ ਜੇਕਰ ਪ੍ਰਸ਼ਾਸ਼ਨ ਨੇ ਜਲਦ ਕਾਰਵਾਈ ਨਾ ਕੀਤੀ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਸ਼ਹਿਰ 'ਚ ਟਰੈਫ਼ਿਕ ਸਮੱਸਿਆ ਨੇ ਧਾਰਿਆ ਵਿਕਰਾਲ ਰੂਪ, ਚੌਕਾਂ 'ਚ ਲਾਈਟਾਂ ਲਗਾਉਣ ਦੀ ਮੰਗ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਅਮਰ ਵੇਲ ਵਾਂਗ ਵਧਦੀ ਨਜ਼ਰ ਆ ਰਹੀ ਹੈ। ਵਾਹਨਾਂ ਦੀਆਂ ਲਗਦੀਆਂ ਲੰਬੀਆਂ ਲਾਈਨਾਂ ਕਾਰਨ ਲੋਕਾਂ ਨੂੰ ਕਾਫ਼ੀ ਸਮਾਂ ਟਰੈਫ਼ਿਕ ਜਾਮ ਨਾਲ ਜੂਝਣਾ ਪੈਂਦਾ ਹੈ। ਇਸ ਜਾਮ ਕਾਰਨ ਸਕੂਲੀ ਬੱਸਾਂ, ਨੌਕਰੀਆਂ 'ਤੇ ਜਾਣ ਸਮੇਂ ਮੁਲਾਜ਼ਮਾਂ ਤੋਂ ਇਲਾਵਾ ਹਸਪਤਾਲਾਂ ਜਾਣ ਵਾਲੇ ਐਮਰਜੈਂਸੀ ਹਾਲਤ ਵਿਚ ਮਰੀਜ਼ਾਂ ਅਤੇ ਐਂਬੂਲੈਂਸਾਂ ਨੂੰ ਜਾਮ ਵਿਚ ਫਸੇ ਰਹਿਣਾ ਪੈਂਦਾ ਹੈ।

ਟਰੈਫ਼ਿਕ ਸਮੱਸਿਆ ਏਨੀ ਜ਼ਿਆਦਾ ਵੱਧ ਚੁੱਕੀ ਹੈ ਕਿ ਕਾਹਨੂੰਵਾਨ ਚੌਕ ਤੋਂ ਬੱਸ ਅੱਡੇ ਤੱਕ, ਗੀਤਾ ਭਵਨ ਰੋਡ, ਜੇਲ੍ਹ ਰੋਡ ਅਤੇ ਬਾਜ਼ਾਰਾਂ ਅੰਦਰ ਪਹੁੰਚਣ ਲਈ ਕਾਫ਼ੀ ਸਮਾਂ ਲੱਗ ਜਾਂਦਾ ਹੈ। ਇਸ ਸਬੰਧੀ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਦਾ ਕਾਰਨ ਸ਼ਹਿਰ ਦੇ ਚੌਕਾਂ ਵਿਚ ਟਰੈਫ਼ਿਕ ਲਾਈਟਾਂ ਦਾ ਨਾ ਹੋਣਾ ਵੀ ਹੈ। ਲੋਕਾਂ ਨੇ ਕਿਹਾ ਗੁਰਦਾਸਪੁਰ ਵਿਚ ਸਾਰੇ ਚੌਕ ਟਰੈਫ਼ਿਕ ਲਾਈਟਾਂ ਤੋਂ ਅਜੇ ਤੀਕ ਸੱਖਣੇ ਹਨ। ਉਨ੍ਹਾਂ ਕਿਹਾ ਕਿ ਵਾਹਨ ਸੜਕਾਂ 'ਤੇ ਖੜੇ ਰਹਿਣ ਕਾਰਨ ਵੀ ਸੜਕ ਤੋਂ ਲੰਘਣਾ ਔਖਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਪ੍ਰਸ਼ਾਸਨ ਵੱਲੋਂ ਵਾਹਨਾਂ ਨੂੰ ਪਾਰਕਿੰਗ ਕਰਨ ਲਈ ਨਹਿਰੂ ਪਾਰਕ ਵਿਖੇ ਵਿਸ਼ੇਸ਼ ਜਗ੍ਹਾ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਵਾਹਨ ਚਾਲਕਾਂ ਵਲੋਂ ਬਹੁਤ ਹੀ ਘੱਟ ਉਥੇ ਆਪਣੇ ਵਾਹਨਾਂ ਨੂੰ ਪਾਰਕ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਟਰੈਫ਼ਿਕ ਵਿਭਾਗ ਵੱਲੋਂ ਭਾਰੀ ਜੱਦੋਜਹਿਦ ਕਰਕੇ ਟਰੈਫ਼ਿਕ ਨੂੰ ਕੰਟਰੋਲ ਕੀਤਾ ਜਾਂਦਾ ਹੈ ਪਰ ਫ਼ਿਰ ਵੀ ਟਰੈਫ਼ਿਕ ਸਮੱਸਿਆ ਸ਼ਹਿਰ ਅੰਦਰ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਸ਼ਹਿਰ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਵੱਲ ਵਿਸ਼ੇਸ਼ ਧਿਆਨ ਦੇ ਕੇ ਇਸ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ਤਾਂ ਜੋ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੀ ਯਾਦ 'ਚ ਤਪੱਸਿਆ ਦਿਹਾੜਾ ਮਨਾਇਆ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਰੇਲਵੇ ਸਟੇਸ਼ਨ ਅੰਮ੍ਰਿਤਸਰ ਦੇ ਬਾਹਰ ਅਪਾਹਜ, ਬਿਮਾਰਾਂ ਦੀ ਸੇਵਾ ਨੂੰ ਯਾਦ ਕਰਦਿਆਂ ਸੇਵਾ ਤਪੱਸਿਆ ਦਿਨ ਮਨਾਇਆ ਗਿਆ।ਇਸ ਮੌਕੇ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਦੀ ਰਹਿਨੁਮਾਈ ਹੇਠ ਇਹ ਤਪੱਸਿਆ ਦਿਹਾੜਾ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਭਗਤ ਪੂਰਨ ਸਿੰਘ ਨੂੰ ਯਾਦ ਕਰਦਿਆ ਮਨਾਇਆ ਗਿਆ।ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਇਸ ਅਸਥਾਨ ਤੇ ਮਹਾਨ ਦਰਵੇਸ਼ ਭਗਤ ਪੂਰਨ ਸਿੰਘ ਨੇ ਲੋੜਵੰਦ ਅਪਾਹਜਾਂ ਦੀ ਸੇਵਾ ਮੁਹਿੰਮ ਆਰੰਭ ਕਰਕੇ ਪਿੰਗਲਵਾੜਾ ਹੋਂਦ ਵਿਚ ਲਿਆਂਦਾ।ਦੇਸ਼ ਦੀ ਵੰਡ ਤੋਂ ਬਾਅਦ ਪਹਿਲਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਲੱਗੇ ਰਫ਼ਿਊਜੀ ਕੈਂਪ ਵਿਚ ਪੁੱਜ ਕੇ ਸੇਵਾ ਕੀਤੀ। ਇਸ ਕੈਂਪ ਵਿੱਚ 25000 ਸ਼ਰਨਾਰਥੀ ਸਨ।ਉਸ ਸਮੇਂ ਕੈਂਪ ਵਿੱਚ ਲੋੜਵੰਦਾਂ ਦੀ ਸੇਵਾ ਕਰਨ ਵਾਲਾ ਹੋਰ ਕੋਈ ਨਹੀਂ ਸੀ।ਇਹ ਕੈਂਪ 31 ਦਸੰਬਰ 1947 ਤਕ ਰਿਹਾ।ਕੁਝ ਦੇਰ ਭਗਤ ਜੀ ਨੇ ਚੀਫ਼ ਖ਼ਾਲਸਾ ਦੀਵਾਨ ਦਫ਼ਤਰ ਦੇ ਬਾਹਰ ਸੜਕ ਦੇ ਕੰਢੇ ਤੇ ਹੱਥੀਂ ਸੇਵਾ ਕੀਤੀ।ਉਸ ਤੋਂ ਬਾਅਦ ਰੇਲਵੇ ਸਟੇਸ਼ਨ ਦੇ ਸਾਹਮਣੇ ਟਾਂਗਾ ਸਟੈਂਡ ਦੇ ਫੁੱਟਪਾਥ 'ਤੇ ਕਈ ਮਹੀਨੇ ਅਪਾਹਜਾਂ ਦੀ ਸੇਵਾ ਕਰਦੇ ਰਹੇ।ਇਹ ਸੇਵਾ ਭਗਤ ਜੀ ਨੇ ਜਨਵਰੀ 1948 ਤੋਂ ਆਰੰਭ ਕੀਤੀ।ਇਸ ਮੌਕੇ ਬੁਲਾਰਿਆਂ ਵੱਲੋਂ ਭਗਤ ਪੂਰਨ ਸਿੰਘ ਦੇ ਜੀਵਨ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਕੀਤੀ ਨਿਸ਼ਕਾਮ ਸੇਵਾਵਾਂ ਉਪਰ ਬੜੇ ਵਿਸਥਾਰ ਸਹਿਤ ਝਾਤ ਪਈ।ਇਸ ਮੌਕੇ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਐੱਮਐੱਲਏ ਉਚੇਚੇ ਤੌਰ 'ਤੇ ਪਹੁੰਚੇ।ਇਸ ਮੌਕੇ ਸੇਵਾਦਾਰਾਂ ਵੱਲੋਂ ਪਿੰਗਲਵਾੜਾ ਦਾ ਮੁਫ਼ਤ ਲਿਟਰੇਚਰ ਵੀ ਵੰਡਿਆ ਗਿਆ।ਪ੍ਰੀਤਮ ਢਾਬੇ ਅਤੇ ਜੋਗਿੰਦਰ ਢਾਬੇ ਵਾਲਿਆਂ ਨੇ ਲੰਗਰ ਦੀ ਸੇਵਾ ਨਿਭਾਈ।ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ-ਪ੍ਰਧਾਨ ਪਿੰਗਲਵਾੜਾ ਸੋਸਾਇਟੀ, ਮੁਖਤਾਰ ਸਿੰਘ ਗੁਰਾਇਆ ਆਨਰੇਰੀ ਸਕੱਤਰ ਪਿੰਗਲਵਾੜਾ ਸੋਸਾਇਟੀ, ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੋਸਾਇਟੀ, ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ ਸੋਸਾਇਟੀ, ਪ੍ਰੀਤਇੰਦਰਜੀਤ ਕੌਰ ਮੈਂਬਰ ਪਿੰਗਲਵਾੜਾ ਸੋਸਾਇਟੀ, ਪਰਮਿੰਦਰਜੀਤ ਸਿੰਘ ਭੱਟੀ ਮੁਖ ਪ੍ਰਸ਼ਾਸਕ ਪਿੰਗਲਵਾੜਾ ਅੰਮ੍ਰਿਤਸਰ, ਅਮਰਜੀਤ ਸਿੰਘ ਗਿੱਲ ਪ੍ਰਸ਼ਾਸਕ ਮਾਨਾਂਵਾਲਾ ਬ੍ਰਾਂਚ, ਡਾ. ਨਿਰਮਲ ਸਿੰਘ, ਤਿਲਕ ਰਾਜ ਜਨਰਲ ਮੈਨੇਜਰ, ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਸੁਰਿੰਦਰ ਕੌਰ ਭੱਟੀ, ਗੁਲਸ਼ਨ ਰੰਜਨ ਮੈਡੀਕਲ ਸ਼ੋਸਲ ਵਰਕਰ ਅੰਮ੍ਰਿਤਸਰ, ਹਰਪਾਲ ਸਿੰਘ ਮੈਡੀਕਲ ਸ਼ੋਸਲ ਵਰਕਰ ਪਲਸੌਰਾ, ਨਰਿੰਦਰਪਾਲ ਸਿੰਘ ਸੋਹਲ, ਬਲਵਿੰਦਰ ਸਿੰਘ ਸਾਂਘਣਾ, ਮਾਸਟਰ ਅਜੀਤ ਸਿੰਘ, ਪਵਨ ਸ਼ਰਮਾ, ਲਖਬੀਰ ਸਿੰਘ ਲੱਖਾ, ਸ਼ਲਇੰਦਰਜੀਤ ਸਿੰਘ, ਰਵਿੰਦਰ ਸਿੰਘ ਗੁਰਿੰਦਰ ਸਿੰਘ ਪ੍ਰਿੰਟਵੈੱਲ, ਪੁਸ਼ਪਿੰਦਰ ਸਿੰਘ ਟਾਟਾ ਕੰਪਨੀ, ਗੁਰਬਖਸ਼ ਸਿੰਘ ਬੱਗਾ ਬਾਬਾ ਦੀਪ ਸਿੰਘ ਸੇਵਾ ਸੁਸਾਇਟੀ, ਏਕ ਜੋਤ ਲੰਗਰ ਸੁਸਾਇਟੀ ਅਵਤਾਰ ਸਿੰਘ ਘੁੱਲਾ ਆਦਿ ਸਾਥੀ ਸੇਵਾ ਵਿਚ ਹਾਜ਼ਰ ਸਨ।ਤ੍ਰਿਲੋਕ ਸਿੰਘ ਚੀਫ ਏਰੀਆ ਮੈਨੇਜਰ ਰੇਲਵੇ ਸਟੇਸ਼ਨ ਅੰਮ੍ਰਿਤਸਰ ਅਤੇ ਸਹਾਇਕ ਦਲਜੀਤ ਸਿੰਘ ਖਾਸ ਤੌਰ 'ਤੇ ਹਾਜ਼ਰੀ ਭਰੀ।

# ਦਰ-ਦਰ ਦੀਆਂ ਠੋਕਰਾਂ ਖਾ ਰਹੇ ਬਾਪੂ ਨਿਸ਼ਾਨ ਸਿੰਘ ਦੀ ਪ੍ਰਸ਼ਾਸਨ ਨੂੰ ਫਰਿਆਦ



ਗੁਰਦਾਸਪੁਰ (ਜਨਕ ਮਹਾਜਨ)-ਬਜ਼ੁਰਗ ਨਸ਼ਾਨ ਸਿੰਘ ਜੀਵਨ ਦੁਬਰ ਹੋਣ ਨਾਲ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋਣ ਦੀ ਖਬਰ ਮਿਲੀ ਹੈ। ਪੀੜਤ ਬਜ਼ੁਰਗ ਨਿਸ਼ਾਨ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬੱਬੇਹਾਲੀ ਗੁਰਦਾਸਪੁਰ ਨੇ ਦੱਸਿਆ ਕਿ ਮੇਰੇ ਦੋ ਲੜਕੇ ਸਨ ਜਿਸ ਵਿੱਚੋਂ ਇੱਕ ਦੀ ਮੌਤ ਹੋ ਚੁੱਕੀ ਹੈ ਅਤੇ ਦੂਜਾ ਲੜਕਾ ਕੁਲਵੰਤ ਸਿੰਘ ਆਪਣੇ ਪਰਿਵਾਰ ਸਮੇਤ ਆਪਣੀ ਮਾਤਾ ਨਾਲ ਰਹਿ ਰਿਹਾ ਹੈ। ਮੈਂ ਹੁਣ ਇਕੱਲਾ ਹੀ ਰਹਿੰਦਾ ਹਾਂ ਅਤੇ ਮਿਹਨਤ ਮਜ਼ਦੂਰੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਬਜ਼ੁਰਗ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਕੋਲ ਰੋਟੀ ਬਣਾਉਣ ਵਾਲੇ ਬਰਤਨ ਵੀ ਨਹੀਂ ਹਨ ਅਤੇ ਪੀਪੇ 'ਚ ਚੌਲ ਉਬਾਲ ਕੇ ਗੁਜ਼ਾਰਾ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਉਹ ਪਿੰਡ ਅੰਦਰ ਇੱਕ ਧਾਰਮਿਕ ਅਸਥਾਨ ਦੀ ਜਗ੍ਹਾ 'ਤੇ ਕੁੱਲੀ ਬਣਾ ਕੇ ਆਪਣਾ ਜੀਵਨ ਨਿਰਬਾਹ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਪੁੱਤ ਕਪੁੱਤ ਹੋਣ ਜਾਣ ਤਾਂ ਬਜ਼ੁਰਗ ਬਾਪ ਦਾ ਕੋਈ ਜਿਉਣਾ ਨਹੀਂ ਰਹਿੰਦਾ। ਉਸ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਮੇਰੀ ਆਰਥਿਕ ਤੌਰ 'ਤੇ ਮਦਦ ਕੀਤੀ ਜਾਵੇ ਤਾਂ ਜੋ ਮੈਂ ਆਪਣੀ ਬਚੀ ਹੋਈ ਜ਼ਿੰਦਗੀ ਸੌਖੇ ਢੰਗ ਨਾਲ ਬਿਤਾ ਸਕਾਂ।

# ਲਕਸ਼ਮੀ ਨਾਰਾਇਣ ਮੰਦਰ 'ਚ ਸ਼ਨੀ ਦੇਵ ਜਨਮ ਉਤਸਵ 6 ਨੂੰ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਦੀ ਵਾਰਡ ਨੰਬਰ 7 ਨਵੀਂ ਆਬਾਦੀ ਵਿੱਚ ਸਥਿਤ ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਅਜਨਾਲਾ ਵਿਖੇ 6 ਜੂਨ ਦਿਨ ਵੀਰਵਾਰ ਨੂੰ ਸ਼ਨੀ ਦੇਵ ਉਤਸਵ ਬੜੀ ਸ਼ਰਧਾ ਭਾਵਨਾ ਤੇ ਧੂਮ ਧਾਮ ਦੇ ਨਾਲ ਮਨਾਇਆ ਜਾਵੇਗਾ।ਇਹ ਜਾਣਕਾਰੀ ਮੰਦਰ ਦੇ ਸੁਆਮੀ ਸੱਤ ਪ੍ਰਕਾਸ਼ ਸ਼ਰਮਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸ਼ਨੀ ਦੇਵ ਜਨਮ ਉਤਸਵ ਮੌਕੇ ਸ਼ਾਮ 7 ਵਜੇ ਤੋਂ ਲੈ ਕੇ 9 ਵਜੇ ਤੱਕ ਸਤਿਸੰਗ ਹੋਵੇਗਾ।ਭੇਟਾਂ ਗਾਂ ਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।ਇਸ ਮੌਕੇ ਸਾਰਾ ਦਿਨ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ।

ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਬਾਊ ਜਸਪਾਲ ਮਹਿਤਾ, ਪ੍ਰਦੀਪ ਕੁਮਾਰ ਠਾਕੁਰ, ਸ਼ਿਵ ਸ਼ਕਤੀ ਸੇਵਾ ਮੰਡਲ ਅਜਨਾਲਾ ਦੇ ਪ੍ਰਧਾਨ ਡਾ. ਮਨੀਸ਼ ਕੁਮਾਰ ਉਪਲ, ਕਾਹਨਾ ਗਊਸ਼ਾਲਾ ਅਜਨਾਲਾ ਦੇ ਪ੍ਰਧਾਨ ਮਨੋਜ ਕੁਮਾਰ ਮਹਿਤਾ, ਅੰਕੁਸ਼ ਕੁਮਾਰ ਬੰਟੀ ਸ਼ਰਮਾ, ਐਡਵੋਕੇਟ ਸੰਦੀਪ ਕੁਮਾਰ ਕੌਸ਼ਲ, ਅਜੈ ਕੁਮਾਰ ਮਹਿਤਾ, ਪਵਨ ਕੁਮਾਰ ਮਹਿਤਾ, ਡਾ. ਮੋਹਣ ਲਾਲ ਅਜਨਾਲਾ, ਬਬਲੂ ਸ਼ਾਹ, ਰਾਕੇਸ਼ ਕੁਮਾਰ ਵਾਸਦੇਵ, ਮੋਹਿਤ ਸ਼ਰਮਾ, ਸਤਪਾਲ ਸ਼ਰਮਾ, ਧਾਰਮਿਕ ਗਾਇਕ ਅਰਸ਼ ਕੁਮਾਰ ਅਰੋੜਾ, ਸੰਦੀਪ ਕੁਮਾਰ, ਰਾਜੀਵ ਕੁਮਾਰ, ਅਸ਼ਵਨੀ ਕੁਮਾਰ, ਦਾਨਿਸ਼, ਪ੍ਰਦੀਪ ਕੁਮਾਰ, ਲੋਕੇਸ਼ ਸਲਵਾਨ, ਰਿਆਸ ਕੁਮਾਰ ਉਪਲ, ਪ੍ਰਸ਼ੋਤਮ ਸ਼ਰਮਾ ਆਦਿ ਹਾਜ਼ਰ ਸਨ।

# ਸੜਕਾਂ 'ਤੇ ਆਵਾਰਾ ਘੁੰਮਦੇ ਪਸ਼ੂਆਂ ਕਾਰਨ ਵਧ ਰਹੇ ਹਨ ਹਾਦਸੇ, ਜ਼ਿਲ੍ਹਾ ਪ੍ਰਸ਼ਾਸਨ ਧਿਆਨ ਦੇਵੇ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੜਕਾਂ 'ਤੇ ਫ਼ਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਨਸੀਬ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸੜਕਾਂ 'ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿੱਥੇ ਫ਼ਸਲਾਂ ਨੂੰ ਖ਼ਰਾਬ ਕਰਦੇ ਹਨ ਉਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਗੁੱਜਰਾਂ ਵਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ ਦੇ ਕੰਢਿਆਂ 'ਤੇ ਚਾਰਾ ਚੁਗਣ ਲਈ ਲਿਜਾਇਆ ਜਾਂਦਾ ਹੈ। ਇਹ ਪਸ਼ੂਆਂ ਦੇ ਝੁੰਡੇ ਸੜਕ ਕੰਢੇ ਚੁਗਦੇ-ਚੁਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ ਜਿਸ ਨਾਲ ਕਈ ਵਾਰ ਵਹੀਕਲ ਚਾਲਕ ਜ਼ਖਮੀ ਹੋ ਕੇ ਸੱਟਾਂ ਲਗਵਾ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ।

ਉਨ੍ਹਾਂ ਕਿਹਾ ਪ੍ਰਸ਼ਾਸਨ ਵਲੋਂ ਸੜਕ 'ਤੇ ਘੁੰਮਦੇ ਪਸ਼ੂਆਂ ਦੇ ਝੁੰਡਾਂ 'ਤੇ ਪਾਬੰਦੀ ਲਗਾਈ ਗਈ ਹੈ ਪਰ ਫ਼ਿਰ ਵੀ ਇਨ੍ਹਾਂ ਪਸ਼ੂਆਂ ਦੇ ਝੁੰਡ ਆਮ ਹੀ ਸੜਕ 'ਤੇ ਫ਼ਿਰਦੇ ਦੇਖੇ ਜਾ ਸਕਦੇ ਹਨ।

ਉਨ੍ਹਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਅਗਾਂਹ ਤੋਂ ਆਵਾਜਾਈ ਵਿਚ ਕੋਈ ਵਿਘਨ ਨਾ ਪੈ ਸਕੇ।

# ਧਾਲੀਵਾਲ ਦੁੱਖ ਸਾਂਝਾ ਕਰਨ ਮ੍ਰਿਤਕ ਦੀਪੂ ਲੱਖੋਵਾਲੀਆ ਦੇ ਘਰ ਪਹੁੰਚੇ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਵੋਟਿੰਗ ਤੋਂ ਕੁਝ ਘੰਟੇ ਪਹਿਲਾਂ ਅਜਨਾਲਾ ਦੇ ਪਿੰਡ ਲੱਖੂਵਾਲ ਵਿੱਚ ਦੇਰ ਸ਼ਾਮ ਆਮ ਆਦਮੀ ਪਾਰਟੀ ਦੇ ਵਰਕਰ ਦੀਪਇੰਦਰ ਸਿੰਘ ਦੀਪੂ ਲੱਖੂਵਾਲੀਆ ਅਤੇ ਨਾਲ ਬੈਠੇ ਨੌਜਵਾਨਾਂ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਜਿਸ 'ਤੇ ਦੀਪੂ ਲੱਖੂਵਾਲੀਆ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਚਾਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ।

ਕੈਬਨਿਟ ਮੰਤਰੀ ਅਤੇ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਮ੍ਰਿਤਕ ਦੀਪੂ ਲੱਖੂਵਾਲੀਆ ਦੇ ਘਰ ਉਸਦੇ ਪਰਿਵਾਰਕ ਵਾਰਸਾਂ ਨਾਲ ਅਫਸੋਸ ਕਰਨ ਪਹੁੰਚੇ ਅਤੇ ਨਾਲ ਹੀ ਜ਼ੇਰੇ ਇਲਾਜ ਜ਼ਖਮੀਆਂ ਦਾ ਵੀ ਹਸਪਤਾਲ ਜਾ ਕੇ ਹਾਲ-ਚਾਲ ਪੁੱਛਿਆ।ਇਸ ਮੌਕੇ ਗੱਲਬਾਤ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਇਹ ਬਹੁਤ ਮਾੜੀ ਘਟਨਾ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਪਰਿਵਾਰ ਦੇ ਨਾਲ ਹਨ ਅਤੇ ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਦੇ ਨਾਲ ਇਸ ਸਬੰਧੀ ਗਹਿਰਾਈ ਨਾਲ ਜਾਂਚ ਕਰ ਕੇ ਜਲਦ ਤੋਂ ਜਲਦ ਦੋਸ਼ੀਆਂ ਨੂੰ ਕਾਬੂ ਕਰਨ ਦੀ ਗੱਲ ਕਹੀ ਗਈ ਹੈ।

# ਚੋਣਾਂ ਦੌਰਾਨ ਜਿੱਥੇ ਮਿਹਨਤੀ ਵਰਕਰਾਂ ਨੇ ਪੂਰਾ ਤਾਣ ਲਾਇਆ ਉੱਥੇ ਦੋਹੀਂ ਪਾਸੀਂ ਖੇਡਣ ਵਾਲਿਆਂ ਦੇ ਵੀ ਦਰਸ਼ਨ ਹੋਏ: ਭੁੱਲਰ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਿਛਲੇ ਦੋ ਦਿਨਾਂ ਤੋਂ ਇਲੈਕਸ਼ਨ ਖ਼ਤਮ ਹੋਣ ਤੋਂ ਬਾਅਦ ਵੀ ਆਪਣੇ ਗ੍ਰਹਿ ਬਣੇ ਦਫਤਰ ਵਿਖੇ ਰੋਜ਼ਾਨਾ ਦੀ ਤਰ੍ਹਾਂ ਆਪਣੇ ਹਲਕੇ ਅਤੇ ਸ਼ਹਿਰ ਵਾਸੀਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣ ਰਹੇ ਹਨ ਅਤੇ ਮੌਕੇ 'ਤੇ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ।ਜ਼ਿਕਰਯੋਗ ਹੈ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਖ਼ਤਮ ਹੋਣ ਤੋ ਬਾਅਦ ਜਿੱਥੇ ਬਾਕੀ ਉਮੀਦਵਾਰ ਆਰਾਮ ਫਰਮਾ ਰਹੇ ਹਨ ਉਥੇ ਲਾਲਜੀਤ ਸਿੰਘ ਭੁੱਲਰ ਰੋਜ਼ਾਨਾ ਦੀ ਤਰ੍ਹਾਂ ਆਪਣੇ ਗ੍ਰਹਿ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਉਨਾਂ ਦਾ ਹੱਲ ਕਰਵਾ ਰਹੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਇਲੈਕਸ਼ਨ ਵਿੱਚ ਭਾਵੇਂ ਜਿੰਨੀ ਮਰਜ਼ੀ ਥਕਾਵਟ ਹੋ ਜਾਵੇ ਪਰ ਉਨ੍ਹਾਂ ਨੂੰ ਆਰਾਮ ਸੰਗਤ ਵਿੱਚ ਬੈਠ ਕੇ ਹੀ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕੋ ਕਹਿਣਾ ਹੈ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਦੂਰ ਨਾ ਜਾਣਾ ਪਵੇ ਤੇ ਸਰਕਾਰ ਲੋਕਾਂ ਵਿੱਚ ਰਹਿ ਕੇ ਕੰਮ ਕਰੇ, ਜਿਸ ਤਹਿਤ ਉਨ੍ਹਾਂ ਵੱਲੋਂ ਲਗਾਤਾਰ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਨੇ ਹਲਕੇ ਦੇ ਵੋਟਰਾਂ ਅਤੇ ਸਪੋਟਰਾਂ ਅਪਣੇ ਵਰਕਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਪਿਛਲੇ ਦੋ ਮਹੀਨੇ ਤੋਂ ਉਨ੍ਹਾਂ ਦੀ ਜਿੱਤ ਲਈ ਦਿਨ-ਰਾਤ ਇਕ ਕਰ ਦਿੱਤਾ।ਉਨ੍ਹਾਂ ਕਿਹਾ ਕਿ ਜਿਹੜੇ ਵਰਕਰ ਅਪਣੇ ਅਪਣੇ ਬੂਥਾਂ ਤੇ ਪੋਲਿੰਗ ਏਜੰਟ ਬਣੇ, ਜਿਨ੍ਹਾਂ ਨੇ ਵੋਟਾਂ ਭੁਗਤਾਈਆਂ, ਪੂਰੀ ਮਿਹਨਤ ਕੀਤੀ ਤੇ ਉਨ੍ਹਾਂ ਨੂੰ ਪਾਰਟੀ ਵਲੋਂ ਪੂਰਾ ਮਾਣ ਸਨਮਾਨ ਮਿਲੇਗਾ ਅਤੇ ਉਨ੍ਹਾਂ ਦੇ ਕੰਮ ਵੀ ਪਹਿਲ ਦੇ ਆਧਾਰ 'ਤੇ ਹੋਣਗੇ।ਉਨ੍ਹਾਂ ਕਿਹਾ ਕਿ ਜਿਹੜੇ ਬੰਦੇ ਦੋ ਪਾਸੀਂ ਖੇਡਦੇ ਰਹੇ ਹਨ ਉਨ੍ਹਾਂ ਦਾ ਅਸਲ ਚਿਹਰਾ ਵੀ ਸਾਹਮਣੇ ਆ ਗਿਆ ਹੈ। ਸਾਰਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੇ ਦੋਗਲੇ ਬੰਦਿਆਂ ਤੋਂ ਪਾਰਟੀ ਕਿਨਾਰਾ ਕਰੇਗੀ ਅਤੇ ਪਾਰਟੀ ਪ੍ਰਤੀ ਵਫਾਦਾਰੀ ਨਾਲ ਕੰਮ ਕਰਨ ਵਾਲੇ ਨੂੰ ਹੀ ਅੱਗੇ ਲੈ ਕੇ ਆਵੇਗੀ।ਉਨ੍ਹਾਂ ਕਿਹਾ ਕਿ ਪ੍ਰਮਾਤਮਾ ਦੀ ਕਿਰਪਾ ਨਾਲ ਉਹ ਪਾਰਲੀਮੈਂਟ ਜਾ ਕੇ ਵੀ ਲੋਕਾਂ ਦੇ ਕੰਮ ਅਪਣੇ ਪੱਟੀ ਦੱਫਤਰ ਵਿੱਚ ਬੈਠ ਕੇ ਇਸੇ ਤਰ੍ਹਾਂ ਹੀ ਕਰਨਗੇ।ਇਸ ਮੌਕੇ ਵਰਿੰਦਰਜੀਤ ਸਿੰਘ ਹੀਰਾ ਭੁੱਲਰ, ਵਿਕਾਸ ਕੁਮਾਰ ਮਿੰਟਾ, ਸੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ ਪੱਟੀ, ਲੀਗਲ ਐਡਵਾਈਜ਼ਰ ਜਗਦੀਪ ਮਹਿਤਾ, ਐਡਵੋਕੇਟ ਮਨਦੀਪ ਸਿੰਘ ਭੁੱਲਰ, ਆੜਤੀ ਯੂਨੀਅਨ ਦੇ ਪ੍ਰਧਾਨ ਰਾਜਬੀਰ ਸਿੰਘ, ਗੁਰਦਿਆਲ ਸਿੰਘ ਭੁੱਲਰ, ਪਲਵਿੰਦਰ ਸਿੰਘ ਭੋਲਾ ਰਾੜੀਆ, ਕਮਲ ਕੁਮਾਰ ਆਦਿ ਹਾਜ਼ਰ ਸਨ।

# ਬੀਬੀ ਪਰਮਜੀਤ ਕੌਰ ਕੰਗ ਵੱਲੋਂ ਬੇਸ਼ਕੀਮਤੀ ਕਿਤਾਬਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਨੂੰ ਭੇਟ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਲਾਇਬ੍ਰੇਰੀ ਲਈ ਸਾਬਕਾ ਡਾਇਰੈਕਟਰ ਪ੍ਰੋ. ਡਾ. ਗੁਲਜ਼ਾਰ ਸਿੰਘ ਕੰਗ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਕੰਗ ਵੱਲੋਂ 2300 ਦੇ ਕਰੀਬ ਬੇਸ਼ਕੀਮਤੀ ਕਿਤਾਬਾਂ, ਵੱਖ-ਵੱਖ ਮਿਆਰੀ ਰਸਾਲੇ ਤੇ ਸਰੋਤ ਗ੍ਰੰਥ ਭੇਟ ਕੀਤੇ ਗਏ ਹਨ।ਇਸ ਗੱਲ ਦੀ ਜਾਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਪ੍ਰੋ. ਡਾ. ਅਮਰਜੀਤ ਸਿੰਘ ਦੇ ਵੱਲੋਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ 5 ਫਰਵਰੀ 2015 ਤੋਂ ਲੈ ਕੇ 17 ਮਈ 2017 ਤੱਕ ਵਿਭਾਗ ਦੇ ਡਾਇਰੈਕਟਰ ਰਹੇ ਪ੍ਰੋ. ਡਾ. ਗੁਲਜ਼ਾਰ ਸਿੰਘ ਕੰਗ ਦੀ ਪਹਿਲਾਂ ਵੀ ਬਹੁਤ ਵੱਡੀ ਦੇਣ ਹੈ।ਉਨ੍ਹਾਂ ਦੀ ਯੋਗ ਅਗਵਾਈ ਦੇ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਨਾਲ ਜੁੜੇ ਹਰੇਕ ਵਰਗ ਨੂੰ ਜਿੱਥੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਜੁੜਨ, ਪੜ੍ਹਨ, ਵਾਚਣ ਤੇ ਵਿਚਾਰਨ ਦਾ ਮੌਕਾ ਮਿਲਿਆ ਉਥੇ ਸਿੱਖ ਵਿਰਾਸਤੀ ਇਤਿਹਾਸ, ਰਹੁ-ਰੀਤਾਂ, ਰਵਾਇਤਾਂ ਤੇ ਪਰੰਪਰਾਵਾਂ ਨੂੰ ਵੀ ਜਾਣਨ ਤੇ ਜਾਂਚਣ ਦਾ ਮੌਕਾ ਮਿਲਿਆ ।ਉਨ੍ਹਾਂ ਦੱਸਿਆ ਕਿ ਸਾਬਕਾ ਡਾਇਰੈਕਟਰ ਪ੍ਰੋ. ਡਾ. ਗੁਲਜ਼ਾਰ ਸਿੰਘ ਕੰਗ ਦੀ ਧਰਮ ਪਤਨੀ ਪਰਮਜੀਤ ਕੌਰ ਕੰਗ ਵੱਲੋਂ ਕੇਂਦਰ ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ ਗਈਆਂ 2300 ਦੇ ਕਰੀਬ ਬੇਸ਼ਕੀਮਤੀ ਕਿਤਾਬਾਂ, ਵੱਖ-ਵੱਖ ਮਿਆਰੀ ਰਸਾਲੇ ਤੇ ਸਰੋਤ ਗ੍ਰੰਥ ਵਿਦਿਆਰਥੀਆਂ ਤੇ ਪਾਠਕਾਂ ਦੇ ਨਾਲ-ਨਾਲ ਅਧਿਆਪਨ ਤੇ ਗੈਰ-ਅਧਿਆਪਨ ਸਟਾਫ ਦੇ ਗਿਆਨ ਤੇ ਦੂਰਅੰਦੇਸ਼ੀ ਸੋਚ ਵਿੱਚ ਹੋਰ ਵੀ ਵਾਧਾ ਕਰਨਗੇ।ਉਨ੍ਹਾਂ ਕਿਹਾ ਕਿ ਕੰਗ ਪਰਿਵਾਰ ਦੇ ਇਸ ਉਪਰਾਲੇ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਥੋੜੀ ਹੈ।ਉਨ੍ਹਾਂ ਕਿਹਾ ਕਿ ਸਮੁੱਚੇ ਵਰਗਾਂ ਨੂੰ ਸੰਜੀਦਗੀ ਤੇ ਸੁਹਿਰਦਤਾ ਦੇ ਨਾਲ ਵਿਚਰਦਿਆਂ ਇਨ੍ਹਾਂ ਦੀ ਸ਼ਬਦਾਵਲੀ ਤੋਂ ਲਾਹਾ ਲੈਣਾ ਚਾਹੀਦਾ ਹੈ।ਇਸ ਮੌਕੇ ਸਾਬਕਾ ਡਾਇਰੈਕਟਰ ਤੇ ਸਵ. ਪਤੀ ਪ੍ਰੋ. ਡਾ. ਗੁਲਜ਼ਾਰ ਸਿੰਘ ਕੰਗ ਨੂੰ ਯਾਦ ਕਰਦਿਆਂ ਬੀਬੀ ਪਰਮਜੀਤ ਕੌਰ ਕੰਗ ਨੇ ਕਿਹਾ ਕਿ ਸਵ. ਪ੍ਰੋ. ਡਾ. ਕੰਗ ਨੇ ਇਸ ਵਿਭਾਗ ਨੂੰ ਆਪਣੀਆਂ ਮਿਸਾਲੀ ਸੇਵਾਵਾਂ ਦਿੰਦਿਆਂ ਇਸ ਦੀ ਕਾਰਜਸ਼ੈਲੀ ਨੂੰ ਪਹਿਲਾਂ ਨਾਲੋਂ ਚੁਸਤ-ਦਰੁਸਤ ਬਣਾਉਣ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕੀਤੀ ਹੈ।ਇੱਥੇ ਹੀ ਬੱਸ ਨਹੀਂ, ਉਨ੍ਹਾਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਵੀ ਆਪਣਾ ਬਣਦਾ ਯੋਗਦਾਨ ਪਾਇਆ ਤੇ ਵਿਦਿਆਰਥੀ ਵਰਗ ਨੂੰ ਇਸ ਪ੍ਰਤੀ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਯੋਜਨਾਵਾ ਨੂੰ ਅਮਲੀ ਜਾਮਾ ਪਹਿਨਾਇਆ। ਉਨ੍ਹਾਂ ਕਿਹਾ ਕਿ ਉਹ ਇਸ ਵਿਭਾਗ ਦਾ ਦਿਲੀ ਤੌਰ 'ਤੇ ਆਦਰ ਸਤਿਕਾਰ ਕਰਦੇ ਹਨ ਤੇ ਮਾਨਸਿਕ ਤੌਰ 'ਤੇ ਇਸ ਨਾਲ ਜੁੜੇ ਰਹਿਣ ਦੇ ਕਾਰਨ ਹੀ ਹਾਜ਼ਰ ਹੋ ਕੇ ਇਸ ਸ਼ੁੱਭ ਕਾਰਜ ਨੂੰ ਹੱਥੀਂ ਨਿਬੇੜਨ ਦਾ ਬੀੜਾ ਉਠਾਇਆ। ਉਨ੍ਹਾਂ ਕਿਹਾ ਕਿ ਇਸ ਵਿਭਾਗ ਦੇ ਨਾਲ ਸਵ. ਪ੍ਰੋ. ਡਾ. ਕੰਗ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ ਅਤੇ ਉਨ੍ਹਾਂ ਵੱਲੋਂ ਆਰੰਭੇ ਗਏ ਕਾਰਜਾਂ ਨੂੰ ਨੇਪਰੇ ਚੜ੍ਹਾਉਣਾ ਹੁਣ ਮੇਰੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾਂ ਵਿਦਿਆਰਥੀ ਵਰਗ ਨੂੰ ਉਨ੍ਹਾਂ ਵੱਲੋਂ ਲਾਇਬ੍ਰੇਰੀ ਦੇ ਵਿੱਚ ਭੇਟ ਕੀਤੀਆਂ ਕਿਤਾਬਾਂ, ਵੱਖ-ਵੱਖ ਮਿਆਰੀ ਰਸਾਲੇ ਤੇ ਸਰੋਤ ਗ੍ਰੰਥ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਕਮਲਜੀਤ ਕੌਰ ਗਿੱਲ, ਬਲਬੀਰ ਸਿੰਘ ਗਿੱਲ, ਡਾ. ਜੀ. ਐੱਸ. ਬਾਜਵਾ, ਮਨਰੂਪ ਕੌਰ ਕੰਗ ਆਦਿ ਹਾਜ਼ਰ ਸਨ।

# ਵਿੱਤੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਬੀ ਪੀ ਓ (ਐਲੀ:) ਖਿਲਾਫ਼ ਕਾਰਵਾਈ ਨਾ ਕਰਨਾ ਮੇਰੀ ਸਮਝ ਤੋਂ ਪਰ੍ਹੇ : ਡੀ ਈ ਓ

**ਵੇਰਕਾ (ਰਾਣਾ)**—ਬਲਾਕ ਸਿੱਖਿਆ ਅਫ਼ਸਰ (ਐਲੀ:) ਕਾਦੀਆਂ-2 ਜ਼ਿਲਾ ਗੁਰਦਾਸਪੁਰ ਵੱਲੋਂ ਆਪਣੇ ਅਧਿਕਾਰਾਂ ਦਾ ਦੁਰਉਪਯੋਗ ਕਰਦੇ ਹੋਏ ਆਪਣਾ ਪਰਖ ਕਾਲ ਖੁਦ ਕਲੀਅਰ ਕਰਨ ਦੇ ਬਹੁ-ਚਰਚਿਤ ਮਾਮਲੇ 'ਚ ਭ੍ਰਿਸ਼ਟ ਸੀਨੀ: ਸਹਾਇਕ (ਅਮਲਾ-1) ਡੀ.ਪੀ.ਆਈ (ਐਲੀ:) ਦਫ਼ਤਰ ਐੱਸ. ਏ. ਐੱਸ. ਨਗਰ ਅਤੇ ਜ਼ਿਲਾ ਸਿੱਖਿਆ (ਐਲੀ:) ਦਫ਼ਤਰ (ਅਮਲਾ-2) ਗੁਰਦਾਸਪੁਰ ਦੇ ਡੀਲਿੰਗ ਹੈਂਡ ਸੀਨੀ: ਸਹਾਇਕ ਦੀ ਕਥਿਤ ਮਿਲੀਭੁਗਤ ਕਾਰਨ ਹੀ ਸਿੱਖਿਆ ਮਹਿਕਮੇ ਦੇ ਉਚ ਅਧਿਕਾਰੀਆਂ ਵੱਲੋਂ ਉਕਤ ਬੀ. ਪੀ. ਓ. ਖਿਲਾਫ ਡੇਢ ਸਾਲ ਤੋਂ ਕੋਈ ਕਾਰਵਾਈ ਨਾ ਕੀਤੇ ਜਾਣ ਦਾ ਸਨਸਨੀਖੇਜ਼ ਖੁਲਾਸਾ ਹੋਇਆ ਹੈ। ਇਸ ਸੰਬੰਧੀ ਜਿਲੇ ਅੰਦਰ ਨਵ-ਨਿਯੁਕਤ ਹੋਏ ਡੀ. ਈ. ਓ. (ਐਲੀ: ਸਿੱ:) ਗੁਰਦਾਸਪੁਰ ਪਰਮਜੀਤ ਨੇ ਉਕਤ ਪ੍ਰਤੀਨਿਧੀ ਨੂੰ ਇਸ ਸੰਬੰਧੀ ਜਾਣਕਾਰੀ ਦਿੱਤੀ ਕਿ ਇਸ ਮਾਮਲੇ ਦੀ ਫਾਈਲ ਵਾਰ-ਵਾਰ ਮੰਗਣ ਉਪਰੰਤ ਵੀ ਹਾਲੇ ਤੱਕ ਦਫ਼ਤਰ ਦੇ ਸੀਨੀ: ਸਹਾਇਕ ਪ੍ਰਬੋਧ ਕੁਮਾਰ ਨੇ ਪੇਸ਼ ਨਹੀਂ ਕੀਤੀ।ਇਸ ਲਈ ਉਪਰੋਕਤ ਮਾਮਲੇ ਦੀ ਮੈਨੂੰ ਕੋਈ ਜਾਣਕਾਰੀ ਜਾਂ ਮੌਜੂਦਾ ਸਥਿਤੀ ਬਾਰੇ ਪਤਾ ਨਹੀਂ ਹੈ। ਉਨ੍ਹਾਂ ਆਖਿਆ ਕਿ ਵਿਭਾਗੀ/ਵਿੱਤੀ ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਬੀ. ਪੀ. ਓ. (ਐਲੀ:) ਬਲਾਕ ਕਾਦੀਆਂ-2 ਦਾ ਕੇਸ ਦੱਬ ਲੈਣਾ, ਮੇਰੀ ਸਮਝੋਂ ਪਰ੍ਹੇ ਹੈ।ਇਸ ਦੌਰਾਨ ਜ਼ਿਲਾ ਸਿੱਖਿਆ ਅਧਿਕਾਰੀ ਗੁਰਦਾਸਪੁਰ ਪਰਮਜੀਤ ਨੇ ਹੈਰਾਨੀ ਪ੍ਰਗਟਾਈ ਕਿ ਨਿਯਮਾਂ ਨੂੰ ਨਜ਼ਰਅੰਦਾਜ਼ ਕਰਕੇ ਬੀ. ਪੀ. ਓ. ਪਿਛਲੇ ਡੇਢ ਸਾਲ ਤੋਂ ਗਲਤ ਖੁਦ ਤਨਖ਼ਾਹ ਸਮੇਤ ਭੱਤੇ ਫਿਕਸ ਕਰਦਾ ਹੋਇਆ ਲੱਖਾਂ ਰੁਪਏ ਲੈਂਦਾ ਹੈ।ਪ੍ਰੰਤੂ ਇੱਥੇ ਭੂਤਕਾਲ ਸਮੇਂ ਤੋਂ ਤੈਨਾਤ ਰਹੇ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਗੁਰਦਾਸਪੁਰ ਨੇ ਸਰਕਾਰ ਦੀਆਂ ਹਿਦਾਇਤਾਂ/ਨਿਯਮਾਂ ਅਨੁਸਾਰ ਬੀ. ਪੀ. ਓ. ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ।ਹੁਣ ਡੀਲਿੰਗ ਹੈਂਡ ਸੀਨੀ: ਸਹਾਇਕ ਪ੍ਰਬੋਧ ਕੁਮਾਰ ਵੱਲੋਂ ਇਸ ਮਾਮਲੇ ਦੀ ਮਿਸਲ ਨਾ ਦੇਣਾ ਕਈ ਅਸ਼ੰਕੇ ਪੈਦਾ ਕਰਦਾ ਹੈ।ਇਸ ਸੰਬੰਧੀ ਕੁਲਜੀਤ ਸਿੰਘ ਵੇਰਕਾ ਸੇਵਾਮੁਕਤ ਸੈਂਟਰ ਹੈੱਡਟੀਚਰ ਅਤੇ ਜ਼ਿਲਾ ਜਨਰਲ ਸਕੱਤਰ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਨੇ ਆਖਿਆ ਕਿ ਜੇਕਰ ਮੈਂ ਉਪਰੋਕਤ ਮਾਮਲੇ ਦੀ ਪੈਰਵਾਈ ਨਾ ਕਰਦਾ ਹੁੰਦਾ, ਤਦ ਆਲਮ ਕੀ ਹੋਣਾ ਸੀ।ਫਿਰ ਵੀ ਡੇਢ ਸਾਲ ਤੋਂ ਸਵੈ-ਸਪੱਸ਼ਟ ਵਿਭਾਗੀ/ਵਿੱਤੀ ਨਿਯਮਾਂ ਦੀ ਹੋਈ ਘੋਰ ਉਲੰਘਣਾਂ ਦੇ ਬਾਵਜੂਦ ਵੀ ਕੋਈ ਕਾਨੂੰਨੀ ਕਾਰਵਾਈ ਨਾ ਕੀਤੇ ਜਾਣਾ ਸਿੱਧਾ ਭ੍ਰਿਸ਼ਟਾਚਾਰ ਵੱਲ ਸੰਕੇਤ ਹੈ, ਨਾਲੇ ਉਚ ਅਧਿਕਾਰੀਆਂ ਦੀ ਕਾਰਜਸ਼ੈਲੀ 'ਤੇ ਵੀ ਸਵਾਲੀਆ ਚਿੰਨ੍ਹ ਹੈ।ਇਸ ਬਾਬਤ ਕੁਲਜੀਤ ਸਿੰਘ ਵੇਰਕਾ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਕੈਬਨਿਟ ਮੰਤਰੀ ਸਿੱਖਿਆ ਵਿਭਾਗ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਡੀ. ਜੀ. ਐੱਸ. ਈ. ਸਿੱਖਿਆ ਵਿਭਾਗ (ਸਕੂਲਜ਼) ਅਜੀਤਗੜ੍ਹ, ਮਾਨਯੋਗ ਡੀ. ਪੀ. ਆਈ. (ਸੈ:ਸਿੱ:/ਐਲੀ:ਸਿੱ:) ਐਸ. ਏ. ਐੱਸ. ਨਗਰ, ਮਾਨਯੋਗ ਡੀ. ਜੀ. ਪੀ. ਵਿਜੀਲੈਂਸ ਬਿਊਰੋ ਪੰਜਾਬ ਅਜੀਤਗੜ੍ਹ ਪਾਸੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਆਪਣਾ ਪਰਖ ਕਾਲ ਖੁਦ ਕਲੀਅਰ ਕਰਨ ਉਪਰੰਤ ਬੀਤੇ ਡੇਢ ਸਾਲ ਤੋਂ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਚੂਨਾ ਲਾਉਣ ਵਾਲੇ ਬੀ. ਪੀ. ਓ. (ਐਲੀ:) ਬਲਾਕ ਕਾਦੀਆਂ-2 ਜ਼ਿਲਾ ਗੁਰਦਾਸਪੁਰ ਅਤੇ ਇਸ ਦੀ ਪੁਸ਼ਤ-ਪਨਾਹੀ ਕਰਨ ਵਾਲੇ ਭ੍ਰਿਸ਼ਟ ਸੀਨੀ: ਸਹਾਇਕ ਡੀ. ਪੀ. ਆਈ. (ਐਲੀ:) ਦਫ਼ਤਰ (ਅਮਲਾ-1) ਐੱਸ. ਏ. ਐੱਸ. ਨਗਰ, ਸੀਨੀ: ਸਹਾਇਕ ਜ਼ਿਲਾ ਸਿੱਖਿਆ (ਐਲੀ:) ਦਫ਼ਤਰ (ਅਮਲਾ-2) ਗੁਰਦਾਸਪੁਰ ਵਿਰੁੱਧ ਫੌਰੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਇਸ ਸੰਬੰਧੀ ਡਾਇਰੈਕਟਰ ਸਿੱਖਿਆ ਸਕੂਲ (ਐਲੀ:) ਐੱਸ. ਏ. ਐੱਸ. ਨਗਰ ਅਮਨਿੰਦਰ ਕੌਰ ਬਰਾੜ ਨਾਲ ਸਪੰਰਕ ਕਰਨ 'ਤੇ ਉਨ੍ਹਾਂ ਆਖਿਆ ਕਿ ਉਚਿਤ ਕਾਰਵਾਈ ਕਰਾਂਗੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਦੋ ਰੋਜ਼ਾ ਅਧਿਆਪਕ ਸੈਮੀਨਾਰ ਕਰਵਾਏ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸੁਯੋਗ ਅਗਵਾਈ ਹੇਠ ਚੱਲ ਰਹੀ ਤਰਨ ਤਾਰਨ ਜ਼ਿਲੇ ਦੀ ਪ੍ਰਸਿੱਧ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵਿਖੇ ਦੋ ਰੋਜ਼ਾ ਅਧਿਆਪਕ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ ਜਿਸ ਦੇ ਅੰਤਰਗਤ ਚੀਫ ਖਾਲਸਾ ਦੀਵਾਨ ਦੇ ਤੇਰਾਂ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਲਗਭਗ 250 ਅਧਿਆਪਕਾਂ ਨੇ ਭਾਗ ਲਿਆ ।ਇਹ ਸੈਮੀਨਾਰ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਅਧਿਆਪਕਾਂ ਲਈ ਉਨ੍ਹਾਂ ਦੀ ਅਧਿਆਪਨ ਕਲਾ ਵਿੱਚ ਵਾਧਾ ਕਰਨ ਲਈ ਲਗਾਏ ਗਏ।ਪ੍ਰੋਗਰਾਮ ਦੀ ਸ਼ੁਰੂਆਤ ਮੂਲ ਮੰਤਰ ਦੇ ਪਾਠ ਨਾਲ ਕੀਤੀ ਗਈ। ਉਪਰੰਤ ਸਕੂਲ ਦੇ ਕਾਰਜਕਾਰੀ ਪ੍ਰਿੰ. ਪੁਨੀਤ ਚਾਵਲਾ ਅਤੇ ਅਕਾਦਮਿਕ ਅਧਿਕਾਰੀਆਂ ਨੇ ਰਿਸੋਰਸਪਰਸਨ ਗੌਰਵ ਬਾਲੀ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ।ਸੈਮੀਨਾਰ ਦੇ ਸ਼ੁਰੂਆਤੀ ਦੌਰ ਵਿਚ ਐੱਲਪੀਯੂ ਤੋਂ ਇੰਜੀਨੀਅਰ ਗੌਰਵ ਬਾਲੀ, ਪਰਸਨੈਲਿਟੀ ਆਰਕੀਟੈਕਟ ਅਤੇ ਲਾਇਫ ਸਕਿੱਲਜ਼ ਟ੍ਰੇਨਰ ਨੇ ਸਾਫਟ ਸਕਿੱਲ ਪ੍ਰਸਨੈਲਟੀ ਡਿਵੈਲਪਮੈਂਟ ਉਪਰ ਜਾਗਰੂਕਤਾ ਭਰਪੂਰ ਜਾਣਕਾਰੀ ਅਧਿਆਪਕਾਂ ਨਾਲ ਸਾਂਝੀ ਕੀਤੀ।ਉਨ੍ਹਾਂ ਨੇ ਅਧਿਆਪਕਾਂ ਨੂੰ ਕਈ ਗਤੀਵਿਧੀਆਂ ਰਾਹੀਂ ਮਾਰਗਦਰਸ਼ਨ ਕੀਤਾ ਕਿ ਸਾਡੇ ਵਿਦਿਆਰਥੀ ਸਹਿਯੋਗੀ ਪਹੁੰਚ ਅਪਨਾ ਕੇ ਆਪਣੀ ਵਧੀਆ ਕਾਰਗੁਜ਼ਾਰੀ ਦੇ ਸਕਦੇ ਹਨ।ਜੇਕਰ ਰਵੱਈਆ ਸਹੀ ਨਾ ਹੋਵੇ ਤਾਂ ਕੇਵਲ ਗਿਆਨ ਵਿਅਰਥ ਹੈ।ਜੀਵਨ ਵਿੱਚ ਵਧਣ ਲਈ ਇੱਕ ਚੰਗੇ ਸੰਚਾਰ ਦੀ ਲੋੜ ਹੈ। ਬੱਚਿਆਂ ਦੇ ਬੁਨਿਆਦੀ ਵਿਕਾਸ ਲਈ ਰਾਸ਼ਟਰੀ ਪਾਠਕ੍ਰਮ ਢਾਂਚੇ ਦਾ ਵਿਸ਼ਾ ਗੁਰਪਿੰਦਰਜੀਤ ਕੌਰ ਅਤੇ ਜਾਦੂਈ ਪਿਟਾਰਾ ਦਾ ਵਿਸ਼ਾ ਅਮਨਦੀਪ ਕੌਰ ਨਿਰਾਲਾ ਦੁਆਰਾ ਪੇਸ਼ ਕੀਤਾ ਗਿਆ।ਇਹ ਪ੍ਰਭਾਵਸ਼ਾਲੀ ਅਧਿਆਪਨ ਅਤੇ ਰੌਚਕ ਅਧਿਆਪਕ ਸਿਖਲਾਈ 'ਤੇ ਅਧਾਰਤ ਸੀ ।ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਗੁਰਿੰਦਰ ਸਿੰਘ, ਨਵਜੋਤ ਸਿੰਘ ਅਤੇ ਰਣਦੀਪ ਸਿੰਘ ਨੇ ਬੋਲਦਿਆਂ ਕਿਹਾ ਕਿ ਚੀਫ ਖਾਲਸਾ ਦੀਵਾਨ ਵੱਲੋਂ ਕੀਤਾ ਗਿਆ ਇਹ ਉਪਰਾਲਾ ਉਤਮ ਹੈ ਜਿਸ ਨਾਲ ਅਧਿਆਪਕਾਂ ਨੂੰ ਬਹੁਤ ਕੁਝ ਸਿੱਖਣ ਦੇ ਮੌਕੇ ਮਿਲਣਗੇ ਅਤੇ ਅਧਿਆਪਕ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਤੋਂ ਜਾਣੂ ਹੋਣਗੇ। ਉਨ੍ਹਾਂ ਨੇ ਅਜਿਹੇ ਸੈਮੀਨਾਰਾਂ ਨੂੰ ਆਧੁਨਿਕ ਸਮੇਂ ਦੀ ਲੋੜ ਦੱਸਿਆ।ਸਕੂਲ ਦੇ ਕਾਰਜਕਾਰੀ ਪ੍ਰਿੰ. ਪੁਨੀਤ ਚਾਵਲਾ ਨੇ ਕਿਹਾ ਕਿ ਇੱਕ ਅਧਿਆਪਕ ਦਾ ਦਰਜਾ ਬਹੁਤ ਉੱਚਾ ਹੈ ਅਤੇ ਹਰੇਕ ਵਿਦਿਆਰਥੀ ਦਾ ਭਵਿੱਖ ਸੁਆਰਨ ਵਿੱਚ ਅਧਿਆਪਕ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਲੋੜ ਹੈ ਅਧਿਆਪਕ ਨੂੰ ਬੱਚਿਆਂ ਦੇ ਵਿਵਹਾਰ ਅਤੇ ਰੁਚੀ ਅਨੁਸਾਰ ਸਿੱਖਿਅਤ ਕੀਤਾ ਜਾਵੇ। ਅੰਤ ਵਿੱਚ ਰਿਸੋਰਸਪਰਸਨ ਗੌਰਵ ਬਾਲੀ ਨੂੰ ਸਕੂਲ ਦੇ ਮੈਂਬਰ ਇੰਚਾਰਜ ਤੇ ਕਾਰਜ਼ਕਾਰੀ ਪ੍ਰਿੰ. ਦੁਆਰਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਰਨ ਤਾਰਨ ਤੋਂ ਇਲਾਵਾ ਪੱਟੀ, ਆਸਲ ਉਤਾੜ, ਝਬਾਲ, ਨੌਸ਼ਹਿਰਾ ਢਾਲਾ, ਪਿੱਦੀ, ਕਸੇਲ, ਬੁਰਜ ਮਰਹਾਣਾ, ਸੁਰਸਿੰਘ, ਕਪੂਰਥਲਾ, ਨੌਸ਼ਹਿਰਾ ਪੰਨੂੰਆਂ ਅਤੇ ਘਸੀਟਪੁਰ ਸਕੂਲਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਸਨ।


## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਕਾਰਜਕਾਰੀ ਇੰਜੀਨੀਅਰ/ਇੰਚਾਰਜ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-10-JRC-2024 | ਬ੍ਰਿਜ ਵਰਕਸ਼ਾਪ ਜਲੰਧਰ ਕੈਂਟ ਦੇ ਮੌਜੂਦਾ ਟੁਟੇ/ਅਸਬੇਸਟਸ ਸ਼ੀਟਾਂ ਦੀ ਪ੍ਰਤੀਸਥਾਪਨ ਸਮੇਤ ਸਾਰੇ ਸ਼ੇਡਾਂ ਦੇ ਜੰਗ ਲਗੇ ਸਟੀਲ ਮੈਂਬਰਾਂ ਦੀ ਪੇਂਟਿੰਗ ਅਤੇ ਪ੍ਰਤੀਸਥਾਪਨ ਦਾ ਕੰਮ ਕਰਨਾ। | 2,36,77,303.27 | 2,68,400.00 | 24.06.2024 | 10.06.2024 ਤੋਂ 24.06.2024 | 0 | 06 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। |

No. 80-W/30/Bridges/Invitation Dated : 31.05.2024 1646/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

4-June-PAGE-4.qxd 6/3/2024 10:23 PM Page 1

ਨਵਾਂ ਜ਼ਮਾਨਾ
ਮੰਗਲਵਾਰ, 4 ਜੂਨ 2024

# ਅਜ਼ਾਦੀ ਦੀ ਦੂਜੀ ਲੜਾਈ

ਗੋਦੀ ਮੀਡੀਆ ਨੇ ਐਗਜ਼ਿਟ ਪੋਲ ਰਾਹੀਂ ਮੋਦੀ ਦੀ ਸਰਕਾਰ ਬਣਾ ਦਿੱਤੀ ਹੈ। ਇਹ ਐਗਜ਼ਿਟ ਪੋਲ ਏਨਾ ਵਾਹਯਾਤ ਹੈ ਕਿ ਇਸ ਦੇ ਅੰਦਰ ਹੀ ਝੂਠ ਦਾ ਭੰਡਾਰ ਮੌਜੂਦ ਹੈ। ਕੁਝ ਵੰਨਗੀਆਂ ਦੇਖੋ; ਇੱਕ ਏਜੰਸੀ ਦਾ ਐਗਜ਼ਿਟ ਪੋਲ ਤਾਮਿਲਨਾਡੂ ਵਿੱਚ ਕਾਂਗਰਸ ਨੂੰ 13 ਤੋਂ 15 ਸੀਟ ਦੇ ਰਿਹਾ ਹੈ, ਪਰ ਲੜ ਉਥੇ ਕਾਂਗਰਸ 9 ਸੀਟਾਂ ਰਹੀ ਹੈ। ਇਸੇ ਤਰ੍ਹਾਂ ਹੀ ਬਿਹਾਰ ਵਿੱਚ ਐਗਜ਼ਿਟ ਪੋਲ ਐੱਲ ਜੇ ਪੀ ਨੂੰ 6 ਸੀਟਾਂ ਦੇ ਰਿਹਾ ਹੈ, ਪਰ ਲੜ ਉਹ 5 ਰਹੀ ਹੈ। ਆਂਧਰਾ ਪ੍ਰਦੇਸ਼ ਤੇ ਓਡੀਸ਼ਾ ਵਿੱਚ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਲੋਕ ਸਭਾ ਚੋਣਾਂ ਦੇ ਨਾਲ ਹੀ ਹੋਈਆਂ ਹਨ। ਇਹ ਹਰ ਕੋਈ ਜਾਣਦਾ ਹੈ ਕਿ ਜਦੋਂ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਹੋਣ ਤਾਂ ਵੋਟਰ ਦੋਵਾਂ ਚੋਣਾਂ ਵਿੱਚ ਵੋਟਾਂ ਲੱਗਭੱਗ ਇੱਕੋ ਪਾਰਟੀ ਨੂੰ ਪਾਉਂਦਾ ਹੈ। ਐਗਜ਼ਿਟ ਪੋਲ ਵਿਖਾ ਰਹੇ ਹਨ ਕਿ ਵੋਟਰ ਲੋਕ ਸਭਾ ਲਈ ਕਿਸੇ ਹੋਰ ਪਾਰਟੀ ਨੂੰ ਵੋਟ ਪਾ ਰਿਹਾ ਹੈ ਤੇ ਵਿਧਾਨ ਸਭਾ ਲਈ ਕਿਸੇ ਹੋਰ ਪਾਰਟੀ ਨੂੰ। ਆਂਧਰਾ ਵਿੱਚ ਐਗਜ਼ਿਟ ਪੋਲ ਵਿਧਾਨ ਸਭਾ ਚੋਣਾਂ ਲਈ ਜਗਨਮੋਹਨ ਰੈਡੀ ਦੀ ਵਾਈ ਐੱਸ ਆਰ ਕਾਂਗਰਸ ਨੂੰ 55 ਤੋਂ 77 (ਲੱਗਭੱਗ ਅੱਧੀਆਂ) ਸੀਟਾਂ ਦੇ ਰਹੇ ਹਨ ਤੇ ਲੋਕ ਸਭਾ ਵਿੱਚ ਉਸ ਨੂੰ 2 ਤੋਂ 4 ਸੀਟਾਂ। ਇਸੇ ਤਰ੍ਹਾਂ ਓਡੀਸ਼ਾ ਵਿੱਚ ਐਗਜ਼ਿਟ ਪੋਲ ਬੀ ਜੇ ਡੀ ਨੂੰ 62 ਤੋਂ 80 (ਲੱਗਭੱਗ ਅੱਧੀਆਂ) ਸੀਟਾਂ ਦੇ ਰਹੇ ਹਨ, ਜਦੋਂ ਕਿ ਲੋਕ ਸਭਾ ਵਿੱਚ ਉਹ ਉਸ ਨੂੰ 0 ਤੋਂ 2 ਸੀਟਾਂ ਦੇ ਰਹੇ ਹਨ। ਏਦਾਂ ਲਗਦਾ ਹੈ ਕਿ ਲੋਕ ਸਭਾ ਅੰਦਰ ਭਾਜਪਾ ਦੀਆਂ ਸੀਟਾਂ 400 ਪਾਰ ਪੁਚਾਉਣ ਦੀ ਕਾਹਲੀ ਵਿੱਚ ਐਗਜ਼ਿਟ ਪੋਲ ਘਾੜੇ ਨੇ ਓਡੀਸ਼ਾ ਤੇ ਆਂਧਰਾ ਵਿਚਲੀਆ ਲੋਕ ਸਭਾ ਦੀਆਂ ਸੀਟਾਂ ਤਾਂ ਬੀ ਜੇ ਡੀ ਤੇ ਵਾਈ ਐੱਸ ਆਰ ਕਾਂਗਰਸ ਦੇ ਖਾਤੇ ਵਿੱਚੋਂ ਚੁੱਕ ਕੇ ਭਾਜਪਾ ਦੇ ਖਾਤੇ ਵਿੱਚ ਪਾ ਦਿੱਤੀਆਂ, ਪਰ ਉਸੇ ਅਨੁਸਾਰ ਵਿਧਾਨ ਸਭਾਵਾਂ ਦੀਆਂ ਸੀਟਾਂ ਘੱਟ ਕਰਨੀਆਂ ਉਹ ਭੁਲ ਗਿਆ ਹੋਵੇ। ਐਗਜ਼ਿਟ ਪੋਲਾਂ ਤੋਂ ਤਾਂ ਏਦਾਂ ਲਗਦਾ, ਜਿਵੇਂ ਸਾਰੇ ਦੇਸ਼ ਵਿੱਚ ਮੋਦੀ ਦੀ ਹਨੇਰੀ ਚੱਲ ਰਹੀ ਸੀ। ਜ਼ਮੀਨੀ ਹਕੀਕਤਾਂ ਇਸ ਦੇ ਉਲਟ ਹਨ। ਸੋਸ਼ਲ ਮੀਡੀਆ 'ਤੇ ਲਗਾਤਾਰ ਆਉਂਦੇ ਰਹੇ ਸਰਵੇਖਣਾਂ ਤੇ ਗੋਦੀ ਮੀਡੀਆ ਦੇ ਐਗਜ਼ਿਟ ਪੋਲਾਂ ਦੇ ਅੰਕੜਿਆਂ ਨੂੰ ਜੇਕਰ ਗਹੁ ਨਾਲ ਦੇਖੀਏ ਤਾਂ ਲਭਦਾ ਹੈ ਕਿ ਹਰ ਏਜੰਸੀ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਦੀਆਂ ਸੀਟਾਂ ਵਿੱਚ 33 ਫ਼ੀਸਦੀ ਦਾ ਵਾਧਾ ਹੈ। ਇਸ ਲਈ ਸਹੀ ਸਥਿਤੀ ਜਾਨਣ ਲਈ ਭਾਜਪਾ ਦੀਆਂ ਸੀਟਾਂ ਵਿੱਚੋਂ 33 ਫ਼ੀਸਦੀ ਘਟਾ ਕੇ 'ਇੰਡੀਆ' ਗੱਠਜੋੜ ਦੀਆਂ ਸੀਟਾਂ ਵਿੱਚ ਜੋੜ ਦੇਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ ਇੱਕ ਚੈਨਲ ਐਗਜ਼ਿਟ ਪੋਲ ਰਾਹੀਂ ਐੱਨ ਡੀ ਏ ਨੂੰ 415 ਸੀਟਾਂ ਦਿੰਦਾ ਹੈ, 33 ਫੀਸਦੀ ਘਟਾਉਣ ਬਾਅਦ ਇਹ 277 ਰਹਿ ਜਾਂਦੀਆਂ ਹਨ।

ਇਸ ਗਣਿਤ ਨੂੰ ਛੱਡ ਕੇ ਅਸੀਂ ਇਸ ਦੇ ਮਕਸਦ ਵੱਲ ਆਉਂਦੇ ਹਾਂ। ਇਸ ਕਵਾਇਦ ਦਾ ਸਿੱਧਾ ਮਤਲਬ ਹੈ ਕਿ ਸੱਤਾਧਾਰੀ ਹਰ ਹਾਲਤ ਗੱਦੀ ਉੱਤੇ ਕਾਬਜ਼ ਰਹਿਣ ਲਈ ਬਜ਼ਿੱਦ ਹਨ। ਇਸ ਵਾਰ ਚੋਣਾਂ ਲੋਕਾਂ ਨੇ ਲੜੀਆਂ ਹਨ। 'ਇੰਡੀਆ' ਗੱਠਜੋੜ ਨੂੰ ਅਗਵਾਈ ਤੇ ਹੌਸਲਾ ਜਨਤਾ ਨੇ ਦਿੱਤਾ ਸੀ। ਇਹ ਐਗਜ਼ਿਟ ਪੋਲ ਜਨਤਾ ਦੇ ਜੋਸ਼ ਨੂੰ ਖੁੰਢਾ ਕਰਨ ਲਈ ਲਿਆਂਦੇ ਗਏ ਹਨ। ਇਸ ਦੇ ਨਾਲ ਹੀ ਇਨ੍ਹਾਂ ਐਗਜ਼ਿਟ ਪੋਲਾਂ ਦੇ ਪਰਦੇ ਹੇਠ ਕਾਊਂਟਿੰਗ ਸਮੇਂ ਪ੍ਰਸ਼ਾਸਨਕ ਧੱਕੇਸ਼ਾਹੀ ਦੀ ਮਨਸ਼ਾ ਲੱਭਦੀ ਹੈ।

ਸਾਡੀ ਹਮੇਸ਼ਾ ਇਹ ਸਮਝ ਰਹੀ ਹੈ ਕਿ ਮੋਦੀ-ਸ਼ਾਹ ਦੀ ਜੋੜੀ ਕਿਸੇ ਹਾਲਤ ਵਿੱਚ ਵੀ ਆਮ ਤਰੀਕੇ ਨਾਲ ਸੱਤਾ ਤਬਦੀਲੀ ਨਹੀਂ ਹੋਣ ਦੇਵੇਗੀ। ਗੁਜਰਾਤ ਤੇ ਕੇਂਦਰ ਵਿੱਚ 25 ਸਾਲਾਂ ਦੇ ਰਾਜ ਦੌਰਾਨ ਇਸ ਜੋੜੀ ਨੇ ਏਨੇ ਗੁਨਾਹ ਕੀਤੇ ਹਨ ਕਿ ਸੱਤਾ ਤੋਂ ਬਾਹਰ ਹੋਣ ਉੱਤੇ ਇਹ ਆਮ ਨਾਗਰਿਕ ਵਾਂਗ ਜੀਵਨ ਕੱਟ ਸਕਣਗੇ, ਇਹ ਮੁਮਕਿਨ ਹੀ ਨਹੀਂ।

ਇਹ ਚੋਣਾਂ ਮੋਦੀ-ਸ਼ਾਹ ਲਈ ਜਿਊਣ-ਮਰਨ ਦਾ ਸਵਾਲ ਹਨ। ਇਹ ਸਵਾਲ ਉਨ੍ਹਾਂ ਲਈ ਵੀ ਹੈ, ਜਿਹੜੇ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ। ਮੋਦੀ-ਸ਼ਾਹ ਜੋੜੀ ਨੂੰ ਨਾ ਸੰਵਿਧਾਨ ਵਿੱਚ ਵਿਸ਼ਵਾਸ ਹੈ ਤੇ ਨਾ ਕਿਸੇ ਨਿਯਮ, ਕਾਨੂੰਨ ਵਿੱਚ। ਸੱਤਾ ਕਾਇਮ ਰੱਖਣ ਲਈ ਉਹ ਕੋਈ ਵੀ ਅਪਰਾਧ ਕਰ ਸਕਦੇ ਹਨ। ਉਨ੍ਹਾਂ ਦੇ ਪਿੱਛੇ ਧਾਰਮਿਕ ਪਾਖੰਡਵਾਦੀਆਂ ਦੀ ਇੱਕ ਪੂਰੀ ਜਮਾਤ ਹੈ, ਜੋ ਆਪਣਾ ਭਲਾ ਦੇਖਣ ਦੇ ਵੀ ਸਮਰੱਥ ਨਹੀਂ ਹੈ।

4 ਜੂਨ ਦਾ ਇਹ ਦਿਨ ਦੇਸ਼ ਦੀ ਜਨਤਾ ਲਈ ਬਹੁਤ ਹੀ ਅਹਿਮ ਹੈ। ਚੋਣ ਕਮਿਸ਼ਨ ਤੇ ਪ੍ਰਸ਼ਾਸਨ ਦੇ ਜ਼ੋਰ ਹੇਠ ਜੇਕਰ ਮੋਦੀ-ਸ਼ਾਹ ਸੱਤਾ ਹਾਸਲ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਇਹ ਲੋਕ ਫਤਵੇ ਦੇ ਵਿਰੁੱਧ ਹੋਵੇਗਾ। ਇਸ ਸਭ ਦੇ ਬਾਵਜੂਦ ਹਰ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਨਤੀਜੇ ਨਿਰਪੱਖ ਹੋਣ, ਜਿਸ ਦੀ ਸੰਭਾਵਨਾ ਘੱਟ ਹੈ। ਅਗਰ ਲੋਕ ਫਤਵੇ ਨੂੰ ਸੱਤਾਧਾਰੀ ਅਗਵਾ ਕਰ ਲੈਂਦੇ ਹਨ, ਤਾਂ ਆਖਰੀ ਰਾਹ ਸੜਕ ਹੈ। ਅਜਿਹੀ ਹਾਲਤ ਵਿੱਚ ਵਿਰੋਧੀ ਦਲਾਂ ਤੇ ਸਮਾਜਿਕ ਸੰਗਠਨਾਂ ਨੂੰ ਸ਼ਾਂਤੀਪੂਰਨ ਸੰਘਰਸ਼ ਲਈ ਜਨਤਾ ਦੀ ਅਗਵਾਈ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਲੜਾਈ ਅਜ਼ਾਦੀ ਦੀ ਦੂਜੀ ਲੜਾਈ ਸਮਝ ਕੇ ਲੜਨੀ ਪਵੇਗੀ।

-ਚੰਦ ਫਤਿਹਪੁਰੀ

# ਕਿਉਂ ਕੀਤੇ ਜਾ ਰਹੇ ਉੱਚ ਵਿੱਦਿਆ ਦੇ ਦਰਵਾਜ਼ੇ ਬੰਦ?

ਇਹਨੀਂ ਦਿਨੀਂ ਅਮਰੀਕਾ ਅੰਦਰ ਇੱਕ ਨਵੀਂ ਬਹਿਸ ਛਿੜੀ ਹੋਈ ਹੈ ਕਿ ਕੀ ਜ਼ਿੰਦਗੀ 'ਚ ਅੱਗੇ ਵਧਣ ਲਈ ਉੱਚ-ਵਿੱਦਿਆ ਦੀ ਕੋਈ ਜ਼ਰੂਰਤ ਹੈ ਵੀ ਕਿ ਨਹੀਂ। ਅਮਰੀਕਾ ਦੀ ਇੱਕ ਸੰਸਥਾ ਪੀਊ ਰਿਸਰਚ ਸੈਂਟਰ ਨੇ ਲੋਕਾਂ ਨੂੰ ਸੁਆਲ ਕਰਨ ਉਪਰੰਤ ਇੱਕ ਖੋਜ ਰਿਪੋਰਟ ਤਿਆਰ ਕੀਤੀ ਹੈ। ਆਪਣੀ ਇਸ ਨਵੀਂ ਖੋਜ ਦੇ ਅਮਲ ਦੌਰਾਨ ਉਹਨਾਂ ਨੇ ਲੋਕਾਂ ਤੋਂ ਸੁਆਲ ਪੁੱਛੇ ਕਿ ਕੀ ਉੱਚ ਵਿੱਦਿਆ ਪ੍ਰਦਾਨ ਕਰਨ ਵਾਲੀ ਕਾਲਜ ਡਿਗਰੀ ਸਾਨੂੰ ਵਧੀਆ ਰੋਟੀ ਦੇ ਸਕਦੀ ਹੈ? ਤਾਂ ਬਹੁਤਿਆਂ ਦਾ ਜੁਆਬ ਹਾਂ ਵਿੱਚ ਸੀ।

ਕੁੱਝ ਜੁਆਬਕਰਤਾਵਾਂ ਦਾ ਮੰਨਣਾ ਹੈ ਕਿ ਜਦੋਂ ਕਿਸੇ ਡਿਗਰੀ ਤੋਂ ਬਿਨਾਂ ਹੀ ਚੰਗਾ ਰੁਜ਼ਗਾਰ ਮਿਲ ਜਾਂਦਾ ਹੈ ਅਤੇ ਆਰਥਿਕ ਹਾਲਤ 'ਚ ਸੁਧਾਰ ਆ ਜਾਂਦਾ ਹੈ ਤਾਂ ਬਹੁਤਾ ਪੜ੍ਹ-ਲਿਖ ਕੇ ਕੀ ਲੈਣਾ? ਗਹਿਰਾਈ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਅਸਲ 'ਚ ਅਜਿਹੀ ਸੋਚ ਵਾਲੇ ਲੋਕਾਂ ਦਾ ਇਹ ਇੱਕ ਅਜਿਹਾ ਗੁੱਟ ਹੈ, ਜਿਸ ਨੂੰ ਪਿਛਲੇ ਦਸ ਸਾਲਾ ਅਰਸੇ ਦੌਰਾਨ ਰੁਜ਼ਗਾਰ ਮਿਲਣ ਦੇ ਮੌਕੇ ਵਧੇ ਹਨ ਤੇ ਇਸ ਨੇ ਆਪਣੀ ਮਾਇਕ ਸਥਿਤੀ ਸੁਧਾਰੀ ਹੈ, ਜਿਹੜੀ ਕਿ ਹੁਣ ਉਹਨਾਂ ਲੋਕਾਂ ਦੇ ਬਰਾਬਰ ਵਰਗੀ ਹੀ ਹੈ, ਜਿਹੜੇ ਉੱਚ ਡਿਗਰੀ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ 'ਚ ਲੱਗੇ ਹੋਏ ਹਨ।

ਬਦਲਦੇ ਆਰਥਿਕ ਹਾਲਾਤ ਅੰਦਰ ਨਵੀਆਂ ਕਿਸਮ ਦੀਆਂ ਨੌਕਰੀਆਂ ਹੋਂਦ 'ਚ ਆ ਗਈਆਂ ਹਨ। ਮਿਸਾਲ ਦੇ ਤੌਰ 'ਤੇ ਆਈ ਟੀ ਸੈਕਟਰ ਵਿਚਲੀਆਂ ਨੌਕਰੀਆਂ 'ਤੇ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕਈ ਵਾਰੀ ਥੋੜ੍ਹੀ ਜਿਹੀ ਸਕਿੱਲ ਨਾਲ ਹੀ ਚੰਗੇ ਪੈਸੇ ਵਾਲੀ ਨੌਕਰੀ ਮਿਲ ਜਾਂਦੀ ਹੈ। ਫਾਇਨਾਂਸ ਤੇ ਮਾਰਕਿਟਿੰਗ ਦੇ ਅੱਜਕੱਲ੍ਹ ਦੇ ਯੁੱਗ ਅੰਦਰ ਵੀ ਕੋਈ ਬਹੁਤੀ ਉੱਚ ਵਿੱਦਿਆ ਤੋਂ ਬਿਨਾਂ ਹੀ ਸਰ ਜਾਂਦਾ ਹੈ। ਲਿਹਾਜ਼ਾ ਇੱਕ ਅਜਿਹੀ ਸਮਝ ਵਿਕਸਤ ਹੋ ਰਹੀ ਹੈ ਕਿ ਕਿਸੇ ਵਿਅਕਤੀ ਦੀ ਆਰਥਿਕ ਹਾਲਤ 'ਚ ਸੁਧਾਰ ਹੋਣ 'ਚ ਮੋੜਾ ਆਉਣਾ ਉਸ ਵੱਲੋਂ ਉੱਚ ਵਿੱਦਿਆ ਦੀ ਡਿਗਰੀ ਹਾਸਲ ਕਰਨ ਤੋਂ ਬਿਨਾਂ ਵੀ ਸੰਭਵ ਹੈ।

ਅਮਰੀਕਾ ਅੰਦਰ ਵੀ ਅਜਿਹੀ ਸਥਿਤੀ ਹੈ ਕਿ ਇਸ ਗੱਲ ਤੋਂ ਮੁਨਕਰ ਹੀ ਨਹੀਂ ਹੋਇਆ ਜਾ ਸਕਦਾ ਕਿ ਕਾਲਜਾਂ/ਯੂਨੀਵਰਸਿਟੀਆਂ 'ਚ ਦਾਖਲ ਹੋ ਕੇ ਉੱਚ ਵਿੱਦਿਆ ਹਾਸਲ ਕਰਨਾ ਹਰ ਇੱਕ ਦੇ ਵੱਸ ਦਾ ਰੋਗ ਨਹੀਂ ਰਹਿ ਗਿਆ। ਇਸ ਪੜ੍ਹਾਈ ਦੇ ਖਰਚੇ ਲਗਾਤਾਰਤਾ ਨਾਲ ਵਧਦੇ ਜਾ ਰਹੇ ਹਨ ਅਤੇ ਲੋਕਾਂ ਲਈ ਉੱਚ ਵਿੱਦਿਆ ਇੱਕ ਬੋਝ ਬਣ ਕੇ ਰਹਿ ਗਈ ਹੈ। ਵਿਦਿਆਰਥੀਆਂ ਦੀਆਂ ਬੈਂਕ ਦੇਣਦਾਰੀਆਂ ਵਧਦੀਆਂ ਜਾ ਰਹੀਆਂ ਹਨ। ਇਹ ਦੇਣਦਾਰੀਆਂ ਲੰਮੇ ਸਮੇਂ ਵਾਲੀਆਂ ਹਨ। ਇਸ ਪੱਖੋਂ ਵੀ ਇਹ ਲੋਕਾਂ ਲਈ ਇੱਕ ਬੋਝ ਬਣ ਜਾਂਦੀ ਹੈ ਅਤੇ ਉਦੋਂ ਹੋਰ ਵੀ ਗੱਲ ਕਸੂਤੀ ਬਣ ਜਾਂਦੀ ਹੈ, ਜਦ ਕਿ ਅੱਜ ਦੇ ਸਰਮਾਏਦਾਰਾਨਾ ਸੰਕਟ ਦੇ ਦੌਰ ਅੰਦਰ ਇਸ ਪੜ੍ਹਾਈ ਤੋਂ ਬਾਅਦ ਮਿਲਣ ਵਾਲਾ ਜਾਬ ਜ਼ਰੂਰੀ ਨਹੀਂ ਕਿ ਓਨੇ ਪੈਸੇ ਦੇਣ ਵਾਲਾ ਹੋਵੇ। ਇਹ ਗੱਲ ਵੀ ਪਈ ਹੈ ਕਿ ਕਿੱਤਾ ਮੁਖੀ ਪੜ੍ਹਾਈ ਕਰਨ ਉਪਰੰਤ ਕਿੱਤਾ-ਮੁਖੀ ਸਫਲਤਾ ਦੀ ਗਾਰੰਟੀ ਨਹੀਂ ਹੈ।

ਇਸ ਰਿਪੋਰਟ ਦੀ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਸ ਨੇ ਪੁੱਛ-ਗਿੱਛ ਦੌਰਾਨ ਵਿਅਕਤੀਆਂ ਤੋਂ ਉਹਨਾਂ ਦੇ ਸਿਆਸੀ ਝੁਕਾਅ ਬਾਰੇ ਵੀ ਪੁੱਛਿਆ ਹੈ। ਡੈਮੋਕਰੇਟਾਂ ਨੇ ਤਾਂ ਉੱਚ ਵਿੱਦਿਆ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਹੈ, ਜਦਕਿ ਰਿਪਬਲਿਕਾਂ ਨੇ ਕਿਹਾ ਹੈ ਕਿ ਕਾਮਯਾਬ ਹੋਣ ਲਈ ਕਿਸੇ ਡਿਗਰੀ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਹੈ।

### ਰਿਪੋਰਟ 'ਤੇ ਵਿਚਾਰ-ਚਰਚਾ ਕਿਉਂ?



ਡਾ. ਬਲਜਿੰਦਰ ਸਿੰਘ

ਮੋਟੇ ਰੂਪ 'ਚ ਇਹ ਰਿਪੋਰਟ ਦੱਸਦੀ ਹੈ ਕਿ ਉੱਚ ਵਿੱਦਿਆ ਦੀ ਅੱਜ ਦੇ ਯੁੱਗ ਅੰਦਰ ਕੋਈ ਪ੍ਰਸੰਗਕਤਾ ਨਹੀਂ ਰਹਿ ਗਈ ਹੈ। ਅੱਜ ਦੇ ਤਕਨੀਕੀ ਮੁਹਾਰਤ ਵਾਲੇ ਯੁੱਗ ਅੰਦਰ ਥੋੜ੍ਹੀ ਜਿਹੀ ਮੁਹਾਰਤ ਹਾਸਲ ਕਰਨ ਨਾਲ ਹੀ ਵਧੀਆ ਪੈਸੇ ਕਮਾਏ ਜਾ ਸਕਦੇ ਹਨ। ਇਹ ਵੀ ਕਿਹਾ ਗਿਆ ਹੈ ਕਿ ਉੱਚ ਵਿੱਦਿਆ ਦੀਆਂ ਡਿਗਰੀਆਂ ਦੇ ਮੁਕਾਬਲੇ 'ਤੇ ਕਿਸੇ ਕਿੱਤੇ 'ਚ ਲੱਗੇ ਮਾਹਰ ਵਿਅਕਤੀ ਦੇ ਨਾਲ ਕੋਈ ਐਪਰੈਂਟਸਸ਼ਿਪ ਕਰਨ ਨਾਲ ਅਤੇ ਡਿਗਰੀ ਦੀ ਬਜਾਏ ਕੋਈ ਸਰਟੀਫਿਕੇਟ ਕਿਸਮ ਦਾ ਕੋਈ ਕੋਰਸ ਕਰਕੇ ਵੀ ਓਨੇ ਹੀ ਪੈਸੇ ਕਮਾਏ ਜਾ ਸਕਦੇ ਹਨ। ਅਜਿਹੇ ਸਿੱਟੇ ਕੱਢਣ ਲੱਗਿਆਂ ਸਹਾਰਾ ਇਹ ਲਿਆ ਗਿਆ ਹੈ, ਤਰਕ ਇਹ ਦਿੱਤਾ ਗਿਆ ਹੈ ਕਿ ਅਜੋਕੀ ਉੱਚ ਵਿੱਦਿਆ ਮਹਿੰਗੀ ਹੋ ਗਈ ਹੈ, ਲੰਮੇ ਸਮੇਂ ਦੀਆਂ ਬੈਂਕਾਂ ਦੀਆਂ ਦੇਣਦਾਰੀਆਂ 'ਚ ਵਿਦਿਆਰਥੀ ਬੱਝ ਜਾਂਦਾ ਹੈ ਅਤੇ ਨਾਲ ਹੀ ਇਹ ਕਿ ਉਹੋ ਜਿਹੀ ਨੌਕਰੀ ਮਿਲਦੀ ਨਹੀਂ।

### ਇਹ ਦਲੀਲਾਂ ਕਿਉਂ?

ਅੱਜ ਇਹ ਦਲੀਲਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ ਅਤੇ ਉੱਚ ਵਿੱਦਿਆ ਨੂੰ ਕਿਉਂ ਤੱਦਿਆ ਜਾ ਰਿਹਾ ਹੈ, ਇਹਦੇ ਕਾਰਨਾਂ ਨੂੰ ਸਮਝਣ ਦੀ ਲੋੜ ਹੈ। ਯਾਦ ਕਰੀਏ ਉਹ ਸਮਾਂ ਜਦੋਂ ਉੱਚ ਵਿੱਦਿਆ ਦੇ ਅਦਾਰਿਆਂ 'ਤੇ ਸਰਕਾਰੀ ਖਰਚ ਕੀਤਾ ਜਾਂਦਾ ਹੁੰਦਾ ਸੀ। ਹੁਣ ਅੱਜ ਪਹਿਲੀ ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਦੇ ਦੌਰ ਨਾਲੋਂ ਹਾਲਤ ਵੱਖਰੀ ਹੈ ਕਿ ਸਰਮਾਏਦਾਰੀ ਨੇ ਵੈੱਲਫੇਅਰ ਸਟੇਟ ਵਾਲੀ ਆਪਣੀ ਦਿੱਖ ਨੂੰ ਵਗਾਹ ਮਾਰਿਆ ਹੈ ਅਤੇ ਹੁਣ ਲੋਕਾਂ ਦੀ ਲੁੱਟ-ਖਸੁੱਟ ਦੇ ਸਾਰੇ ਰਸਤੇ ਖੋਹਲ ਲਏ ਹਨ। ਪਹਿਲਾਂ ਲੋਕ ਲਹਿਰਾਂ ਦੇ ਦਬਾਅ ਹੇਠ ਸਟੇਟ ਜਾਂ ਉਹਦੇ ਅੰਗ ਸਰਕਾਰਾਂ ਨੂੰ ਲੋਕਾਂ ਨੂੰ ਕੁੱਝ ਸਹੂਲਤਾਂ ਦੇਣ ਲਈ ਮਜਬੂਰ ਹੋਣਾ ਪੈਂਦਾ ਸੀ, ਪਰ ਪਿਛਲੀ ਸਦੀ ਦੇ ਸੱਠਵਿਆਂ ਦੇ ਦਹਾਕੇ ਬਾਅਦ ਵੈੱਲਫੇਅਰ ਸਟੇਟ ਵਾਲਾ ਇਹ ਪਰਦਾ ਲਾਹ ਕੇ ਪਰ੍ਹਾਂ ਵਗਾਹ ਮਾਰਨਾ ਸ਼ੁਰੂ ਕੀਤਾ ਹੋਇਆ ਹੈ, ਜਿਹੜਾ ਕਿ ਕਈ ਹਾਲਤਾਂ 'ਚ ਤਾਂ ਪੂਰੀ ਤਰ੍ਹਾਂ ਹੀ ਚੁੱਕਿਆ ਜਾ ਚੁੱਕਾ ਹੈ। ਪਬਲਿਕ ਟਰਾਂਸਪੋਰਟ, ਮੁੱਢਲੀ ਤੇ ਉੱਚ ਵਿੱਦਿਆ ਤੇ ਕਈ ਹੋਰਨਾਂ ਖੇਤਰਾਂ ਅੰਦਰੋਂ ਤਾਂ ਇਸ ਦੀ ਪੂਰੀ ਤਰ੍ਹਾਂ ਸਫ ਲਪੇਟ ਦਿੱਤੀ ਗਈ ਹੈ। ਉੱਚ ਵਿੱਦਿਆ ਦੇ ਖੇਤਰ ਨੂੰ ਬਹੁਤ ਹੱਦ ਤੱਕ ਨਿੱਜੀ ਮੁਨਾਫਾ ਅਧਾਰਤ ਮਾਡਲ ਬਣਾ ਦਿੱਤਾ ਗਿਆ ਹੈ। ਇਸ ਕਰਕੇ ਹੀ ਇਹ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ ਅਤੇ ਵਿਦਿਆਰਥੀਆਂ ਨੂੰ ਪੜ੍ਹਨ ਲਈ ਲੰਮੇ ਅਰਸੇ ਵਾਲੀਆਂ ਬੈਂਕ ਦੇਣਦਾਰੀਆਂ ਨਾਲ ਜੂਝਣਾ ਪੈ ਰਿਹਾ ਹੈ, ਕਿਉਂਕਿ ਮੁਨਾਫ਼ਾ ਆਧਾਰਤ ਸਰਮਾਏਦਾਰਾਨਾ ਢਾਂਚੇ ਦੀ ਇਹ ਫਿਤਰਤ ਹੈ ਕਿ ਉਹ ਜਦੋਂ ਕਿਸੇ ਵੀ ਖੇਤਰ ਅੰਦਰ ਨਿਵੇਸ਼ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਉਹਦੇ ਮਨਸ਼ੇ ਮੁਨਾਫ਼ਾ ਕਮਾਉਣ ਦੇ ਹੁੰਦੇ ਹਨ ਅਤੇ ਇਉਂ ਸਮੁੱਚਾ ਵਿੱਦਿਅਕ ਖੇਤਰ ਹੀ ਅੱਜਕੱਲ੍ਹ ਇੱਕ ਸਨਅਤ ਦਾ ਰੂਪ ਧਾਰਨ ਕਰ ਚੁੱਕਿਆ ਹੈ। ਲੱਖਾਂ ਵਿਦਿਆਰਥੀਆਂ ਦਾ ਇੰਗਲੈਂਡ, ਕੈਨੇਡਾ, ਆਸਟਰੇਲੀਆ, ਅਮਰੀਕਾ, ਚੀਨ, ਯੂਕਰੇਨ ਆਦਿ ਮੁਲਕਾਂ ਵੱਲ ਮਹਿੰਗੀ ਵਿੱਦਿਆ ਹਾਸਲ ਕਰਨ ਲਈ ਪ੍ਰਵਾਸ ਕਰਨਾ ਇਸੇ ਵੱਲ ਹੀ ਇਸ਼ਾਰਾ ਕਰਦਾ ਹੈ।

ਇੱਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਹਮੇਸ਼ਾ ਤੋਂ ਹਾਕਮਾਂ ਦੇ ਮਨਸ਼ੇ ਵਿੱਦਿਆ ਤੋਂ ਲੋਕਾਂ ਨੂੰ ਦੂਰ ਰੱਖਣ ਦੇ ਰਹੇ ਹਨ। ਅੱਜ ਉਹੀ ਮਨਸ਼ੇ ਹਾਕਮ ਜਮਾਤਾਂ ਉੱਚ ਵਿੱਦਿਆ ਮਹਿੰਗੀ ਕਰਕੇ ਪੂਰੇ ਕਰ ਰਹੇ ਹਨ। ਹਾਕਮਾਂ ਦੇ ਮਨਸ਼ੇ ਇਹ ਵੀ ਹਨ ਕਿ ਬਹੁ-ਗਿਣਤੀ ਲੋਕ ਮਹਿਜ਼ ਅੱਖਰ ਗਿਆਨ ਹਾਸਲ ਕਰਨ ਵਾਲੇ ਹੀ ਹੋਣ, ਉੱਚ ਵਿੱਦਿਆ ਤੋਂ ਕਿਨਾਰਾ ਕਰਨ ਤੇ ਪੜ੍ਹ-ਲਿਖ ਕੇ ਉਹ ਕੋਈ ਆਗੂ ਹੈਸੀਅਤ 'ਚ ਨਾ ਅੱਪੜ ਸਕਣ। ਉਹਨਾਂ ਦੇ ਗੁਲਾਮ ਬਣੇ ਰਹਿਣ ਤੇ ਉਹਨਾਂ ਦੀਆਂ ਤਿਜੌਰੀਆਂ ਨੂੰ ਭਰਦੇ ਰਹਿਣ ਅਤੇ ਸਮਾਜ ਦੇ ਹਰ ਪੱਧਰ 'ਤੇ ਉਹਨਾਂ ਦੀ ਆਪਣੀ ਜਮਾਤ ਦੇ ਵਿਅਕਤੀ ਹੀ ਤਾਇਨਾਤ ਹੋਣ ਤੇ ਉਹਨਾਂ ਜਮਾਤਾਂ ਦੀ ਲੁੱਟ ਵਾਲਾ ਢਾਂਚਾ ਹੋਰ ਲੰਮੇਰੇ ਸਮੇਂ ਤੱਕ ਚੱਲਦਾ ਰਹਿ ਸਕੇ।

### ਉੱਚ ਵਿੱਦਿਆ ਦੀ ਅਹਿਮੀਅਤ

ਆਮ ਬੋਲਚਾਲ ਦੀ ਭਾਸ਼ਾ 'ਚ ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦੀ ਹੈ। ਇਹਦੇ 'ਚ ਕੋਈ ਸ਼ੱਕ ਨਹੀਂ। ਕਿਸੇ ਸਮਾਜ ਦੇ ਵਿਕਾਸ ਦਾ ਪੱਧਰ ਉੱਥੋਂ ਦੇ ਲੋਕਾਂ ਦਾ ਵਿੱਦਿਆ ਨਾਲ ਲੈਸ ਹੋਣ ਦੇ ਪੱਧਰ ਤੋਂ ਹੀ ਤਾਂ ਜਾਣਿਆ ਜਾਂਦਾ ਹੈ। ਜਿੱਥੇ ਹਰ ਪੱਧਰ ਦੀ ਵਿੱਦਿਆ ਦੀ ਆਪੋ-ਆਪਣੀ ਅਹਿਮੀਅਤ ਹੈ, ਉੱਥੇ ਉੱਚ ਵਿੱਦਿਆ ਦਾ ਸਮਾਜ ਨੂੰ ਅੱਗੇ ਲਿਜਾਣ 'ਚ ਬਹੁਤ ਮਹੱਤਵਪੂਰਨ ਰੋਲ ਹੈ। ਉੱਚ ਵਿੱਦਿਆ ਉਹ ਕਪਾਟ ਖੋਹਲਦੀ ਹੈ, ਜਿਹੜੇ ਹੇਠਲੇ ਪੱਧਰ ਦੀ ਵਿੱਦਿਆ ਦੇਖਣ ਤੋਂ ਆਹਰੀ ਹੁੰਦੀ ਹੈ। ਇਹ ਵੱਖ-ਵੱਖ ਵਿਸ਼ਿਆਂ ਦੀ ਇੱਕ ਵਿਸ਼ੇਸ਼ ਮੁਹਾਰਤ ਵਾਲੀ ਵਿਸ਼ੇ ਦੇ ਕਿਸੇ ਇੱਕ ਨੁਕਤੇ 'ਤੇ ਕੇਂਦਰਤ ਕਰਨ ਵਾਲੀ ਹੁੰਦੀ ਹੈ। ਇਹ ਖੋਜ ਕਾਰਜਾਂ ਨੂੰ ਜ਼ਰਬਾਂ ਦਿੰਦਿਆਂ ਗਿਆਨ ਨੂੰ ਅਗਲੇਰੇ ਪੜਾਅ 'ਤੇ ਲਿਜਾਣ ਵਾਲੀ ਹੁੰਦੀ ਹੈ ਅਤੇ ਸਾਡੀ ਜ਼ਿੰਦਗੀ 'ਚ ਕੰਮ ਆਉਣ ਵਾਲੇ ਸੰਦ-ਸਾਧਨਾਂ ਦੇ ਕੰਮਕਾਰ ਦੇ ਤਰੀਕਿਆਂ ਨੂੰ ਸਮਝਦਿਆਂ ਇਹਨਾਂ ਨੂੰ ਈਜ਼ਾਦ ਕਰਦੀ ਹੈ ਅਤੇ ਅੱਗੋਂ ਵੀ ਹੋਰ ਵਿਕਸਤ ਕਰਨ 'ਚ ਸਹਾਈ ਹੁੰਦੀ ਹੈ। ਇਹ ਸਾਡੀ ਜ਼ਿੰਦਗੀ ਦੇ ਬੰਦ ਪਏ ਕੋਨਿਆਂ 'ਚ ਝਾਤੀ ਪੁਆਉਂਦੀ ਹੈ। ਮਨੁੱਖੀ ਸਰੀਰ, ਪੁਲਾੜ, ਬ੍ਰਹਿਮੰਡ, ਧਰਤ ਹੇਠਲਾ ਸੰਸਾਰ, ਪਾਤਾਲ ਦੀਆਂ ਡੂੰਘਾਈਆਂ 'ਚ ਜਾ ਕੇ ਇਹ ਇਹਨਾਂ ਦਾ ਭੇਤ ਪਾਉਂਦੀ ਹੈ। ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਖੋਹਲਦੀ ਹੈ। ਸੂਖਮ ਕਲਾਵਾਂ ਨੂੰ ਬਲ ਬਖਸ਼ਦੀ ਹੈ। ਗੱਲ ਕੀ, ਸਮਾਜਿਕ ਵਿਕਾਸ ਦੇ ਹਰ ਪੜਾਅ 'ਤੇ ਸਾਡਾ ਰਾਹ ਰੁਸ਼ਨਾਉਂਦੀ ਹੈ।

ਪਰ ਇਤਿਹਾਸਕ ਤੌਰ 'ਤੇ ਦੇਖਿਆਂ ਜਗੀਰਦਾਰੀ ਤੇ ਸਰਮਾਏਦਾਰਾਨਾ ਢਾਂਚਿਆਂ ਅੰਦਰ ਰਾਜ ਕਰਨ ਵਾਲੇ ਵਰਾਗਾਂ ਦਾ ਮੁੱਢ ਤੋਂ ਹੀ ਇਹ ਰੁਝਾਨ ਰਿਹਾ ਹੈ ਕਿ ਆਮ ਲੋਕਾਂ ਨੂੰ ਓਨੇ ਕੁ ਹੀ ਸਿਆਣੇ ਬਣਾਇਆ ਜਾਵੇ, ਜਿੰਨੇ ਕੁ ਨਾਲ ਉਹ ਉਹਨਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੇ ਸੰਦ ਬਣੇ ਰਹਿਣ, ਨਾ ਕਿ ਉਹਨਾਂ ਨੂੰ ਮੋੜਵੇਂ ਸੁਆਲ ਕਰਨ ਵਾਲੇ ਬਣਨ। ਉੱਚ ਵਿੱਦਿਆ ਪ੍ਰਾਪਤੀ ਸਥਾਪਤੀ 'ਤੇ ਸੁਆਲ ਉਠਾਉਣ ਲਾਉਂਦੀ ਹੈ। ਲੋਕਾਂ ਸਾਹਮਣੇ ਸਮਾਜ ਦੇ ਹਰ ਪੱਖ ਦਾ ਵਿਗਿਆਨਕ ਵਿਸ਼ਲੇਸ਼ਣ ਸਾਹਮਣੇ ਲਿਆਉਂਦੀ ਹੈ। ਇਉਂ ਲੋਕਾਂ ਦੀ ਮੰਦੀ ਹਾਲਤ ਨੂੰ ਵਿਗਿਆਨਕ ਪੱਖ ਤੋਂ ਪਰਖਣ ਵਾਲਾ ਵਿਅਕਤੀ ਲੋਕਾਂ ਨੂੰ ਸੇਧ ਦੇਣ ਦੇ ਕਾਬਲ ਹੋ ਸਕਦਾ ਹੈ ਅਤੇ ਹਾਕਮਾਂ ਲਈ ਭਸੂੜੀ ਸਾਬਤ ਹੋ ਸਕਦਾ ਹੈ। ਆਪਣੇ ਲਈ ਅਜਿਹੀਆਂ ਨਾਖੁਸ਼ਗਵਾਰ ਹਾਲਤਾਂ ਦੇ ਪੈਦਾ ਨਾ ਹੋਣ ਦੇਣ ਲਈ ਹੀ ਉਹ ਉੱਚ ਵਿੱਦਿਆ ਦੇ ਅਦਾਰਿਆਂ ਦੇ ਕਿਵਾੜ ਲੋਕਾਂ ਲਈ ਬੰਦ ਹੀ ਰੱਖਣ ਦੇ ਖਾਹਸ਼ਮੰਦ ਹੁੰਦੇ ਹਨ ਅਤੇ ਨਾਲ ਹੀ ਉਹ ਇਹ ਸਥਾਪਤ ਕਰਦੇ ਹਨ ਕਿ ਉੱਚ ਪੱਧਰੀ ਲਿਆਕਤ ਤਾਂ ਉੱਚ ਜਾਤੀ ਵਾਲੇ ਉੱਚ ਵਿੱਦਿਆ ਪ੍ਰਾਪਤ ਵਿਅਕਤੀਆਂ ਕੋਲ ਹੀ ਹੋ ਸਕਦੀ ਹੈ। ਬਾਕੀ ਦੇ ਲੋਕ ਤਾਂ ਡੰਗਰ ਹਨ, ਉਹਨਾਂ ਨੂੰ ਧੇਲੇ ਦੀ ਅਕਲ ਨਹੀ ਹੈ। ਉਹਨਾਂ ਨੂੰ ਸਾਡੀ ਗੁਲਾਮੀ ਕਰਨੀ ਹੀ ਪੈਣੀ ਹੈ, ਇਹਨਾਂ ਨੂੰ ਜੁੱਤੀ ਥੱਲੇ ਰੱਖਣਾ ਹੀ ਪੈਣਾ ਹੈ।

ਅਮਰੀਕਾ ਵਾਂਗ ਸਾਡੇ ਮੁਲਕ ਦੇ ਹਾਕਮਾਂ ਨੇ ਵੀ ਨੈਸ਼ਨਲ ਵਿੱਦਿਆ ਨੀਤੀ 2020 ਲਿਆਂਦੀ ਹੈ, ਜਿਸ ਨੇ ਉੱਚ ਵਿੱਦਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ ਅਤੇ ਲੋਕਾਂ ਦੀ ਵਿੱਦਿਆ ਬਹਾਨੇ ਲੁੱਟ ਕਰਨ ਲਈ ਨਿੱਜੀ ਖੇਤਰ ਦੇ ਦਰਵਾਜ਼ੇ ਖੋਹਲ ਦਿੱਤੇ ਹਨ। ਇਸ ਤੋਂ ਪਹਿਲਾਂ ਵੀ ਨਿੱਜੀਕਰਨ, ਉਦਾਰੀਕਰਨ, ਵਿਸ਼ਵੀਕਰਨ ਦੀਆਂ ਨੀਤੀਆਂ ਤਹਿਤ ਯੂਨੀਵਰਸਿਟੀ ਪੱਧਰ ਦੀ ਵਿੱਦਿਆ ਲਈ ਰਾਖਵੇਂ ਰੱਖੇ ਜਾਣ ਵਾਲੇ ਫੰਡਾਂ ਨੂੰ ਬਹੁਤ ਹੀ ਘਟਾ ਦਿੱਤਾ ਗਿਆ ਹੋਇਆ ਹੈ। ਪੰਜਾਬ ਦੇ ਅੰਕੜਿਆਂ 'ਤੇ ਨਿਗ੍ਹਾ ਮਾਰਨ ਨਾਲ ਹੀ ਕਾਫ਼ੀ ਹੱਦ ਤੱਕ ਪਿਕਚਰ ਸਾਫ ਹੋ ਜਾਂਦੀ ਹੈ। ਉੱਚ ਵਿੱਦਿਆ 'ਤੇ ਖਰਚ ਕੀਤੇ ਜਾਣ ਵਾਲਾ ਸਰਕਾਰੀ ਬੱਜਟ ਵਿੱਦਿਆ 'ਤੇ ਕੀਤੇ ਜਾਣ ਵਾਲੇ ਕੁੱਲ ਖਰਚ ਦਾ ਪ੍ਰਤੀਸ਼ਤ ਦੇਖਦੇ ਹਾਂ- 1980-81 'ਚ ਇਹ 25 ਫੀਸਦੀ ਸੀ ਅਤੇ ਜੋ ਨਵੀਆਂ ਆਰਥਿਕ ਨੀਤੀਆਂ ਦੇ ਆਉਣ ਨਾਲ 1990-91 'ਚ ਘਟ ਕੇ 14.33 ਫੀਸਦੀ ਹੀ ਰਹਿ ਗਿਆ, ਜੋ ਨੀਤੀਆਂ ਦੀ ਵਧਦੀ ਰਫ਼ਤਾਰ ਦੇ ਮੱਦੇਨਜ਼ਰ ਓਦੂੰ ਵੀ ਘਟਦਾ-ਘਟਦਾ 2014-15 'ਚ ਜਾ ਕੇ 8.65 ਫੀਸਦੀ ਹੀ ਰਹਿ ਗਿਆ। ਅੱਜ ਤਾਂ ਇਹ ਏਦੂੰ ਵੀ ਨਿਗੂਣਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮਾੜੀ ਮਾਇਕ ਹਾਲਤ ਤੋਂ ਖ਼ੈਰ ਪੰਜਾਬ ਦਾ ਕੋਈ ਹੀ ਬਸ਼ਿੰਦਾ ਹੋਵੇਗਾ, ਜੋ ਨਾਵਾਕਫ਼ ਹੋਵੇ। ਮੁੱਢਲੇ ਲੋੜੀਂਦੇ ਇਨਫਰਾਸਟਰਕਚਰ ਤੋਂ ਲੈ ਕੇ ਖੋਜ ਕਾਰਜਾਂ ਲਈ ਲੋੜੀਂਦੇ ਫੰਡ ਤੇ ਹੋਰ ਸਹੂਲਤਾਂ ਨੂੰ ਦੇਖਦਿਆਂ ਉੱਚ ਵਿੱਦਿਆ ਦੀ ਪੇਤਲੀ ਹਾਲਤ ਨੂੰ ਬੜੀ ਹੀ ਸੌਖੀ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ।

ਸੋ ਅਜਿਹੀਆਂ ਰਿਪੋਰਟਾਂ ਤੇ ਖੋਜ ਕਾਰਜਾਂ ਰਾਹੀਂ ਹਾਕਮ ਆਪਣੇ ਰਾਜ ਨੂੰ ਪੁਖਤਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇੱਕ ਲੋਕਪੱਖੀ ਰਾਜ ਉੱਚ ਵਿੱਦਿਆ ਸਮੇਤ ਹਰ ਪੱਧਰ ਦੀ ਵਿੱਦਿਆ ਪ੍ਰਾਪਤੀ ਦੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਰੱਖਣ ਵਾਲਾ ਹੁੰਦਾ ਹੈ। ਹਰ ਇੱਕ ਵਿਅਕਤੀ ਨੂੰ ਹਰ ਕਿਸਮ ਦੀ ਮਿਆਰੀ ਵਿੱਦਿਆ ਪ੍ਰਾਪਤ ਕਰਨ ਦਾ ਸੰਵਿਧਾਨਕ ਤੌਰ 'ਤੇ ਬੁਨਿਆਦੀ ਜਮਹੂਰੀ ਹੱਕ ਹੈ। ਹਾਕਮ ਚਾਹੁੰਦੇ ਹਨ ਲੋਕਾਂ ਨੂੰ ਜਾਣਕਾਰੀ ਤੋਂ ਵਾਂਝੇ ਰੱਖਣਾ, ਪਰ ਲੋਕਾਂ ਨੇ ਇਹ ਜਾਣਕਾਰੀ ਹਾਸਲ ਕਰਨੀ ਹੀ ਹੈ, ਕਿਉਂਕਿ ਇਹਦੇ ਬਾਝੋਂ ਉਹਨਾਂ ਦਾ ਸਰਦਾ ਨਹੀਂ। ਇਸ ਲਈ ਹਰ ਪੱਧਰ ਦੀ ਵਿੱਦਿਆ ਪ੍ਰਾਪਤੀ ਤੇ ਖਾਸਕਰ ਉੱਚ ਵਿੱਦਿਆ ਹਾਸਲ ਕਰਨ ਦੇ ਹੱਕ ਨੂੰ ਅਮਲੀ ਪੱਧਰ 'ਤੇ ਲਾਗੂ ਕਰਨ ਲਈ ਆਵਾਜ਼ ਉਠਾਉਣਾ ਇਨਸਾਫਪਸੰਦ ਲੋਕਾਂ ਦਾ ਫਰਜ਼ ਬਣਦਾ ਹੈ।

# ਸੰਪਰਕ : 94170-79720

ਜਨਮ ਦਿਨ 'ਤੇ ਵਿਸ਼ੇਸ਼

# ਯੁੱਗ ਪੁਰਸ਼ ਭਗਤ ਪੂਰਨ ਸਿੰਘ ਜੀ

ਦਰਸ਼ਨ ਸਿੰਘ ਪ੍ਰੀਤੀਮਾਨ

ਇਹ ਗੁਰੂਆਂ, ਪੀਰਾਂ, ਅਵਤਾਰਾਂ, ਫਕੀਰਾਂ, ਸਾਧਾਂ, ਸੰਤਾਂ, ਰਿਸ਼ੀਆਂ, ਮੁਨੀਆਂ, ਵਿਗਿਆਨੀਆਂ, ਸਾਹਿਤਕਾਰਾਂ, ਕਲਾਕਾਰਾਂ, ਸੂਰਮਿਆਂ, ਯੋਧਿਆਂ ਦੀ ਧਰਤੀ ਹੈ। ਇਸ ਧਰਤੀ 'ਤੇ ਹਰ ਪ੍ਰਕਾਰ ਦੇ ਇਨਸਾਨ ਨੇ ਜਨਮ ਲਿਆ ਹੈ। ਆਪਣੇ ਲਈ ਜਿਊਣ ਵਾਲੇ ਇਨਸਾਨ, ਆਪਣੇ ਘਰ-ਬਾਰ ਦੇ ਜੀਆਂ ਲਈ ਜਿਊਣ ਵਾਲੇ ਇਨਸਾਨ, ਆਪਣੇ ਪਿੰਡ, ਸ਼ਹਿਰ ਲਈ ਜਿਊਣ ਵਾਲੇ, ਆਪਣੇ ਧਰਮ ਲਈ ਜਿਊਣ ਵਾਲੇ ਇਨਸਾਨ, ਆਪਣੇ ਦੇਸ਼ ਲਈ ਜਿਊਣ ਵਾਲੇ ਇਨਸਾਨ ਪੈਦਾ ਹੁੰਦੇ ਹਨ, ਪਰ ਟਾਂਵਾਂ-ਵਿਰਲਾ ਹੀ ਉਹ ਇਨਸਾਨ ਜਨਮ ਲੈਂਦਾ ਹੈ, ਜੋ ਸਮੁੱਚੀ ਮਨੁੱਖਤਾ ਲਈ ਜਿਊਣ ਦੀ ਤਾਂਘ ਰੱਖਦਾ ਹੋਵੇ, ਸਰਬੱਤ ਦਾ ਭਲਾ ਲੋਚਦਾ ਹੋਵੇ, ਸਮੁੱਚੇ ਸਮਾਜ ਦਾ ਭਲਾ ਸੋਚਣ ਵਾਲਾ ਮਨੁੱਖ ਹੀ ਇਨਸਾਨੀਅਤ ਲਈ ਮਸੀਹਾ ਹੁੰਦਾ ਹੈ। ਅਜਿਹੇ ਹੀ ਇੱਕ ਦੇਵਤੇ ਪੁਰਸ਼ ਨੇ ਸਾਰੀ ਦੁਨੀਆ 'ਚ ਮਾਨਵਤਾ ਦੀ ਸੇਵਾ ਦਾ ਬਿਗਲ ਵਜਾਇਆ ਹੈ, ਉਹ ਹਨ ਮਹਾਨ ਦੇਵਤਾ ਪੁਰਸ਼ ਪਿੰਗਲਵਾੜੇ ਨੂੰ ਸਮਰਪਤ ਅਤੇ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਜੀ।

ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ, 1904 ਈ: ਵਿੱਚ ਮਾਤਾ ਮਹਿਤਾਬ ਕੌਰ ਦੀ ਕੁੱਖੋਂ, ਪਿਤਾ ਲਾਲਾ ਸ਼ਿੱਬੂਮਲ ਦੇ ਘਰ ਖੰਨਾ ਸ਼ਹਿਰ ਨੇੜੇ ਪਿੰਡ ਰਾਜੇਵਾਲ, ਰੋਹਣੋ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਦੀ ਮਾਤਾ ਜ਼ਿਮੀਦਾਰ ਸਿੱਖ ਪਰਵਾਰ ਨਾਲ ਸੰਬੰਧ ਰੱਖਦੀ ਸੀ ਤੇ ਪਿਤਾ ਵਿਉਪਾਰ ਕਰਦਾ ਸੀ, ਉਹ ਹਿੰਦੂ ਮੱਤ ਘਰਾਣੇ ਵਿੱਚੋਂ ਸੀ। ਭਗਤ ਪੂਰਨ ਸਿੰਘ ਜੀ ਦਾ ਬਚਪਨ ਦਾ ਨਾਂਅ ਰਾਮ ਜੀ ਦਾਸ ਸੀ। ਗੁਰਦੁਆਰਿਆਂ ਦੇ ਸੱਭਿਆਚਾਰ ਤੋਂ ਪ੍ਰਭਾਵਿਤ ਹੋ ਕੇ ਰਾਮ ਜੀ ਦਾਸ ਤੋਂ ਪੂਰਨ ਸਿੰਘ ਬਣ ਗਿਆ। ਗਿਆਨੀ ਕਰਤਾਰ ਸਿੰਘ ਜੀ ਨੇ ਪੂਰਨ ਸਿੰਘ ਦੇ ਨਾਂਅ ਅੱਗੇ 'ਭਗਤ' ਸ਼ਬਦ ਲਗਾ ਕੇ ਭਗਤ ਪੂਰਨ ਸਿੰਘ ਬਣਾ ਦਿੱਤਾ।

ਇੱਕ ਵਿਕਲਾਂਗ ਬੱਚੇ ਨੂੰ ਭਗਤ ਪੂਰਨ ਸਿੰਘ ਪਿੱਠ 'ਤੇ ਚੁੱਕ ਕੇ ਲਾਹੌਰ ਤੇ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਘੁੰਮਦੇ ਫਿਰਦੇ ਰਹਿੰਦੇ। ਉਹ ਘਰੋ-ਘਰੀ ਰੋਟੀਆਂ ਮੰਗਦੇ ਰਹੇ। ਅਨਾਥ, ਲਾਵਾਰਸਾਂ, ਬਿਮਾਰਾਂ ਦੀ ਦੇਖ-ਰੇਖ ਕਰਦੇ, ਅਬਲਾਵਾਂ, ਬੁੱਢਿਆਂ ਦਾ ਸਹਾਰਾ ਬਣਦੇ ਰਹੇ, ਹਮੇਸ਼ਾ ਰੇਲ ਗੱਡੀ ਦੇ ਤੀਸਰੇ ਦਰਜੇ 'ਚ ਸਫਰ ਕਰਨ ਵਾਲੇ ਨੇ ਟਾਂਗੇ, ਰਿਕਸ਼ੇ, ਸਾਈਕਲ ਦੀ ਹਮੇਸ਼ਾ ਸਵਾਰੀ ਕੀਤੀ। ਰਾਹ ਵਿੱਚ ਪਿਆ ਪੱਥਰ, ਰੋੜਾ, ਕੱਚ, ਮੇਖ਼ੀ, ਕੂੜਾ ਆਦਿ ਨੂੰ ਹਮੇਸ਼ਾ ਰਾਹ 'ਚੋਂ ਚੁੱਕ ਕੇ ਕਿਸੇ ਵਿਹਲੀ ਥਾਂ ਸੁੱਟਦੇ। ਸੁੱਕੀ ਰੋਟੀ ਖਾ ਕੇ ਉਪਰ ਦੀ ਪਾਣੀ ਪੀਣ ਵਾਲੇ ਭਗਤ ਜੀ ਨੇ ਸਾਦਾ ਪਹਿਰਾਵਾ ਪਹਿਨਿਆ ਤੇ ਸਾਦਾ ਜੀਵਨ ਬਤੀਤ ਕੀਤਾ।

ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਦੇ ਰੋਗੀਆਂ ਨੂੰ ਆਪਣੀ ਸੰਤਾਨ ਸਮਝਦੇ ਸਨ। ਆਪਣੀ ਸੰਤਾਨ ਲਈ ਉਹ ਹਮੇਸ਼ਾ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਪ੍ਰਿੰਟਿੰਗ ਪ੍ਰੈੱਸ ਲਈ ਆਪਣੇ ਪਿੰਗਲਵਾੜੇ ਪਰਵਾਰ ਅਤੇ



ਸਮਾਜ ਨੂੰ ਜਾਗਰਤ ਕਰਨ ਲਈ ਉਹ ਸਾਰਾ-ਸਾਰਾ ਦਿਨ ਮੁਫ਼ਤ ਇਸ਼ਤਿਹਾਰ ਕਿਤਾਬਚੇ ਵੰਡਦੇ ਰਹਿੰਦੇ ਸਨ। ਵਾਤਾਵਰਨ ਪ੍ਰਦੂਸ਼ਣ ਹੁੰਦੇ ਕਾਰਨ ਵੀ ਉਹ ਬਹੁਤ ਚਿੰਤਤ ਰਹਿੰਦੇ ਸਨ। ਭਗਤ ਜੀ ਨੇ 'ਪਦਮਸ਼੍ਰੀ ਉਪਾਧੀ' ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ 'ਤੇ ਆਕਰਮਣ ਹੋਣ ਕਰਕੇ ਅਤੇ ਬੇਕਸੂਰੇ ਲੋਕਾਂ ਦੇ ਮਾਰੇ ਜਾਣ ਕਰਕੇ 'ਪਦਮ ਸ੍ਰੀ ਉਪਾਧੀ' ਵਾਪਸ ਕਰ ਦਿੱਤੀ। ਭਗਤ ਜੀ ਸੰਗਤਾਂ ਦੇ ਪਿਆਰ ਤੇ ਸਤਿਕਾਰ ਨੂੰ ਉਪਾਧੀਆਂ ਨਾਲੋਂ ਅਨੇਕਾਂ ਗੁਣਾਂ ਵੱਡਾ ਸਮਝਦੇ ਸਨ।

ਭਗਤ ਪੂਰਨ ਸਿੰਘ ਜੀ ਐਵਾਰਡਾਂ, ਇਨਾਮਾਂ ਜਾਂ ਮਸ਼ਹੂਰੀਆਂ ਖਾਤਰ ਮਨੁੱਖਤਾ ਦੀ ਸੇਵਾ ਨਹੀਂ ਸਨ ਕਰਦੇ, ਸਗੋਂ ਮਨੁੱਖਤਾ ਦੀ ਸੇਵਾ ਨੂੰ ਉਹ ਆਪਣਾ ਧਰਮ ਸਮਝਦੇ ਸਨ। ਉਨ੍ਹਾਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ 24 ਸਾਲ ਬਿਤਾਏ। ਉਨ੍ਹਾਂ ਦੇ ਕੀਤੇ ਨਿਵੇਕਲੇ ਕੰਮਾਂ ਦੀ ਸੁਗੰਧ ਵਿਸ਼ਵ ਦੇ ਕੋਨੇ-ਕੋਨੇ ਤੱਕ ਪੁੱਜਦੀ ਹੈ। ਭਗਤ ਜੀ ਇੱਕ ਚੰਗੇ ਲੇਖਕ ਅਤੇ ਚੰਗੇ ਬੁਲਾਰੇ ਸਨ। ਉਨ੍ਹਾਂ ਨੂੰ ਅਥਾਹ ਗਿਆਨ ਸੀ। ਉਨ੍ਹਾਂ ਲਾਹੌਰ ਤੇ ਅੰਮ੍ਰਿਤਸਰ ਦੀਆਂ ਸੜਕਾਂ ਉੱਤੇ ਫਿਰਦਿਆਂ 'ਮਾਸਟਰ ਆਫ ਪੀਪਲਜ਼ ਸਰਵਿਸ' ਦੀ ਡਿਗਰੀ ਲਈ।

ਭਗਤ ਪੂਰਨ ਸਿੰਘ ਜੀ ਯਤੀਮਾਂ, ਵਿਧਵਾਵਾਂ, ਅਪਾਹਜਾਂ, ਰੋਗੀਆਂ, ਬੁੱਢਿਆਂ, ਬੇਆਸਰਿਆਂ ਦਾ ਆਸਰਾ, ਮਸੀਹਾ ਸੀ। ਉਨ੍ਹਾਂ ਨੇ ਮਾਨਵ ਕਲਿਆਣ ਦੇ ਪਿੰਗਲਵਾੜੇ ਵਰਗੇ ਵੱਡੇ ਕਾਰਜ ਕੀਤੇ। ਜਿਸ ਦੀ ਮਿਸਾਲ ਅੱਜ ਕਾਇਮ ਹੈ। ਅੰਤ 5 ਅਗਸਤ, 1992 ਈ: ਨੂੰ ਬਾਅਦ ਦੁਪਹਿਰ ਭਗਤ ਪੂਰਨ ਸਿੰਘ ਜੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਅੱਜ ਉਨ੍ਹਾਂ ਦੀ ਧਰਮ ਪੁੱਤਰੀ ਡਾ: ਬੀਬੀ ਇੰਦਰਜੀਤ ਕੌਰ ਉਨ੍ਹਾਂ ਦੇ ਕਾਰਜਾਂ ਦੀ ਵਾਗਡੋਰ ਸੰਭਾਲ ਰਹੀ ਹੈ। ਭਗਤ ਪੂਰਨ ਸਿੰਘ ਜੀ ਦੇ ਕੀਤੇ ਕਾਰਜਾਂ ਦੀ ਮਹਿਕ ਸੁਗੰਧੀ ਰਹਿੰਦੀ ਦੁਨੀਆ ਤੱਕ ਫੈਲਦੀ ਰਹੇਗੀ, ਐਸੇ ਯੁੱਗ ਪੁਰਸ਼ ਨੂੰ ਸਲਾਮ।

# ਸੰਪਰਕ : 98786-06963

# ਪੰਜਾਬ ਦੇ ਚੋਣ ਨਤੀਜਿਆਂ ਦੇ ਭਵਿੱਖ-ਮੁਖੀ ਸਿਆਸੀ, ਜਥੇਬੰਦਕ ਤੇ ਵਿਅਕਤੀਗਤ ਪ੍ਰਭਾਵ

ਇਸ ਵਾਰ ਭਾਰਤੀ ਚੋਣ ਕਮਿਸ਼ਨ ਵੱਲੋਂ ਸਮੁੱਚੇ ਭਾਰਤ ਵਿੱਚ ਲੋਕ ਸਭਾ ਦੀਆਂ ਚੋਣਾਂ 7 ਪੜਾਵਾਂ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ। ਭਾਰਤ ਦੇ ਚੁਣਾਵੀ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਜਦੋਂ ਚੋਣ ਪ੍ਰਚਾਰ ਇੰਨੇ ਲੰਮੇ ਸਮੇਂ ਲਈ ਚੱਲਿਆ ਹੋਵੇ। ਪਹਿਲੀ ਜੂਨ ਨੂੰ ਚੋਣਾਂ ਦਾ ਆਖਰੀ ਪੜਾਅ ਸੀ, ਜਿਸ ਦੌਰਾਨ ਵੱਖ-ਵੱਖ ਸੂਬਿਆਂ ਦੇ 57 ਲੋਕ ਸਭਾ ਹਲਕਿਆਂ 'ਚ ਵੋਟਰਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ। ਇੰਨ੍ਹਾਂ 57 ਹਲਕਿਆਂ ਵਿੱਚ ਪੰਜਾਬ ਦੇ 13 ਲੋਕ ਸਭਾ ਹਲਕੇ ਵੀ ਸ਼ੁਮਾਰ ਸਨ। ਤਸੱਲੀ ਵਾਲੀ ਗੱਲ ਹੈ ਕਿ ਚੋਣ ਪ੍ਰਕਿਰਿਆ ਨਾਲ ਜੁੜੇ ਪੰਜਾਬ ਦੇ ਸਮੁੱਚੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਸ਼ੇਸ਼ ਤੌਰ 'ਤੇ ਕਾਨੂੰਨ ਵਿਵਸਥਾ ਨਾਲ ਜੁੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਿਆਣਪ, ਸੁੱਘੜਤਾ ਅਤੇ ਲਗਨ ਸਦਕਾ ਇਹ ਚੋਣ ਪ੍ਰਕਿਰਿਆ ਕੁੱਲ ਮਿਲਾ ਕੇ ਸ਼ਾਂਤੀ-ਪੂਰਵਕ ਸੰਪੰਨ ਹੋ ਗਈ, ਜਿਸ ਲਈ ਉਹ ਸਾਰੇ ਵਧਾਈ ਦੇ ਹੱਕਦਾਰ ਹਨ।

ਜ਼ਿਕਰਯੋਗ ਇਹ ਵੀ ਹੈ ਕਿ ਸਮੁੱਚੇ ਚੋਣ ਪ੍ਰਚਾਰ ਦੌਰਾਨ ਤਕਰੀਬਨ ਸਾਰੀਆਂ ਹੀ ਪਾਰਟੀਆਂ ਦੇ ਸਟਾਰ ਪ੍ਰਚਾਰਕਾਂ ਅਤੇ ਦੂਸਰੀ ਕਤਾਰ ਦੇ ਨੇਤਾਵਾਂ ਵੱਲੋਂ ਪੂਰੀ ਸਰਗਰਮੀ ਅਤੇ ਮਿਹਨਤ ਨਾਲ ਧੂੰਆਂਧਾਰ ਪ੍ਰਚਾਰ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ, ਪ੍ਰੰਤੂ ਬੜੇ ਹੀ ਅਫਸੋਸ ਅਤੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਇੱਕ ਅੱਧ ਨੂੰ ਛੱਡ ਕੇ ਚੋਣ ਪ੍ਰਚਾਰ ਦੌਰਾਨ ਕਿਸੇ ਵੀ ਰਾਜਨੀਤਕ ਪਾਰਟੀ ਜਾਂ ਅਜ਼ਾਦ ਉਮੀਦਵਾਰ ਵੱਲੋਂ ਜਿਵੇਂ ਕਿ ਉਹਨਾਂ ਤੋਂ ਤਵੱਕੋ ਕੀਤੀ ਜਾਂਦੀ ਹੈ, ਜਨਤਾ ਦੇ ਸਥਾਨਕ, ਕੇਂਦਰੀ ਸੱਤਾ ਨਾਲ ਸਬੰਧਤ ਅਤੇ ਸੂਬੇ ਨਾਲ ਜੁੜੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਮੁੱਦਿਆਂ ਨੂੰ ਉਭਾਰਨ ਵੱਲ ਧਿਆਨ ਦੇਣ ਦਾ ਜੋਖਮ ਲੈਣ ਦੀ ਖੇਚਲ ਨਹੀਂ ਕੀਤੀ ਗਈ। ਇਲੈਕਟ੍ਰੋਨਿਕ, ਪ੍ਰਿੰਟ ਅਤੇ ਸੋਸ਼ਲ ਮੀਡੀਆ 'ਤੇ ਸੱਤਾ ਧਿਰ ਅਤੇ ਵਿਰੋਧੀ ਦਲਾਂ ਵੱਲੋਂ ਇੱਕ ਦੂਸਰੇ 'ਤੇ ਨਿੱਜੀ ਚਿੱਕੜ ਉਛਾਲੀ ਅਤੇ ਤਾਅਨੇ ਮਿਹਣਿਆਂ ਦਾ ਬਾਜ਼ਾਰ ਆਮ ਤੌਰ 'ਤੇ ਗਰਮ ਅਤੇ ਨਿਵਾਣਾਂ ਨੂੰ ਛੂਹਣ ਵਾਲਾ ਹੀ ਰਿਹਾ। ਇਸ ਤੋਂ ਵੀ ਅਗਾਂਹ ਲੰਘ ਕੇ ਦੁੱਖ ਅਤੇ ਅਫਸੋਸ ਉਦੋਂ ਹੁੰਦਾ ਰਿਹਾ, ਜਦੋਂ ਪੰਡਾਲ ਵਿੱਚ ਬੈਠੇ ਲੋਕ ਜਿਨ੍ਹਾਂ ਦੇ ਬੱਚਿਆਂ ਦੇ ਭਵਿੱਖ ਲਈ ਕੇਂਦਰੀ ਜਾਂ ਸੂਬਾ ਸਰਕਾਰਾਂ ਦੇ ਗਠਨ ਹੁੰਦੇ ਹਨ, ਆਪਣੇ ਨੇਤਾਵਾਂ ਦੇ ਵਿਅੰਗ, ਵਿਰੋਧੀਆਂ ਦੀਆਂ ਨਕਲਾਂ ਅਤੇ ਮਿਹਣੇ ਸੁਣ ਕੇ ਤਾੜੀਆਂ, ਕਿਲਕਾਰੀਆਂ ਅਤੇ ਹਾਸਿਆਂ ਨਾਲ ਲੋਟ-ਪੋਟ ਹੁੰਦੇ ਦੇਖੇ ਜਾਂਦੇ ਰਹੇ। ਇਸ ਸਭ ਕੁਝ ਤੋਂ ਹੇਠਲੇ ਨੇਤਾਵਾਂ ਅਤੇ ਵਰਕਰਾਂ ਦੀ ਆਪਣੀ-ਆਪਣੀ ਪਾਰਟੀ ਦੀ ਵਿਚਾਰਧਾਰਾ ਪ੍ਰਤੀ ਪਕੜ, ਸਿਆਸੀ ਸੂਝ ਅਤੇ ਜਨਤਕ ਮੁੱਦਿਆਂ ਪ੍ਰਤੀ ਸੁਹਿਰਦਤਾ ਭਲੀ-ਭਾਂਤ ਉੱਭਰ ਕੇ ਸਾਹਮਣੇ ਆ ਜਾਂਦੀ ਹੈ। ਅਜਿਹਾ ਵਰਤਾਰਾ ਸਿਰਫ ਇਸ ਵਾਰ ਹੀ ਨਹੀਂ, ਸਗੋਂ ਲੱਗਭੱਗ ਹਰ ਵਾਰ ਅਤੇ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਦੇਖਿਆ ਜਾਂਦਾ ਹੈ।



ਆਤਮਾ ਸਿੰਘ ਪਮਾਰ

ਉਕਤ ਚਰਚਾ ਤੋਂ ਇਲਾਵਾ ਹਰ ਇੱਕ ਉਮੀਦਵਾਰ ਦੀ ਕਾਰਜਸ਼ੈਲੀ ਨੂੰ ਦੇਖਦਿਆਂ ਵੋਟਰਾਂ ਵੱਲੋਂ ਆਪਣੀ ਮੱਤ ਦਾ ਦਾਨ ਵੋਟਿੰਗ ਮਸ਼ੀਨਾਂ ਵਿੱਚ ਜਮ੍ਹਾਂ ਕਰ ਦਿੱਤਾ ਗਿਆ ਹੈ, ਜੋ ਕਿ 4 ਜੂਨ ਨੂੰ ਚੋਣ ਨਤੀਜਿਆਂ ਦੇ ਰੂਪ ਵਿੱਚ ਜਨਤਾ ਦੇ ਸਨਮੁਖ ਹੋ ਜਾਵੇਗਾ, ਜਿਸ ਤੋਂ ਵੋਟਰਾਂ ਦੀ ਸਮਝ ਤੋਂ ਇਲਾਵਾ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੀ ਕਾਰਗੁਜ਼ਾਰੀ ਪ੍ਰਤੱਖ ਰੂਪ 'ਚ ਦੇਖਣ ਨੂੰ ਮਿਲੇਗੀ ਅਤੇ ਨਾਲ ਹੀ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦਿਆਂ, ਦਾਅਵਿਆਂ ਅਤੇ ਗਰੰਟੀਆਂ 'ਤੇ ਮੋਹਰ ਲਾਉਣ ਦਾ ਕੰਮ ਵੀ ਕਰੇਗਾ। ਪੰਜਾਬ ਦੇ ਨਤੀਜੇ ਕੁਝ ਵਿਅਕਤੀਆਂ ਦੇ ਨਿੱਜੀ ਅਤੇ ਕੁਝ ਪਾਰਟੀਆਂ ਅਤੇ ਜਥੇਬੰਦੀਆਂ ਦੇ ਭਵਿੱਖ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਜੇਕਰ ਆਪਾਂ ਕਾਂਗਰਸ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੋ ਕਿ ਲੁਧਿਆਣਾ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵੀ ਹਨ, ਦੀ ਗੱਲ ਕਰੀਏ ਤਾਂ ਚੋਣ ਪ੍ਰਚਾਰ ਦੌਰਾਨ ਉਹ ਜ਼ਿਆਦਾਤਰ ਆਪਣੇ ਹਲਕੇ ਤੱਕ ਹੀ ਸੀਮਤ ਹੋ ਕੇ ਰਹਿ ਗਏ। ਬਹੁਤ ਘੱਟ ਮੌਕੇ ਹੋਣਗੇ, ਜਦੋਂ ਉਹ ਹੋਰਨਾਂ ਉਮੀਦਵਾਰਾਂ ਲਈ ਪ੍ਰਚਾਰ ਕਰਨ ਗਏ ਹੋਣ।

ਮੀਡੀਆ ਰਿਪੋਰਟਾਂ ਅਨੁਸਾਰ ਪਹਿਲਾਂ-ਪਹਿਲਾਂ ਰਾਜਾ ਵੜਿੰਗ ਦੀ ਸਥਿਤੀ ਕਾਫੀ ਮਜ਼ਬੂਤ ਦੱਸੀ ਜਾਂਦੀ ਰਹੀ, ਪ੍ਰੰਤੂ ਚੋਣ ਦੇ ਆਖਰੀ ਦਿਨਾਂ 'ਚ ਚੁਣਾਵੀ ਦ੍ਰਿਸ਼ ਕੁਝ ਸ਼ੰਕਾਵਾਂ ਦੇ ਘੇਰੇ 'ਚ ਆ ਗਿਆ ਜਾਪਿਆ। ਅਜਿਹੀ ਸਥਿਤੀ 'ਚ ਜੇਕਰ ਵੜਿੰਗ ਸਾਹਿਬ ਬਾਜ਼ੀ ਮਾਰ ਜਾਂਦੇ ਹਨ ਤਾਂ ਪੌਂ ਬਾਰਾਂ ਵਾਲੀ ਗੱਲ ਹੋਵੇਗੀ, ਪਰੰਤੂ ਪ੍ਰਤੀਕੂਲ ਸਥਿਤੀਆਂ 'ਚ ਸਮੇਂ ਦਾ ਵੇਗ ਕੋਈ ਹੋਰ ਰੁਖ ਅਖਤਿਆਰ ਵੀ ਕਰ ਸਕਦਾ ਹੈ। ਉਧਰ ਦੂਸਰੇ ਪਾਸੇ ਸ. ਪ੍ਰਤਾਪ ਸਿੰਘ ਬਾਜਵਾ ਜੋ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵੀ ਹਨ, ਦਾ ਲੁਧਿਆਣਾ ਸੀਟ ਨੂੰ ਲੈ ਕੇ ਸਿਆਸਤ ਛੱਡਣ ਵਾਲਾ ਬਿਆਨ ਵੀ ਮੀਡੀਏ ਦੀਆਂ ਵੱਡੀਆਂ ਸੁਰਖੀਆਂ ਬਣਿਆ ਸੀ। ਇੱਥੇ ਵੀ ਸਮਾਂ ਅਤੇ ਸਥਿਤੀਆਂ ਤੋਂ ਇਲਾਵਾ ਵੋਟਰਾਂ ਦਾ ਮੂਡ ਕਿਸ ਪਾਸੇ ਕਰਵਟ ਲੈਂਦਾ ਹੈ, 'ਤੇ ਹੀ ਨਿਰਭਰ ਕਰਦਾ ਹੈ, ਕਿਉਂਕਿ ਪੰਜਾਬ ਚੋਣਾਂ ਦੀ ਸਮੁੱਚੀ ਵਾਗਡੋਰ ਇਹਨਾਂ ਦੋਵਾਂ ਨੇਤਾਵਾਂ ਦੇ ਹੱਥ ਵਿੱਚ ਸੀ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਦੋਵਾਂ ਨੇਤਾਵਾਂ ਦਾ ਭਵਿੱਖ ਚਾਰ ਜੂਨ ਦੇ ਇਕੱਲੇ ਲੁਧਿਆਣਾ ਨਤੀਜੇ 'ਤੇ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਨਤੀਜਿਆਂ 'ਤੇ ਹੀ ਨਿਰਭਰ ਕਰਦਾ ਹੈ। ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਜੋ ਕਿ ਰਾਜਭਾਗ 'ਤੇ ਕਾਬਜ਼ ਵੀ ਹੈ ਅਤੇ ਸ. ਭਗਵੰਤ ਸਿੰਘ ਮਾਨ ਸਾਹਿਬ ਦੀ ਸਰਪ੍ਰਸਤੀ ਅਤੇ ਸੰਸਦ 'ਚ ਵੀ ਭਗਵੰਤ ਮਾਨ ਦੇ ਨਾਅਰੇ ਹੇਠ ਇਹ ਚੋਣਾਂ ਲੜੀਆਂ ਗਈਆਂ ਹਨ। ਸਪੱਸ਼ਟ ਹੈ ਕਿ ਸਮੁੱਚੀ ਜ਼ਿੰਮੇਵਾਰੀ ਮੁੱਖ ਮੰਤਰੀ ਦੀ ਹੀ ਬਣਦੀ ਹੈ।

ਸਮੁੱਚੇ ਪੰਜਾਬ ਅਤੇ ਵਿਸ਼ੇਸ਼ ਕਰਕੇ ਸੰਗਰੂਰ ਅਤੇ ਫਰੀਦਕੋਟ ਜੋ ਕਿ ਹਾਟ ਸੀਟਾਂ ਦੇ ਤੌਰ 'ਤੇ ਜਾਣੀਆਂ ਜਾਂਦੀਆਂ ਹਨ, ਦੇ ਨਤੀਜੇ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਦੇ ਭਵਿੱਖ ਨੂੰ ਨਿਰਧਾਰਤ ਕਰਨ 'ਚ ਅਹਿਮ ਭੂਮਿਕਾ ਅਦਾ ਕਰਨਗੇ। ਇਸੇ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ, ਜਿਸ ਦਾ ਪਿਛਲੇ ਕੁਝ ਸਮੇਂ ਤੋਂ ਸਿਆਸੀ ਗਰਾਫ ਕਾਫੀ ਨੀਵਾਂ ਚੱਲ ਰਿਹਾ ਹੈ, ਦਾ ਭਵਿੱਖ ਅਤੇ ਵਿਸ਼ੇਸ਼ ਕਰਕੇ ਬਾਦਲ ਪਰਵਾਰ ਦੀ ਅਗਾਮੀ ਸਥਿਤੀ ਵੀ ਪੰਜਾਬ ਦੀਆਂ ਲੋਕ ਸਭਾ ਸੀਟਾਂ 'ਤੇ ਹੀ ਨਿਰਭਰ ਕਰਦੀ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਜਿਸ ਕਦਰ ਪਾਰਟੀ ਪ੍ਰਧਾਨ 'ਤੇ ਪਾਰਟੀ ਦੇ ਅੰਦਰੋਂ ਹੀ ਤਾਨਾਸ਼ਾਹੀ ਦੇ ਕਥਿਤ ਦੋਸ਼ ਲੱਗਦੇ ਰਹੇ ਹਨ ਅਤੇ ਪਾਰਟੀ ਦੇ ਕੁਝ ਸੀਨੀਅਰ ਆਗੂ ਪਾਰਟੀ ਤੋਂ ਬਾਹਰ ਜਾ ਕੇ ਵੱਖਰੇ ਤੌਰ 'ਤੇ ਆਪਣਾ ਦਲ ਬਣਾ ਲੈਂਦੇ ਹਨ ਅਤੇ ਮੁੜ ਘਰ ਵਾਪਸੀ ਹੋ ਜਾਂਦੀ ਹੈ ਅਤੇ ਫਿਰ ਤੋਂ ਕਿਤੇ ਨਾ ਕਿਤੇ ਟਿਕਟਾਂ ਦੀ ਵੰਡ ਨੂੰ ਲੈ ਕੇ ਮੱਤਭੇਦ ਹੁੰਦੇ ਹਨ ਅਤੇ ਚੋਣ ਪ੍ਰਚਾਰ ਦੌਰਾਨ ਹੀ ਕੁਝ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਂਦਾ ਹੈ, ਆਦਿ ਕੁਝ ਅਜਿਹੇ ਕਾਰਕ ਹਨ, ਜਿਨ੍ਹਾਂ ਦੀ ਭਰਪਾਈ ਸਿਰਫ ਤੇ ਸਿਰਫ ਲੋਕ ਸਭਾ ਦੇ ਅੱਛੇ ਨਤੀਜਿਆਂ 'ਤੇ ਹੀ ਨਿਰਭਰ ਕਰਦੀ ਹੈ। ਅਜਿਹਾ ਨਾ ਹੋਣ ਦੀ ਸੂਰਤ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਵਿਸ਼ੇਸ਼ ਕਰਕੇ ਬਾਦਲ ਪਰਵਾਰ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ, ਕੁਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ। ਇੱਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਦੋਵਾਂ ਹਾਲਤਾਂ 'ਚ ਹੀ ਸ਼੍ਰੋਮਣੀ ਅਕਾਲੀ ਦਲ 'ਚ ਵੱਡੀਆਂ ਤਬਦੀਲੀਆਂ ਦੇਖਣ ਨੂੰ ਜ਼ਰੂਰ ਮਿਲ ਸਕਦੀਆਂ ਹਨ। ਇਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਵੱਲੋਂ ਸਮੁੱਚੇ ਭਾਰਤ ਵਿੱਚ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਉਮੀਦਵਾਰਾਂ ਦਾ ਚੋਣ ਪ੍ਰਚਾਰ ਦੌਰਾਨ ਵਿਰੋਧ ਕਰਨ ਅਤੇ ਸਵਾਲ ਪੁੱਛਣ ਦਾ ਫੈਸਲਾ ਲਿਆ ਗਿਆ ਸੀ।

ਭਾਰਤ ਵਿੱਚ ਇਸ ਫੈਸਲੇ ਨੂੰ ਕਿਸ ਹੱਦ ਤੱਕ ਲਾਗੂ ਕੀਤਾ ਗਿਆ, ਇਸ ਦੀ ਜ਼ਿਆਦਾ ਜਾਣਕਾਰੀ ਨਹੀਂ ਮਿਲ ਸਕੀ, ਪ੍ਰੰਤੂ ਪੰਜਾਬ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਇਸ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ। ਜ਼ਿਆਦਾਤਰ ਹਲਕਿਆਂ 'ਚ ਪੁਲਸ ਨਾਲ ਧੱਕਾ-ਮੁੱਕੀ ਅਤੇ ਕੁਝ ਕੁ ਥਾਵਾਂ 'ਤੇ ਭਾਜਪਾ ਵਰਕਰਾਂ ਨਾਲ ਝੜਪਾਂ ਦੀਆਂ ਖਬਰਾਂ ਵੀ ਆਮ ਤੌਰ 'ਤੇ ਮਿਲਦੀਆਂ ਰਹੀਆਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਜੇਕਰ ਭਾਜਪਾ ਇੱਕ-ਦੋ ਸੀਟਾਂ ਜਿੱਤ ਜਾਂਦੀ ਹੈ ਜਾਂ ਫਿਰ ਦੂਜੇ ਨੰਬਰ 'ਤੇ ਆ ਕੇ ਚੰਗੀ ਕਾਰਗੁਜ਼ਾਰੀ ਦਾ ਮੁਜ਼ਾਹਰਾ ਕਰ ਜਾਂਦੀ ਹੈ ਤਾਂ ਫਿਰ ਕਿਸਾਨ ਜਥੇਬੰਦੀਆਂ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਤੋਂ ਇਲਾਵਾ ਇਹ ਵੀ ਮੰਥਨ ਕਰਨ ਦੀ ਜ਼ਰੂਰਤ ਪਵੇਗੀ ਕਿ ਪੰਜਾਬ ਦੇ ਕਿੰਨੇ ਕੁ ਲੋਕ ਅਸਲੋਂ ਉਹਨਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਸਮਰਥਨ ਵਿੱਚ ਖੜੇ ਹਨ। ਇਸ ਲਈ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਜੇਕਰ ਕਿਸਾਨ ਜਥੇਬੰਦੀਆਂ ਦਾ ਭਵਿੱਖ ਵੀ ਪੂਰਨ ਰੂਪ 'ਚ ਨਹੀਂ ਤਾਂ ਕਾਫੀ ਹੱਦ ਤੱਕ ਲੋਕ ਸਭਾ ਦੇ ਨਤੀਜਿਆਂ 'ਤੇ ਹੀ ਨਿਰਭਰ ਕਰੇਗਾ।

# ਸੰਪਰਕ : 89680-56200

4-JUNE-PAGE-5.qxd 6/3/2024 10:14 PM Page 1



# ਬੱਧਨੀ ਕਲਾਂ 'ਚ ਦੁਕਾਨਾਂ ਨੂੰ ਲੱਗੀ ਅੱਗ, ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ

## ਅੱਗ ਲਗਾਉਣ ਵਾਲਾ ਸੀ ਸੀ ਟੀ ਵੀ ਕੈਮਰੇ 'ਚ ਕੈਦ, ਪੁਲਸ ਨੇ ਕੀਤਾ ਮਾਮਲਾ ਦਰਜ




**ਮੋਗਾ (ਇਕਬਾਲ ਸਿੰਘ ਖਹਿਰਾ)**-ਬੱਧਨੀ ਕਲਾਂ ਵਿਖੇ ਬੁਟੀਕ ਵਾਲਿਆਂ ਦੁਕਾਨਾਂ ਨੂੰ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਕਰਮਜੀਤ ਕੌਰ, ਜੋ ਮੋਗਾ ਦੇ ਦੁਸਾਂਝ ਰੋਡ ਰਹਿੰਦੀ ਹੈ, ਦੀਆਂ ਬੱਧਨੀ ਕਲਾਂ ਵਿਖੇ ਬੁਟੀਕ ਦੀਆਂ ਦੁਕਾਨਾਂ ਹਨ, ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਇਸ ਮਾਮਲੇ ਦੀ ਬੱਧਨੀ ਕਲਾਂ ਪੁਲਸ ਵੱਲੋਂ ਜਾਂਚ ਕਰਦਿਆਂ ਦੁਕਾਨਾਂ ਦੇ ਸਾਹਣੇ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਖੰਘਾਲਿਆ ਗਿਆ, ਤਾਂ ਸਾਹਮਣੇ ਆਇਆ ਕਿ ਇੱਕ ਵਿਅਕਤੀ ਪੈਟਰੋਲ ਨੁਮਾ ਜਲਨਸ਼ੀਲ ਤਰਲ ਪਦਾਰਥ ਪਾ ਕੇ ਕਿਰਨ ਬੁਟੀਕ ਨੂੰ ਅੱਗ ਲਗਾ ਕੇ ਭੱਜਦਾ ਨਜ਼ਰ ਆ ਰਿਹਾ ਹੈ। ਜਦੋਂ ਇਸ ਮਾਮਲੇ ਦੀ ਬੱਧਨੀ ਪੁਲਸ ਵੱਲੋਂ ਗੰਭੀਰਤਾ ਨਾਲ ਜਾਂਚ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਦੁਕਾਨਾਂ ਨੂੰ ਅੱਗ ਲਾਉਣ ਵਾਲਾ ਵਿਅਕਤੀ ਰਛਪਾਲ ਸਿੰਘ ਹੈ, ਜੋ ਪਿੰਡ ਬੱਧਨੀ ਖੁਰਦ ਦਾ ਨਿਵਾਸੀ ਹੈ।

ਜਦੋਂ ਇਸ ਸਬੰਧੀ ਬੁਟੀਕ ਚਲਾਉਣ ਵਾਲੀ ਕਰਮਜੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਹ ਪਿਛਲੇ 20 ਸਾਲਾਂ ਤੋਂ ਬੱਧਨੀ ਕਲਾਂ ਬਾਜ਼ਾਰ ਵਿੱਚ ਕਿਰਾਏ ਦੀਆਂ ਦੁਕਾਨਾਂ ਵਿੱਚ ਬੁਟੀਕ ਚਲਾ ਰਹੀ ਹੈ। ਬੀਤੀ 31 ਮਈ ਦੀ ਸ਼ਾਮ ਨੂੰ ਮੈਂ ਆਪਣੀ ਦੁਕਾਨ ਨੂੰ ਜਿੰਦਰਾ ਲਾ ਕੇ ਜੋ ਕਿਰਾਏ 'ਤੇ ਹੈ, ਵਾਪਸ ਮੋਗਾ ਆ ਗਈ, ਤਾਂ ਸਵੇਰੇ 4 ਵਜੇ ਮੈਨੂੰ ਰਮਨਦੀਪ ਸਿੰਘ ਨਿਵਾਸੀ ਪਿੰਡ ਬੱਧਨੀ ਕਲਾਂ ਦਾ ਫੋਨ ਆਇਆ ਕਿ ਤੁਹਾਡੀਆਂ ਦੁਕਾਨਾਂ 'ਚੋਂ ਧੂੰਆਂ ਨਿਕਲ ਰਿਹਾ ਹੈ, ਮੈਨੂੰ ਲੱਗ ਰਿਹਾ ਹੈ ਕਿ ਅੰਦਰ ਅੱਗ ਲੱਗੀ ਹੈ, ਜਿਸ 'ਤੇ ਅਸੀਂ ਤੁਰੰਤ ਬੱਧਨੀ ਕਲਾਂ ਆਪਣੀਆਂ ਦੁਕਾਨਾਂ ਦੇ ਕੋਲ ਪੁੱਜੇ ਅਤੇ ਲੋਕਾਂ ਦੀ ਮਦਦ ਨਾਲ ਦੁਕਾਨਾਂ ਦੀ ਅੱਗ ਬੁਝਾਈ। ਜਦੋਂ ਅਸੀਂ ਦੁਕਾਨਾਂ ਵਿੱਚ ਪਏ ਸਾਮਾਨ ਨੂੰ ਦੇਖਿਆ ਤਾਂ ਅੱਗ ਲੱਗਣ ਨਾਲ ਦੁਕਾਨਾਂ ਦਾ ਜੈਨਰੇਟਰ, ਇੱਕ ਐੱਲ.ਸੀ.ਡੀ, ਸੀ.ਸੀ.ਟੀ.ਵੀ. ਕੈਮਰਿਆਂ ਦਾ ਡੀ.ਵੀ.ਆਰ, ਕਰੀਬ 100 ਲੇਡੀਜ਼ ਸੂਟ, ਇਨਵਰਟਰ ਤੇ ਬੈਟਰਾ, ਕੱਪੜੇ ਕਢਾਈ ਕਰਨ ਵਾਲੀ ਮਸ਼ੀਨ, ਬੈਂਡ-ਕਮ-ਸੋਫ਼ਾ ਦੇ ਇਲਾਵਾ ਦੁਕਾਨ ਵਿੱਚ ਲੱਗਾ ਲੱਕੜ ਦਾ ਸਾਰਾ ਫਰਨੀਚਰ ਤੇ ਬੁਟੀਕ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ, ਜਿਸ ਦੀ ਕੀਮਤ ਕਰੀਬ 8 ਲੱਖ ਰੁਪਏ ਬਣਦੀ ਹੈ।

ਇਸ ਘਟਨਾ ਦੀ ਜਾਣਕਾਰੀ ਸਾਡੇ ਵੱਲੋਂ ਬੱਧਨੀ ਕਲਾਂ ਪੁਲਸ ਨੂੰ ਦਿੱਤੀ ਗਈ। ਕਰਮਜੀਤ ਕੌਰ ਨੇ ਦੱਸਿਆ ਕਿ ਜੋ ਵਿਅਕਤੀ ਦੁਕਾਨਾਂ ਨੂੰ ਅੱਗ ਲਗਾਉਂਦਾ ਕੈਮਰਿਆਂ ਵਿੱਚ ਕੈਦ ਹੋਇਆ ਹੈ, ਉਹ ਰਛਪਾਲ ਸਿੰਘ ਹੈ, ਜੋ ਪਿੰਡ ਬੱਧਨੀ ਖੁਰਦ ਦਾ ਰਹਿਣ ਵਾਲਾ ਹੈ। ਰਛਪਾਲ ਸਿੰਘ ਨਾਲ ਇਸ ਤੋਂ ਪਹਿਲਾਂ ਵੀ ਸਾਡਾ ਵਿਵਾਦ ਚੱਲਦਾ ਆ ਰਿਹਾ ਹੈ। ਇਸ ਰੰਜਿਸ਼ ਦੇ ਚੱਲਦੇ ਉਸ ਨੇ ਸਾਡੀ ਦੁਕਾਨ ਨੂੰ ਅੱਗ ਲਗਾ ਦਿੱਤੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਪ੍ਰੀਤਮ ਸਿੰਘ ਨੇ ਕਿਹਾ ਕਿ ਉਕਤ ਵਿਅਕਤੀ ਖਿਲਾਫ਼ ਥਾਣਾ ਬੱਧਨੀ ਕਲਾਂ ਵਿਖੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਰਛਪਾਲ ਸਿੰਘ ਨੂੰ ਕਾਬੂ ਕਰਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ, ਉਸ ਨੂੰ ਕਾਬੂ ਕਰਕੇ ਪੁੱਛਗਿੱਛ ਕਰ ਕੇ ਸੱਚਾਈ ਪਤਾ ਲਗਾਉਣ ਦਾ ਯਤਨ ਕੀਤਾ ਜਾਵੇਗਾ।

## ਸੀ ਪੀ ਆਈ ਵੱਲੋਂ ਟੋਲ ਟੈਕਸ ਵਧਾਉਣ ਦਾ ਪੁਰਜ਼ੋਰ ਵਿਰੋਧ

**ਲੁਧਿਆਣਾ (ਐੱਮ. ਐੱਸ. ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਸਰਕਾਰ ਵੱਲੋਂ ਟੋਲ ਟੈਕਸ ਪੰਜ ਪ੍ਰਤੀਸ਼ਤ ਵਧਾਉਣ ਦੇ ਨਾਲ ਲੋਕਾਂ ਉੱਤੇ ਬਹੁਤ ਜ਼ਿਆਦਾ ਬੋਝ ਪਏਗਾ ਅਤੇ ਇਸ ਨੂੰ ਫੌਰੀ ਤੌਰ 'ਤੇ ਵਾਪਸ ਕਰਨਾ ਚਾਹੀਦਾ ਹੈ। ਜਦੋਂ ਅਸੀਂ ਪਹਿਲਾਂ ਹੀ ਇੰਨੇ ਜ਼ਿਆਦਾ ਟੈਕਸ ਦਿੰਦੇ ਹਾਂ ਤਾਂ ਫਿਰ ਸੜਕਾਂ ਦੇ ਲਈ ਟੋਲ ਟੈਕਸ ਦੇਣ ਦਾ ਕੋਈ ਮਤਲਬ ਨਹੀਂ ਬਣਦਾ। ਇਸ ਲਈ ਇਹ ਟੋਲ ਟੈਕਸ ਦੀ ਸਾਰੀ ਪ੍ਰਣਾਲੀ ਸਮਾਪਤ ਹੋਣੀ ਚਾਹੀਦੀ ਹੈ। ਸੀ ਪੀ ਆਈ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਕਿਹਾ ਕਿ ਵਿਰੋਧ ਦੇ ਨੇੜੇ ਦਾ ਜੋ ਟੋਲ ਟੈਕਸ ਹੈ, ਉਹ ਤਾਂ ਨੰਗੀ ਚਿੱਟੀ ਲੁੱਟ ਹੈ। ਰਿਪੋਰਟ ਮੁਤਾਬਕ ਅਨੇਕਾਂ ਥਾਵਾਂ 'ਤੇ ਜਿੰਨਾ ਠੇਕਾ ਟੋਲ ਟੈਕਸ ਇਕੱਠਾ ਕਰਨ ਲਈ ਦਿੱਤਾ ਗਿਆ ਸੀ, ਉਸ ਤੋਂ ਕਈ ਗੁਣਾਂ ਵੱਧ ਠੇਕੇਦਾਰ ਕਮਾ ਚੁੱਕੇ ਹਨ, ਪਰ ਫਿਰ ਵੀ ਟੋਲ ਟੈਕਸ ਜਾਰੀ ਹੈ। ਪਹਿਲਾਂ ਵੀ ਅਨੇਕਾਂ ਵਾਰ ਲੋਕਾਂ ਨੇ ਇਸ ਦੇ ਵਿਰੁੱਧ ਪ੍ਰਦਰਸ਼ਨ ਕੀਤੇ ਹਨ। ਹਾਲੇ ਤੱਕ ਤਾਂ ਵੋਟਾਂ ਦੀ ਗਿਣਤੀ ਵੀ ਨਹੀਂ ਹੋਈ, ਪਰ ਸਰਕਾਰ ਲੋਕਾਂ 'ਤੇ ਟੈਕਸ ਦਾ ਭਾਰ ਵਧਾਉਣ 'ਤੇ ਬਾਜ਼ ਨਹੀਂ ਆਉਂਦੀ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਵੀ ਦਿੱਤੀ ਕਿ ਉਹ ਇਸ ਫੈਸਲੇ ਦਾ ਸੜਕਾਂ 'ਤੇ ਉੱਤਰ ਕੇ ਵੀ ਵਿਰੋਧ ਕਰਨਗੇ।


ਸੀ ਪੀ ਆਈ ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ।

# ਸੀਵਰਮੈਨ ਦੀ ਮੌਤ ਅਧਿਕਾਰੀਆਂ ਦੀ ਮੁਜਰਮਾਨਾ ਅਣਗਹਿਲੀ ਦਾ ਨਤੀਜਾ : ਜਮਹੂਰੀ ਅਧਿਕਾਰ ਸਭਾ

- ਮੈਨੂਅਲ ਸਕਵੈਂਜਿੰਗ ਐਕਟ 2013 ਤੇ ਸੁਪਰੀਮ ਕੋਰਟ ਦੇ ਆਦੇਸ਼ਾਂ/ਹਦਾਇਤਾਂ ਦੀ ਸ਼ਰੇਆਮ ਉਲੰਘਣਾ ਹੋਈ
- ਜਮਹੂਰੀ ਅਧਿਕਾਰ ਸਭਾ ਵੱਲੋਂ ਪੜਤਾਲੀਆ ਰਿਪੋਰਟ ਰਿਲੀਜ਼

**ਬਠਿੰਡਾ (ਪੱਤਰ ਪ੍ਰੇਰਕ)**-ਬਠਿੰਡਾ ਸ਼ਹਿਰ ਦੇ 36 ਸਾਲਾ ਸੂਰਜ ਕੁਮਾਰ ਦੀ ਸੀਵਰੇਜ ਬੋਰਡ ਅਧਿਕਾਰੀਆਂ ਦੀ ਮੁਜਰਮਾਨਾ ਅਣਗਹਿਲੀ ਕਾਰਨ ਉਦੋਂ ਮੌਤ ਹੋ ਗਈ, ਜਦੋਂ ਉਸ ਨੂੰ ਸਿਵੀਆਂ ਰੋਡ 'ਤੇ ਪੰਤਾ ਬਸਤੀ ਨੇੜੇ ਸੀਵਰੇਜ ਦੀ ਸਫ਼ਾਈ ਕਰਨ ਲਈ ਉਤਾਰਿਆ ਗਿਆ ਸੀ। ਮੈਨੂਅਲ ਸਕਵੈਂਜਿੰਗ ਐਕਟ 2013 ਅਧੀਨ ਕਿਸੇ ਵੀ ਵਿਅਕਤੀ ਨੂੰ ਸੀਵਰੇਜ ਅੰਦਰ ਭੇਜਣ ਦੀ ਮੁਕੰਮਲ ਤੌਰ 'ਤੇ ਮਨਾਹੀ ਹੈ। ਕਿਸੇ ਵੀ ਮਜਬੂਰੀ ਵਾਲੀ ਹਾਲਤ 'ਚ ਸਬੰਧਤ ਪ੍ਰਸ਼ਾਸਨ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸੀਵਰ ਅੰਦਰ ਉਤਾਰਨ ਸਮੇਂ ਕਿਸੇ ਵੀ ਵਿਅਕਤੀ ਨੂੰ ਪੂਰੀ ਤਰ੍ਹਾਂ ਸੇਫ਼ਟੀ ਗੀਅਰ ਨਾਲ ਲੈਸ ਕਰਕੇ ਹੀ ਉਤਰਨ ਦੀ ਆਗਿਆ ਹੋਣੀ ਚਾਹੀਦੀ ਹੈ। ਇਹ ਵਿਚਾਰ ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਗਠਿਤ ਪੜਤਾਲੀਆ ਟੀਮ ਦੀ ਰਿਪੋਰਟ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਸਕੱਤਰ ਸਦੀਪ ਸਿੰਘ ਤੇ ਪ੍ਰੈੱਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਮ੍ਰਿਤਕ ਦੇ ਪੀੜਤ ਪਰਿਵਾਰ ਨੂੰ 30 ਲੱਖ ਰੁਪਏ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਮ੍ਰਿਤਕ ਦੇ ਬੱਚਿਆਂ ਦੀ ਪੜ੍ਹਾਈ ਲਈ ਸਕਾਲਰਸ਼ਿਪ ਦੀ ਜ਼ਿੰਮੇਵਾਰੀ ਕੇਂਦਰ ਤੇ ਸੂਬਾਈ ਸਰਕਾਰ ਨਿਭਾਵੇ। ਉਨ੍ਹਾਂ ਕਿਹਾ ਕਿ 25 ਅਪ੍ਰੈਲ ਦੀ ਰਾਤ ਨੂੰ ਵਾਪਰੇ ਇਸ ਜਾਨਲੇਵਾ ਹਾਦਸੇ ਸਬੰਧੀ ਸਭਾ ਵੱਲੋਂ ਬਣਾਈ 9 ਮੈਂਬਰੀ ਟੀਮ ([illegible] ਸ਼ਾਮਲ ਸਨ) ਹਾਦਸੇ ਵਿੱਚ ਮੌਤ ਦਾ ਸ਼ਿਕਾਰ ਹੋਏ ਸੂਰਜ ਕੁਮਾਰ ਤੇ ਗੰਭੀਰ ਰੂਪ 'ਚ ਜ਼ਖ਼ਮੀ ਬਬਲੂ ਦੇ ਪਰਿਵਾਰਕ ਮੈਂਬਰਾਂ, ਸੀਵਰੇਜ ਬੋਰਡ ਤੇ ਤ੍ਰਿਵੈਣੀ ਕੰਪਨੀ ਦੇ ਅਧਿਕਾਰੀਆਂ, ਸਫ਼ਾਈ ਕਰਮਚਾਰੀ ਯੂਨੀਅਨ ਦੇ ਅਹੁਦੇਦਾਰਾਂ, ਸਹਾਰਾ ਸੇਵਾ ਦੇ ਵਲੰਟੀਅਰਾਂ ਤੇ ਬਾਲਮੀਕੀ ਸਮਾਜ ਦੇ ਡਾ. ਬਲਜਿੰਦਰ ਸਿੰਘ ਨੂੰ ਮਿਲਣ ਦੇ ਨਾਲ ਨਾਲ ਘਟਨਾ ਵਾਲੀ ਥਾਂ 'ਤੇ ਵੀ ਗਈ ਅਤੇ ਪੋਸਟਮਾਰਟਮ ਰਿਪੋਰਟ, ਪੁਲਸ ਵੱਲੋਂ ਦਰਜ ਕੀਤੀ ਗਈ ਐੱਫ.ਆਈ.ਆਰ ਨ-19 ਅਤੇ ਅਜਿਹੇ ਮਾਮਲਿਆਂ ਨਾਲ ਸਬੰਧਤ ਸੁਪਰੀਮ ਕੋਰਟ ਦੇ ਫੈਸਲਿਆਂ ਦਾ ਅਧਿਐਨ ਕੀਤਾ। ਰਿਪੋਰਟ ਮੁਤਾਬਿਕ ਮ੍ਰਿਤਕ ਸੂਰਜ ਕੁਮਾਰ ਤ੍ਰਿਵੈਣੀ ਕੰਪਨੀ ਨਾਲ ਕੰਮ ਕਰਦਾ ਸੀ ਤੇ ਉਹ ਆਪਣੀ ਮਰਜ਼ੀ ਨਾਲ ਨਹੀਂ ਬਲਕਿ ਕੰਪਨੀ ਅਧਿਕਾਰੀ ਦੇ ਕਹਿਣ 'ਤੇ ਅਤੇ ਜੇ ਈ ਓਮ ਪ੍ਰਕਾਸ਼ ਦੀ ਹਦਾਇਤ ਮੁਤਾਬਕ ਹੀ ਹਾਦਸੇ ਵਾਲੀ ਜਗ੍ਹਾ 'ਤੇ ਕੰਮ ਕਰਨ ਗਿਆ ਸੀ। ਸਫ਼ਾਈ ਦੇ ਕੰਮ ਦੌਰਾਨ ਜ਼ਹਿਰੀਲੀ ਗੈਸ ਚੜ੍ਹਨ ਨਾਲ ਦਮ ਘੁੱਟ ਕੇ ਹੀ ਉਸ ਦੀ ਮੌਤ ਕੁੱਝ ਮਿੰਟਾਂ ਵਿੱਚ ਹੀ ਹੋ ਗਈ। ਇਸ ਅਣਿਆਈ ਮੌਤ ਲਈ ਸਬੰਧਤ ਅਧਿਕਾਰੀਆਂ ਦੇ ਨਾਲ [illegible] ਜ਼ਿੰਮੇਵਾਰ ਹੈ। ਪੁਲਸ ਵੱਲੋਂ 174 ਦੀ ਕਾਰਵਾਈ ਕਰਕੇ ਮਾਮਲਾ ਰਫ਼ਾ-ਦਫ਼ਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਐੱਫ ਆਈ ਆਰ ਦਰਜ ਕਰਨ ਦਾ ਮਾਮਲਾ ਹੀ ਪੜਤਾਲ ਦਾ ਹੁੰਦਾ ਹੈ। ਰਿਪੋਰਟ ਦੇ ਆਧਾਰ 'ਤੇ [illegible] ਮੈਨੂਅਲ ਸਕਵੈਂਜਿੰਗ ਐਕਟ ਤਹਿਤ ਸਬੰਧਤ ਦੋਸ਼ੀ ਅਧਿਕਾਰੀਆਂ ਖਿਲਾਫ਼ ਐੱਫ ਆਈ ਆਰ ਦਰਜ ਕੀਤੀ ਜਾਣੀ ਚਾਹੀਦੀ ਹੈ। ਅਜਿਹੀ ਕਿਸਮ ਦੇ ਹਰ ਮਾਮਲੇ ਦੀ ਪੜਤਾਲ ਕਰਵਾ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇ ਕੇ ਹੀ ਪੀੜਤਾਂ ਨੂੰ ਇਨਸਾਫ਼ ਦਿੱਤਾ ਜਾ ਸਕਦਾ ਹੈ। ਇਸ ਦੁਰਘਟਨਾ ਜ਼ਰੀਏ ਭਾਰਤੀ ਸਮਾਜ ਨੂੰ ਚਿੰਬੜੇ ਜਾਤਪਾਤੀ ਕੋਹੜ ਨੂੰ ਨੇੜਿਓਂ ਵੇਖਿਆ ਗਿਆ ਹੈ। [illegible] ਸਾਰੇ ਹੀ ਕਾਮੇ ਨੀਵੀਆਂ/ਦਲਿਤ ਜਾਤੀਆਂ ਨਾਲ ਸੰਬੰਧਤ ਹੁੰਦੇ ਹਨ। ਇਨ੍ਹਾਂ ਅਸਾਮੀਆਂ 'ਤੇ ਕੰਮ ਕਰਨ ਲਈ ਉੱਚ ਜਾਤੀ ਦਾ ਕੋਈ ਵੀ ਵਿਅਕਤੀ ਨਹੀਂ ਜਾਂਦਾ। ਸਭਾ ਨੇ ਇਹ ਗੱਲ ਜ਼ੋਰਦਾਰ ਢੰਗ ਨਾਲ ਰੱਖੀ ਹੈ ਕਿ [illegible] ਕੋਈ ਕੰਮ ਨਾ ਲਿਆ ਜਾਵੇ। ਅਣਗਹਿਲੀ ਕਰਨ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

## ਕਾਤਰਾਂ

### 'ਅਮੂਲ' ਦੁੱਧ ਵੀ ਹੋਇਆ ਮਹਿੰਗਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵੇਰਕਾ ਤੋਂ ਬਾਅਦ ਅੱਜ 'ਅਮੂਲ' ਬਰਾਂਡ ਦਾ ਦੁੱਧ ਵੀ ਮਹਿੰਗਾ ਹੋ ਗਿਆ ਹੈ। ਦਰਅਸਲ, ਗੁਜਰਾਤ ਕੋਆਪ੍ਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ (ਜੀ ਸੀ ਐੱਮ ਐੱਮ ਐੱਫ), ਜੋ 'ਅਮੂਲ' ਬ੍ਰਾਂਡ ਦੇ ਤਹਿਤ ਡੇਅਰੀ ਉਤਪਾਦਾਂ ਦੀ ਮਾਰਕੀਟਿੰਗ ਕਰਦੀ ਹੈ, ਨੇ ਸੋਮਵਾਰ (3 ਜੂਨ) ਤੋਂ ਪੰਜਾਬ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਲਗਭਗ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਹੈ।ਉਪਰੋਕਤ ਹੁਕਮਾਂ ਅਨੁਸਾਰ ਹੁਣ ਅਮੂਲ ਗੋਲਡ ਦੀ ਕੀਮਤ 66 ਰੁਪਏ ਪ੍ਰਤੀ ਲੀਟਰ ਤੋਂ ਵਧ ਕੇ 68 ਰੁਪਏ ਪ੍ਰਤੀ ਲੀਟਰ ਹੋ ਗਈ ਹੈ।ਵੇਰਕਾ ਮਿਲਕ ਪਲਾਂਟ ਨੇ ਪੰਜਾਬ ਭਰ ਵਿੱਚ ਦੁੱਧ ਦੀ ਵਿੱਕਰੀ ਕੀਮਤ 2 ਰੁਪਏ ਪ੍ਰਤੀ ਕਿੱਲੋ ਵਧਾਉਣ ਦਾ ਫੈਸਲਾ ਕੀਤਾ ਹੈ।ਦੁੱਧ ਦੀਆਂ ਕੀਮਤਾਂ ਵਿੱਚ ਇਹ ਵਾਧਾ 3 ਜੂਨ 2024 ਤੋਂ ਲਾਗੂ ਹੋਵੇਗਾ।ਮਿਲਕ ਪਲਾਂਟ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਵਾਧਾ ਗਰਮੀਆਂ ਦੇ ਸੀਜ਼ਨ ਦੌਰਾਨ ਦੁੱਧ ਦੀ ਖਰੀਦ ਕੀਮਤ ਵਧਣ ਕਾਰਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸੀਜ਼ਨ ਵਿੱਚ ਤਾਪਮਾਨ ਵਧਣ ਤੇ ਅੱਤ ਦੀ ਗਰਮੀ ਕਾਰਨ ਦੁੱਧ ਦੀ ਪੈਦਾਵਾਰ ਵਿੱਚ ਕਮੀ ਆ ਰਹੀ ਹੈ, ਜਿਸ ਕਾਰਨ ਕੱਚੇ ਦੁੱਧ ਦੀਆਂ ਕੀਮਤਾਂ ਵਿੱਚ ਵਾਧਾ ਹੋ ਜਾਂਦਾ ਹੈ।ਨਤੀਜੇ ਵਜੋਂ, ਦੁੱਧ ਦੀ ਪ੍ਰੋਸੈਸਿੰਗ ਤੇ ਉਤਪਾਦਨ ਦੀਆਂ ਵਧਦੀਆਂ ਲਾਗਤਾਂ ਨੂੰ ਸੰਤੁਲਿਤ ਕਰਨ ਲਈ ਦੁੱਧ ਦੀ ਖਰੀਦ ਕੀਮਤ ਵਧਾਈ ਗਈ ਹੈ।

### ਅੱਜ ਡਰਾਈ ਡੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਭਰ ਵਿੱਚ ਅੱਜ ਡਰਾਈ ਡੇਅ ਐਲਾਨਿਆ ਗਿਆ ਹੈ। ਦੇਸ਼ ਦੇ ਨਾਲ-ਨਾਲ ਪੰਜਾਬ ਵਿੱਚ ਵੀ 4 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਤੋਂ ਸ਼ੁਰੂ ਹੋ ਰਹੀ ਹੈ, ਇਸ ਲਈ ਇਸ ਦੌਰਾਨ ਸ਼ਰਾਬ ਦੀਆਂ ਦੁਕਾਨਾਂ ਬੰਦ ਰਹਿਣਗੀਆਂ। ਹੋਟਲਾਂ ਜਾਂ ਰੈਸਟੋਰੈਂਟਾਂ ਵਿੱਚ ਸ਼ਰਾਬ ਨਹੀਂ ਦਿੱਤੀ ਜਾਵੇਗੀ।ਇਸ ਸਬੰਧੀ ਚੋਣ ਅਧਿਕਾਰੀ ਫ਼ਿਰੋਜ਼ਪੁਰ ਰਾਜੇਸ਼ ਧੀਮਾਨ ਪਹਿਲਾਂ ਹੀ ਜਾਣਕਾਰੀ ਸਾਂਝੀ ਕਰ ਚੁੱਕੇ ਹਨ।4 ਜੂਨ ਨੂੰ ਗਿਣਤੀ ਵਾਲੇ ਦਿਨ (ਪੂਰਾ ਦਿਨ) ਸ਼ਰਾਬ ਦੀਆਂ ਦੁਕਾਨਾਂ ਬੰਦ ਰਹਿਣਗੀਆਂ।ਕਮਿਸ਼ਨ ਨੇ ਵੀ ਇਹ ਫੈਸਲਾ ਲਿਆ ਹੈ ਕਿ ਇਸ ਸਮੇਂ ਦੌਰਾਨ ਕਿਸੇ ਵੀ ਹੋਟਲ, ਰੈਸਟੋਰੈਂਟ, ਕਲੱਬ, ਕਮਿਊਨਿਟੀ ਸੈਂਟਰ, ਸੀਐੱਸਡੀ ਕੰਟੀਨ, ਦੁਕਾਨਾਂ ਜਾਂ ਕਿਸੇ ਵੀ ਜਨਤਕ ਸਥਾਨ 'ਤੇ ਸ਼ਰਾਬ ਨਹੀਂ ਵੇਚੀ ਜਾਵੇਗੀ।ਬਿਨਾਂ ਲਾਇਸੈਂਸ ਦੇ ਅਹਾਤਿਆਂ ਵਿੱਚ ਸ਼ਰਾਬ ਸਟੋਰ ਕਰਨ 'ਤੇ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।

### ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਕੈਦੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 8529 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਹੈ ਕਿ ਬੀਤੀ 1 ਜੂਨ 2024 ਨੂੰ ਉਨ੍ਹਾਂ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਬਲਾਕ ਨੰਬਰ 3 ਦੀ ਬੈਰਕ ਨੰਬਰ 4 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਕੈਦੀ ਸੰਜੀਵ ਕੁਮਾਰ ਉਰਫ ਚਰਬੀ ਪੁੱਤਰ ਗੁਲਸ਼ਨ ਕੁਮਾਰ ਵਾਸੀ ਆਰਿਆ ਨਗਰ ਜ਼ਿਲ੍ਹਾ ਫਾਜ਼ਿਲਕਾ ਕੋਲੋਂ 1 ਮੋਬਾਇਲ ਫੋਨ ਨੋਕੀਆ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਵੀ ਆਈ ਬਰਾਮਦ ਹੋਇਆ। ਇਸ ਤੋਂ ਬਾਅਦ ਬੈਰਕ ਵਿੱਚ ਬਣੇ ਰੋਸ਼ਨਦਾਨ ਵਿੱਚੋਂ 1 ਮੋਬਾਇਲ ਫੋਨ ਨੋਕੀਆ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਵੀ ਆਈ ਬਰਾਮਦ ਹੋਇਆ।

## ਸਰਵਣ ਜ਼ਫ਼ਰ ਦੇ ਦੇਹਾਂਤ 'ਤੇ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ, ਪ੍ਰਬੰਧਕੀ ਬੋਰਡ ਮੈਂਬਰ ਤੇ ਸਮੂਹ ਮੈਂਬਰਾਂ ਵੱਲੋਂ ਸ੍ਰ. ਸਰਵਣ ਸਿੰਘ ਜ਼ਫ਼ਰ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਾਮਰੇਡ ਸਰਵਣ ਸਿੰਘ ਉੱਘੇ ਪੱਤਰਕਾਰ ਤੇ ਮਾਹਰ ਅਨੁਵਾਦਕ ਸਨ।ਉਨ੍ਹਾਂ ਕਿਹਾ ਕਿ ਜ਼ਫ਼ਰ ਜੀ ਲੋਕ ਹਿੱਤਾਂ ਨਾਲ ਜੁੜੇ ਹੋਏ ਲੇਖਕ ਸਨ।ਉਨ੍ਹਾਂ ਆਪਣੀਆਂ ਲਿਖਤਾਂ 'ਚ ਲੋਕ ਸੰਘਰਸ਼ਾਂ ਨੂੰ ਉਭਾਰਿਆ।ਉਹ ਲੰਮਾ ਸਮਾਂ ਪਹਿਲਾਂ ਇੰਗਲੈਂਡ ਵਿਖੇ ਜਾ ਵੱਸੇ ਸਨ।ਉਹ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਯੂ. ਕੇ. ਦੇ ਸਰਪ੍ਰਸਤ ਸਨ।ਉਨ੍ਹਾਂ ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਤੀ ਸ਼ਿੱਦਤ ਨਾਲ ਕੰਮ ਕੀਤਾ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਇਸ ਦੁੱਖ ਦੀ ਘੜੀ ਵਿੱਚ ਅਕਾਦਮੀ ਪਰਿਵਾਰ ਦੇ ਅੰਗਸੰਗ ਹੈ।

ਅਫ਼ਸੋਸ ਪ੍ਰਗਟ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਸੁਰਜੀਤ ਸਿੰਘ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਕੈਲੇ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਦੀਪ ਜਗਦੀਪ ਸਿੰਘ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਤੇ ਸਮੂਹ ਮੈਂਬਰ ਸ਼ਾਮਲ ਹਨ।

# ਪ੍ਰਦੂਸ਼ਤ ਗੈਸ ਫੈਕਟਰੀਆਂ ਵਿਰੁੱਧ ਜ਼ਿਲ੍ਹਾ ਪੱਧਰੀ ਤਾਲਮੇਲ ਸੰਘਰਸ਼ ਕਮੇਟੀ ਦਾ ਗਠਨ

- 11 ਨੂੰ ਡੀ ਸੀ ਦਫਤਰ ਲੁਧਿਆਣਾ ਵਿਖੇ ਵਿਸ਼ਾਲ ਰੋਸ ਮੁਜ਼ਾਹਰੇ ਦਾ ਐਲਾਨ


ਤਾਲਮੇਲ ਸੰਘਰਸ਼ ਕਮੇਟੀ ਦੇ ਮੈਂਬਰ ਏਡੀਸੀ ਨੂੰ ਮੰਗ ਪੱਤਰ ਸੌਂਪਦੇ ਹੋਏ।

**ਜਗਰਾਓਂ (ਅਮਿਤ ਖੰਨਾ)**-ਸੋਮਵਾਰ ਪੰਜਾਬੀ ਭਵਨ ਲੁਧਿਆਣਾ ਵਿਖੇ ਜ਼ਿਲ੍ਹੇ ਅੰਦਰ ਜਾਰੀ ਅਤੇ ਉਸਾਰੀ ਅਧੀਨ ਬਾਇਓ/ਸੀ.ਐੱਨ.ਜੀ. ਗੈਸ ਫੈਕਟਰੀਆਂ ਵਿਰੁੱਧ ਚੱਲ ਰਹੇ ਸੰਘਰਸ਼ ਸਬੰਧੀ ਇੱਕ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਪ੍ਰਦੂਸ਼ਤ ਗੈਸ ਫੈਕਟਰੀਆਂ ਵਿਰੁੱਧ ਤਾਲਮੇਲ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ।ਮੀਟਿੰਗ ਵਿੱਚ ਭੂੰਦੜੀ, ਅਖਾੜਾ, ਘੁੰਗਰਾਲੀ ਰਾਜਪੂਤਾਂ ਤੇ ਮੁਸ਼ਕਾਬਾਦ ਪਿੰਡਾਂ ਵਿਖੇ ਜਾਰੀ ਪੱਕੇ ਮੋਰਚਿਆਂ ਦੀ ਅਗਵਾਈ ਕਰ ਰਹੇ ਨੁਮਾਇੰਦੇ ਸ਼ਾਮਲ ਹੋਏ।ਤਾਲਮੇਲ ਕਮੇਟੀ ਨੇ 11 ਜੂਨ ਨੂੰ ਡੀ. ਸੀ. ਦਫਤਰ ਲੁਧਿਆਣਾ ਵਿਖੇ ਵਿਸ਼ਾਲ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸਬੰਧਤ ਪਿੰਡਾਂ ਦੇ ਹਜ਼ਾਰਾਂ ਲੋਕਾਂ ਤੋਂ ਇਲਾਵਾ ਜ਼ਿਲ੍ਹੇ ਦੀਆਂ ਜਨਤਕ ਜਥੇਬੰਦੀਆਂ ਵੱਲੋਂ ਵੀ ਵੱਡੇ ਪੱਧਰ ਉੱਤੇ ਸ਼ਮੂਲੀਅਤ ਕੀਤੀ ਜਾਵੇਗੀ।ਤਾਲਮੇਲ ਸੰਘਰਸ਼ ਕਮੇਟੀ ਦੇ ਕੋਆਡੀਨੇਟਰ ਸੁਖਦੇਵ ਸਿੰਘ ਭੂੰਦੜੀ ਨੇ ਦੱਸਿਆ ਕਿ ਅੱਜ ਏ.ਡੀ.ਸੀ. ਮੇਜਰ ਅਮਿਤ ਸਰੀਨ ਨਾਲ਼ ਵਿਸਥਾਰਪੂਰਕ ਮੀਟਿੰਗ ਹੋਈ।ਏ.ਡੀ.ਸੀ. ਨੇ ਭਰੋਸਾ ਦਿਵਾਇਆ ਹੈ ਕਿ ਉਹ ਖੁਦ ਘੁੰਗਰਾਲ਼ੀ ਰਾਜਪੂਤਾਂ ਫੈਕਟਰੀ ਦਾ ਦੌਰਾ ਕਰਨਗੇ ਤੇ ਮਸਲੇ ਨੂੰ ਹੱਲ ਕਰਨਗੇ।ਤਾਲਮੇਲ ਸੰਘਰਸ਼ ਕਮੇਟੀ ਵੱਲੋਂ ਉਨ੍ਹਾਂ ਨੂੰ ਸੌਂਪੇ ਗਏ ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਗੈਸ ਫੈਕਟਰੀਆਂ ਕਾਰਨ ਲੋਕਾਂ ਦੇ ਜਾਨ-ਮਾਲ ਦਾ ਵੱਡੇ ਪੱਧਰ ਉੱਤੇ ਖਤਰਾ ਖੜਾ ਹੋ ਗਿਆ ਹੈ।ਇਲਾਕੇ ਵਿੱਚ ਬਦਬੂ, ਪ੍ਰਦੂਸ਼ਣ, ਬਿਮਾਰੀਆਂ ਫੈਲਣਗੇ।ਇਹ ਫੈਕਟਰੀਆਂ ਅਬਾਦੀ ਦੇ ਬਿਲਕੁਲ ਨੇੜੇ ਹਨ।ਘੁੰਗਰਾਲੀ ਰਾਜਪੂਤਾਂ (ਨੇੜੇ ਖੰਨਾ) ਵਿਖੇ ਜਾਰੀ ਫੈਕਟਰੀ ਨੇ ਇਲਾਕੇ ਵਿੱਚ ਜੋ ਕਹਿਰ ਮਚਾਇਆ ਹੈ, ਉਹ ਸਭ ਦੇ ਸਾਹਮਣੇ ਹੈ, ਪਰ ਇਸ ਦੇ ਬਾਵਜੂਦ ਨਾ ਇਹ ਫੈਕਟਰੀ ਬੰਦ ਕਰਵਾਈ ਜਾ ਰਹੀ ਹੈ ਤੇ ਨਾ ਹੀ ਹੋਰ ਉਸਾਰੀ ਅਧੀਨ ਫੈਕਟਰੀਆਂ ਦੇ ਲਾਈਸੈਂਸ ਰੱਦ ਕੀਤੇ ਜਾ ਰਹੇ ਹਨ।ਲੋਕ ਪੱਕੇ ਮੋਰਚੇ ਲਾ ਕੇ ਜ਼ੋਰਦਾਰ ਰੋਸ ਜਤਾ ਰਹੇ ਹਨ, ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ।ਇਸ ਲਈ ਲੋਕਾਂ ਨੇ ਚੋਣਾਂ ਦਾ ਵੀ ਬਾਈਕਾਟ ਕੀਤਾ।ਪੱਕੇ ਮੋਰਚਿਆਂ ਵਾਲ਼ੇ ਪਿੰਡਾਂ ਵਿੱਚ ਲੱਗਭਗ ਪੂਰਣ ਬਾਈਕਾਟ ਰਿਹਾ ਤੇ ਇਨ੍ਹਾਂ ਇਲਾਕਿਆਂ ਦੇ ਹੋਰ ਪਿੰਡਾਂ ਵਿੱਚ ਵੀ ਵੱਡੇ ਪੱਧਰ ਉੱਤੇ ਲੋਕਾਂ ਨੇ ਚੋਣਾਂ ਦਾ ਬਾਈਕਾਟ ਕੀਤਾ।ਹੁਣ ਤਾਲਮੇਲ ਕਮੇਟੀ ਬਣਾ ਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾ ਰਿਹਾ ਹੈ।ਉਨ੍ਹਾਂ ਪੰਜਾਬ ਦੀਆਂ ਸਮੁੱਚੀਆਂ ਇਨਸਾਫਪਸੰਦ ਜਨਤਕ ਜੱਥੇਬੰਦੀਆਂ, ਬੁੱਧੀਜੀਵੀਆਂ, ਸਮਾਜਿਕ ਕਾਰਕੁੰਨਾਂ ਨੂੰ ਉਨ੍ਹਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਅਤੇ 11 ਜੂਨ ਦੇ ਵਿਸ਼ਾਲ ਰੋਸ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।ਮੀਟਿੰਗ ਵਿੱਚ ਪਿੰਡ ਭੂੰਦੜੀ ਤੋਂ ਸੁਖਦੇਵ ਸਿੰਘ, ਅਮਰੀਕ ਸਿੰਘ, ਸਤਵੰਤ ਸਿੰਘ, ਭਿੰਦਰ ਸਿੰਘ ਭਿੰਦੀ, ਜਗਤਾਰ ਸਿੰਘ, ਸੁਰਜੀਤ ਸਿੰਘ, ਪਿੰਡ ਅਖਾੜਾ ਤੋਂ ਕੰਵਲਜੀਤ ਖੰਨਾ, ਇੰਦਰਜੀਤ ਸਿੰਘ, ਗੁਰਤੇਜ ਸਿੰਘ, ਤਾਰਾ ਸਿੰਘ, ਪਿੰਡ ਘੁੰਗਰਾਲੀ ਰਾਜਪੂਤਾਂ ਤੋਂ ਕਰਮਜੀਤ ਸਿੰਘ ਸਹੋਤਾ, ਅਮਨਦੀਪ ਸਿੰਘ, ਹਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਰਵਿੰਦਰਪਾਲ ਸਿੰਘ, ਪਿੰਡ ਮੁਸ਼ਕਾਬਾਦ ਤੋਂ ਮਾਲਵਿੰਦਰ ਸਿੰਘ, ਕੁਲਵਿੰਦਰ ਸਿੰਘ ਕਾਲ਼ਾ, ਨਿਰਮਲ ਸਿੰਘ, ਜਸਦੀਪ ਸੋਨੂੰ, ਪਿੰਡ ਪਾਇਲ ਤੋਂ ਤੇਜਪਾਲ ਸਿੰਘ, ਨਵਪ੍ਰੀਤ ਸਿੰਘ ਸ਼ਾਮਲ ਹੋਏ।

# ਜਰਨਲਿਸਟ ਪ੍ਰੈੱਸ ਕਲੱਬ ਦੀ ਹੋਈ ਅਹਿਮ ਮੀਟਿੰਗ



**ਬਰੇਟਾ (ਗੋਬਿੰਦ ਸ਼ਰਮਾ)**

ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਮਾਲਵਾ ਜ਼ੋਨ ਵੱਲੋਂ ਜ਼ਿਲ੍ਹਾ ਮਾਨਸਾ ਦੇ ਮਾਲਵਾ ਜ਼ੋਨ ਦੇ ਚੇਅਰਮੈਨ ਜਸਵੀਰ ਸਿੰਘ ਸਿੱਧੂ (ਬਠਿੰਡਾ) ਨੇ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਸਾਡੇ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਇੱਕ ਸੂਝਵਾਨ, ਪੜ੍ਹੇ-ਲਿਖੇ ਤੇ ਇਮਾਨਦਾਰ ਪੱਤਰਕਾਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਹਨ।

ਮਾਲਵਾ ਜ਼ੋਨ ਦੇ ਚੇਅਰਮੈਨ ਜਸਵੀਰ ਸਿੰਘ ਸਿੱਧੂ ( ਬਠਿੰਡਾ) ਨੇ ਕਿਹਾ ਕਿ ਪੱਤਰਕਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ, ਜੋ ਸ਼ਰੇਆਮ ਧੱਕਾ ਹੈ।ਪੱਤਰਕਾਰ ਜੋ ਆਮ ਲੋਕਾਂ ਦੀ ਅਵਾਜ਼ ਸਰਕਾਰਾਂ ਤੱਕ ਪੁਚਾਉਂਦੇ ਹਨ।ਸਾਨੂੰ ਆਪਣੇ ਹੱਕਾਂ ਲਈ ਅਵਾਜ਼ ਚੁੱਕਣ ਦੀ ਲੋੜ ਹੈ।ਜੇਕਰ ਅਸੀਂ ਇੱਕ ਬੈਨਰ ਹੇਠ ਇਕੱਠੇ ਰਹਾਂਗੇ ਤਾਂ ਸਾਨੂੰ ਸਾਡੇ ਹੱਕਾਂ ਲਈ ਲੜਾਈ ਲੜਨਾ ਸੌਖਾ ਹੋ ਜਾਂਦਾ ਹੈ।ਸਾਡੀ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਵੱਲੋਂ ਹਰ ਇੱਕ ਪੱਤਰਕਾਰ ਉਹ ਚਾਹੇ ਛੋਟਾ ਪੱਤਰਕਾਰ ਹੋਵੇ ਜਾਂ ਸੀਨੀਅਰ ਪੱਤਰਕਾਰ ਹੋਵੇ।ਸਭ ਲਈ ਜੋ ਮੰਗਾਂ ਹਨ ਕਿ ਇੱਕ ਪਲਾਟ, ਬੀਮਾਂ, ਬੱਸ ਕਿਰਾਇਆ, ਰੇਲ ਕਿਰਾਇਆ, ਟੋਲ ਟੈਕਸ, ਮੈਡੀਕਲ ਤੇ ਯੈਲੋ ਕਾਰਡ ਦੀ ਸਹੂਲਤ ਹੋਣੀ ਚਾਹੀਦੀ ਹੈ।ਸੂਬਾ ਪ੍ਰਧਾਨ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਸਰਕਾਰ ਨਾਲ ਜਲਦੀ ਗੱਲਬਾਤ ਕੀਤੀ ਜਾ ਰਹੀ ਹੈ।ਮੈਨੂੰ ਅੱਜ ਬਹੁਤ ਖੁਸ਼ੀ ਹੋਈ ਕਿ ਜ਼ਿਲ੍ਹਾ ਮਾਨਸਾ ਪੱਤਰਕਾਰਾਂ ਨੇ ਜਰਨਲਿਸਟ ਪ੍ਰੈੱਸ ਕਲੱਬ ਬਨਾਉਣ ਦਾ ਫ਼ੈਸਲਾ ਕੀਤਾ ਗਿਆ।ਸੋ ਆਉਣ ਵਾਲੀ ਮੀਟਿੰਗ 'ਚ ਜਰਨਲਿਸਟ ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।

# ਤਿੰਨ ਵਿਧਾਨ ਸਭਾ ਹਲਕਿਆਂ 'ਚ 65.08 ਫ਼ੀਸਦੀ ਵੋਟਿੰਗ ਹੋਈ : ਜ਼ਿਲ੍ਹਾ ਚੋਣ ਅਫਸਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਜੂਨ 1984 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਫ਼ੌਜੀ ਹਮਲੇ ਦੀ 40ਵੀਂ ਸਾਲਾਨਾ ਯਾਦ ਦੇ ਸਬੰਧ ਵਿੱਚ ਅੱਜ 4 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਵੀ 6 ਜੂਨ ਨੂੰ ਸ਼ਹੀਦੀ ਸਮਾਗਮ ਕੀਤੇ ਜਾ ਰਹੇ ਹਨ।ਇਨ੍ਹਾਂ ਸਮਾਗਮਾਂ ਦੇ ਪ੍ਰਬੰਧਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਮੁੱਖ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਇਕੱਤਰਤਾ ਕੀਤੀ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਇਸ ਦੌਰਾਨ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਜੂਨ 1984 ਦਾ ਪਹਿਲਾ ਹਫ਼ਤਾ ਸਿੱਖ ਕੌਮ ਦੇ ਲਈ ਕਦੇ ਨਾ ਭੁੱਲਣ ਵਾਲਾ ਹੈ। ਦੇਸ਼ ਦੀ ਤਤਕਾਲੀ ਕਾਂਗਰਸ ਹਕੂਮਤ ਵੱਲੋਂ ਸਿੱਖਾਂ ਨੂੰ ਜੂਨ 1984 ਵਿਚ ਦਿੱਤੇ ਜ਼ਖ਼ਮ ਹਰ ਸਾਲ ਰਿਸਦੇ ਹਨ।ਇਸ ਸਾਲ ਸਿੱਖ ਕੌਮ ਜੂਨ 1984 ਘੱਲੂਘਾਰੇ ਦੀ 40ਵੀਂ ਸਾਲਾਨਾ ਯਾਦ ਮਨਾ ਰਹੀ ਹੈ, ਜਿਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸਮੁੱਚੇ ਗੁਰਦੁਆਰਾ ਸਾਹਿਬਾਨ ਵਿਚ ਸ਼ਹੀਦੀ ਸਮਾਗਮ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਘੱਲੂਘਾਰਾ ਦਿਵਸ ਸਿੱਖਾਂ ਲਈ ਬੇਹੱਦ ਭਾਵੁਕਤਾ ਵਾਲਾ ਸਮਾਂ ਹੈ, ਜਿਸ ਨੂੰ ਇਸਦੀ ਭਾਵਨਾ ਅਨੁਸਾਰ ਮਨਾਉਣਾ ਕੌਮ ਦਾ ਫਰਜ਼ ਹੈ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਕ 4 ਤੋਂ 6 ਜੂਨ ਤੱਕ ਕਾਲੀਆਂ ਦਸਤਾਰਾਂ ਸਜਾਈਆਂ ਜਾਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰੇ ਦੀ 40ਵੀਂ ਯਾਦ ਮੌਕੇ ਸ਼ਾਂਤਮਈ ਤਰੀਕੇ ਨਾਲ ਗੁਰਬਾਣੀ ਜਾਪ ਕੀਤੇ ਜਾਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ, ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਕੁਲਦੀਪ ਸਿੰਘ ਰੋੜੇ, ਗੁਰਚਰਨ ਸਿੰਘ ਕੁਹਾਲਾ, ਜਸਵਿੰਦਰ ਸਿੰਘ ਜੱਸੀ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ, ਸ਼ਾਹਬਾਜ਼ ਸਿੰਘ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ ਆਦਿ ਮੌਜੂਦ ਸਨ।

## ਸਿੱਕੀ ਤੇ ਪੱਖੋਕੇ ਵੱਲੋਂ ਸਰਪੰਚਾਂ, ਆਗੂਆਂ, ਵਰਕਰਾਂ ਤੇ ਵੋਟਰਾਂ ਦਾ ਧੰਨਵਾਦ

ਝਬਾਲ (ਹਰਜਿੰਦਰ ਸਿੰਘ ਸੋਨੀ)- ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਕੌਮੀ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਾਂਗਰਸ ਪਾਰਟੀ ਦੇ ਸਮੂਹ ਸਰਪੰਚਾਂ, ਆਗੂਆਂ, ਵਰਕਰਾਂ ਤੇ ਵੋਟਰਾਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਚੋਣਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਹਲਕਾ ਖਡੂਰ ਸਾਹਿਬ ਕਾਂਗਰਸ ਲੀਡਰਸ਼ਿਪ ਨੇ ਦਿਨ-ਰਾਤ ਕੰਮ ਕੀਤਾ।ਪੂਰੀ ਮਿਹਨਤ ਅਤੇ ਨਿਸਵਾਰਥ ਘਰ-ਘਰ ਜਾਂ ਕੇ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ ਅਤੇ ਉਨ੍ਹਾਂ ਨੂੰ ਜਿਤਾਉਣ ਲਈ ਸਖ਼ਤ ਮਿਹਨਤ ਕੀਤੀ ਗਈ।ਉਨ੍ਹਾਂ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਵਿੱਚ ਇੱਕ ਵਾਰ ਫਿਰ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਨੂੰ ਕੁਝ ਹੀ ਘੰਟਿਆਂ ਦਾ ਸਮਾਂ ਰਹਿ ਗਿਆ ਹੈ।ਇਸ ਮੌਕੇ ਕੇਵਲ ਸਿੰਘ ਬਾਠ, ਚੇਅਰਮੈਨ ਮਨਜੀਤ ਸਿੰਘ ਨੋਨੇ, ਸਰਪੰਚ ਅਮਰੀਕ ਸਿੰਘ ਖੱਬੇ ਡੋਗਰਾਂ, ਸਰਪੰਚ ਹਰਦੇਵ ਸਿੰਘ ਰਾਜੇਵਾਲਾ ਖੂਹ, ਸਰਪੰਚ ਅੰਗਰੇਜ਼ ਸਿੰਘ ਕੱਦਗਿੱਲ, ਸਰਪੰਚ ਜੋਤੀ ਬਾਗੜੀਆਂ, ਵਿੱਕੀ ਕੱਦਗਿੱਲ, ਅਮਰਜੀਤ ਸਿੰਘ ਕੱਦਗਿੱਲ, ਸਰਪੰਚ ਸੋਨੀ ਸ਼ੇਖ਼ਫੱਤਾ, ਸੰਨਦੀਪ ਸਿੰਘ ਭੈਣੀ ਸਿੱਧਵਾਂ, ਕਰਤਾਰ ਸਿੰਘ ਕੱਲਾ, ਪ੍ਰਭਜੀਤ ਸਿੰਘ ਦੁੱਗਲਵਾਲਾ, ਲਖਵਿੰਦਰ ਸਿੰਘ ਜਹਾਂਗੀਰ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਪ੍ਰਗਟ ਸਿੰਘ ਗੋਰੀ ਪੱਖੋਕੇ, ਸੰਮਤੀ ਮੈਂਬਰ ਕੰਵਰਪਾਲ ਸਿੰਘ ਪੱਖੋਕੇ, ਬੁੱਧ ਸਿੰਘ ਪੱਖੋਕੇ, ਗੁਰਭੇਜ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਮਲਕੀਤ ਸਿੰਘ ਪੱਖੋਕੇ, ਦਲਜੀਤ ਸਿੰਘ ਪੱਖੋਕੇ ਪੰਪ ਵਾਲੇ, ਕੰਵਲਜੀਤ ਸਿੰਘ ਮਾਣਾ ਪੱਖੋਕੇ, ਦਿਲਬਾਗ ਸਿੰਘ ਦੋਧੀ ਪੱਖੋਕੇ, ਸੁਖਚੈਨ ਸਿੰਘ ਪੱਖੋਕੇ, ਸਰਬਜੀਤ ਸਿੰਘ ਪੱਖੋਕੇ ਆਦਿ ਹਾਜ਼ਰ ਸਨ।

### Change of Name

I, Kulwinder Kaur Aujla W/O Gurdial Singh , V.p.o Aujla Jogi ,Kapurthala , Punjab , India, Have Changed My Name From Kulwinder Kaur Aujla To Kulwinder Kaur , Concerned Note Please.

I, Gurjinder Kaur W/o Jasvir Singh, R/o Village Metlan Khairabad, PO Bholath, District Kapurthala, Punjab India, That Now I want to change my name from Gurjinder Kaur Alias Gurjinder Kaur Randhawa to Gurjinder Kaur in my passport.

I, Gurjinder Kaur W/o Jasvir Singh, R/o Village Metlan Khairabad, PO Bholath, District Kapurthala, Punjab India, That Now I want to change the name of my husband from Jasbir Singh to Jasvir Singh in my passport.

### ਬੇਦਖਲੀ ਨੋਟਿਸ

ਅਸੀ ਹਰਜਿੰਦਰ ਕੁਮਾਰ ਪੁੱਤਰ ਸ੍ਰ. ਦੇਸ ਰਾਜ ਅਤੇ ਕਮਲਾ ਰਾਣੀ ਪਤਨੀ ਹਰਜਿੰਦਰ ਕੁਮਾਰ ਵਾਸੀ ਮਕਾਨ ਨੰ. 89.ਆਦਰਸ਼ ਨਗਰ,ਨੇੜੇ ਚਿੰਤਪੁਰਨੀ ਮੰਦਿਰ, ਇਸਲਾਮਾਬਾਦ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ ਕੁਮਾਰ ਉਰਫ ਸਾਬਾ ਅਤੇ ਉਸਦੀ ਪਤਨੀ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਧਿਆਨ ਚੰਦ ਪੁੱਤਰ ਬਿਸ਼ੰਬਰ ਦਾਸ ਵਾਸੀ ਪਿੰਡ ਪਸਨਾਵਾਲ ਤਹਿਸੀਲ / ਜਿਲਾ ਗੁਰਦਾਸਪੁਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪਾਲ ਚੰਦ ਤੇ ਉਸ ਦੀ ਪਤਨੀ ਡਿੰਪਲ ਨੂੰ ਕਹਿਣੇ 'ਚ ਨਾ ਹੋਣ ਕਰਕੇ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿਤਾ ਹੈ। ਇਨਾਂ ਦੇ ਚੰਗੇ ਮਾੜੇ ਕੰਮ ਜਾਂ ਲੈਣ ਦੇਣ ਲਈ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ।

ਮੈਂ ਮਨਜੀਤ ਕੋਰ ਪਤਨੀ ਸਵ. ਜਸਵੰਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਕਲਸੀਆਂ ਕਲਾਂ ਤਹਿ-ਭਿੱਖੀਵਿੰਡ, ਜਿਲਾ-ਤਰਨ ਤਾਰਨ ਆਪਣੇ ਪੁੱਤਰ ਰਾਜਵਿੰਦਰ ਸਿੰਘ ਉਰਫ ਰਾਜੂ ਅਤੇ ਆਪਣੀ ਨੂੰਹ ਰਮਨਦੀਪ ਕੌਰ ਨੂੰ ਆਪਣੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਤੇ ਅਚੱਲ ਜਾਇਦਾਦ ਮਕਾਨ ਆਦਿ ਚੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਤਰਾਂ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖ਼ੁਦ ਜ਼ੁੰਮੇਵਾਰ ਹੋਵੇਗਾ, ਕਿਸੇ ਵੀ ਤਰ੍ਹਾਂ ਦੀ ਕਨੂੰਨੀ ਕਾਰਵਾਈ ਲਈ ਮੈਂ ਅਤੇ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗੇ।

ਮੈਂ, ਬਲਵੀਰ ਰਾਮ ਪੁੱਤਰ ਸ੍ਰੀ ਹੰਸ ਰਾਜ ਵਾਸੀ ਪਿੰਡ ਮੰਢਾਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਜੀਤ ਅਤੇ ਇਸ ਦੀ ਪਤਨੀ ਤਮੰਨਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਤਿਲਕ ਰਾਜ ਪੁੱਤਰ ਲੇਟ ਸ੍ਰੀ ਤਾਰਾ ਚੰਦ ਵਾਸੀ ਪਿੰਡ ਰਾਣੀਪੁਰ ਰਾਜਪੂਤਾਂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਛੱਜੂ ਰਾਮ ਪੁੱਤਰ ਸ੍ਰੀ ਭੀਮ ਸੈਨ ਵਾਸੀ ਮਕਾਨ ਨੰ: 3614/221, ਗਲੀ ਨੰ: 5, ਤੇਜ ਮੋਹਨ ਨਗਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨ ਕੁਮਾਰ ਅਤੇ ਉਸ ਦੀ ਪਤਨੀ ਸਾਨੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਿਮਲਾ ਦੇਵੀ ਪਤਨੀ ਸ੍ਰੀ ਛੱਜੂ ਰਾਮ ਵਾਸੀ ਮਕਾਨ ਨੰ: 3614/221, ਗਲੀ ਨੰ: 5, ਤੇਜ ਮੋਹਨ ਨਗਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਨ ਕੁਮਾਰ ਅਤੇ ਉਸ ਦੀ ਪਤਨੀ ਸਾਨੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੀਨਾ ਰਾਣੀ ਪਤਨੀ ਸਤਨਾਮ ਵਾਸੀ ਮਕਾਨ ਨੰ. 38, ਵਾਰਡ ਨੰ. 13, ਬਾਲਮੀਕ ਮੁਹੱਲਾ, ਡਾਕਖਾਨਾ ਦਕੋਹਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਹਿਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਵੀਨਾ ਗੁਪਤਾ ਪਤਨੀ ਕੇਵਲ ਕ੍ਰਿਸ਼ਨ ਵਾਸੀ ਮੁਹੱਲਾ ਸੂਦਾਂ, ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਸੁਮਿਤ ਗੁਪਤਾ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਦੋਆਬਾ ਕਾਲਜ ਛੋਕਰਾਂ ਵਿਖੇ ਸਵੇਰ 8 ਵਜੇ ਸ਼ੁਰੂ ਹੋਵੇਗੀ ਵੋਟਾਂ ਦੀ ਗਿਣਤੀ



ਬੰਗਾ (ਅਵਤਾਰ ਕਲੇਰ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਲੋਕ ਸਭਾ ਅਸੈਂਬਲੀ ਸੈਗਮੇਂਟ 45-ਗੜ੍ਹਸ਼ੰਕਰ, 46-ਬੰਗਾ, 47-ਨਵਾਂਸ਼ਹਿਰ ਅਤੇ 48-ਬਲਾਚੌਰ ਦੀ ਵੋਟਾਂ ਦੀ ਗਿਣਤੀ ਦੁਆਬਾ ਕਾਲਜ ਛੋਕਰਾਂ ਵਿਖੇ ਸਵੇਰੇ 8:00 ਵਜੇ ਸ਼ੁਰੂ ਹੋਵੇਗੀ ਅਤੇ ਵੋਟਾਂ ਦੀ ਗਿਣਤੀ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਇਹ ਪ੍ਰਗਟਾਵਾ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਾਊਂਟਿੰਗ ਸੈਂਟਰਾਂ ਦਾ ਦੌਰਾ ਕਰਨ ਉਪਰੰਤ ਕੀਤਾ।ਜ਼ਿਲ੍ਹਾ ਚੋਣ ਅਫਸਰ ਨੇ ਕਾਊਂਟਿੰਗ ਸੈਂਟਰ ਵਿੱਚ ਮੌਜੂਦ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੰਦਿਆਂ ਹੋਇਆਂ ਕਿਹਾ ਕਿ ਵੋਟਾਂ ਦੀ ਗਿਣਤੀ ਠੀਕ ਸਵੇਰੇ 8 ਵਜੇ ਸ਼ੁਰੂ ਕਰ ਦਿੱਤੀ ਜਾਵੇ। ਕਾਊਂਟਿੰਗ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ ਇਸ ਸੰਬੰਧੀ ਪਹਿਲਾਂ ਤੋਂ ਹੀ ਅਗੇਤੇ ਪ੍ਰਬੰਧ ਕਰ ਲਏ ਜਾਣ

।ਉਹਨਾਂ ਨੇ ਕਾਊਂਟਿੰਗ ਸੈਂਟਰ ਵਿਖੇ ਪੀਣ ਵਾਲੇ ਪਾਣੀ ਦੀ ਵਿਵਸਥਾ ਸਮੇਤ ਹਰ ਤਰ੍ਹਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਾਗਰ ਸੇਤੀਆ, ਐਸ ਡੀ ਐਮ ਨਵਾਂਸ਼ਹਿਰ ਅਕਸ਼ਿਤਾ ਗੁਪਤਾ, ਐਸ ਡੀ ਐਮ ਬੰਗਾ ਵਿਕਰਮਜੀਤ ਸਿੰਘ ਪੰਥੇ, ਐਸ ਡੀ ਐਮ ਬਲਾਚੌਰ ਰਵਿੰਦਰ ਬੰਸਲ, ਐਸ ਡੀ ਐਮ ਗੜ੍ਹਸ਼ੰਕਰ ਸ਼ਿਵ ਰਾਜ ਸਿੰਘ ਬੱਲ ਅਤੇ ਸਹਾਇਕ ਕਮਿਸ਼ਨਰ ਜਨਰਲ ਗੁਰਲੀਨ ਕੌਰ ਵੀ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਵੋਟਰਾਂ ਦਾ ਧੰਨਵਾਦ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸ਼੍ਰੋਮਣੀ ਅਕਾਲੀ ਦਲ ਜਥਾ ਦੇ ਜ਼ਿਲ੍ਹਾ ਐਸ ਬੀ ਸੀ ਪ੍ਰਧਾਨ ਗੁਰਬਖ਼ਸ਼ ਸਿੰਘ ਖਾਲਸਾ ਪਰਮ ਸਿੰਘ ਖਾਲਸਾ ਰਮਨਦੀਪ ਥਿਆੜਾ ਜਥੇਦਾਰ ਕੋਹਲੀ ਨੇ ਲੋਕ ਸਭਾ ਚੋਣਾਂ 24 ਨੂੰ ਅਮਨ ਅਮਾਨ ਅਤੇ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ 'ਤੇ ਸਾਰੇ ਵੋਟਰ, ਪਾਰਟੀ ਵਰਕਰਾਂ, ਸਮਰਥਕਾਂ ਤੇ ਜ਼ਿਲ੍ਹੇ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਅਕਾਲੀ ਦਲ ਦੀ ਪਾਰਟੀ ਦੀ ਕਾਮਯਾਬੀ ਲਈ ਡੱਟ ਕੇ ਪਹਿਰਾ ਦਿੱਤਾ। ਉਹਨਾਂ ਕਿਹਾ ਅਕਾਲੀ ਦਲ ਆਪਣੇ ਵੋਟਰਾਂ ਤੇ ਸਮਰਥਕਾਂ ਦਾ ਹਮੇਸ਼ਾ ਰਿਣੀ ਰਹੇਗਾ।

4-JUNE-PAGE-7.qxd 6/3/2024 10:17 PM Page 1



# ਬਿਜਲੀ ਦੇ ਨਾਕਸ ਪ੍ਰਬੰਧਾਂ ਤੋਂ ਮੁੱਖ ਮੰਤਰੀ ਦੇ ਹਲਕੇ ਦੇ ਲੋਕ ਅੱਕੇ

## ਪ੍ਰੀਤ ਵਿਹਾਰ ਵਾਸੀਆਂ ਨੇ ਅੱਧੀ ਰਾਤ ਨੂੰ ਮੁੱਖ ਮਾਰਗ ਜਾਮ ਕਰਕੇ ਲਾਇਆ ਧਰਨਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਕੱਲ੍ਹ ਦੇਰ ਰਾਤ ਬਿਜਲੀ ਦੇ ਨਾਕਸ ਪ੍ਰਬੰਧਾਂ ਤੋਂ ਅੱਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕਾ ਸ਼ਹਿਰ ਧੂਰੀ ਦੇ ਪ੍ਰੀਤ ਵਿਹਾਰ ਵਾਸੀਆਂ ਨੇ ਧੂਰੀ-ਲੁਧਿਆਣਾ ਮੁੱਖ ਮਾਰਗ 'ਤੇ ਧਰਨਾ ਲਗਾਉਂਦਿਆਂ ਪਾਵਰਕਾਮ ਦੇ ਅਧਿਕਾਰੀਆਂ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਜਾਣਕਾਰੀ ਦਿੰਦਿਆਂ ਮੁਹੱਲਾ ਨਿਵਾਸੀਆਂ ਨੇ ਦੋਸ਼ ਲਗਾਇਆ ਕਿ ਅੱਤ ਦੀ ਗਰਮੀ ਵਿੱਚ ਪਿਛਲੇ ਕਿੰਨੇ ਹਫ਼ਤੇ ਤੋਂ ਪ੍ਰੀਤ ਵਿਹਾਰ ਦੇ ਵਾਸੀ ਪਾਵਰਕਾਮ ਦੀ ਅਣਦੇਖੀ ਦਾ ਸ਼ਿਕਾਰ ਹਨ, ਜਿੱਥੇ ਬਿਜਲੀ ਸਪਲਾਈ ਵਾਰ-ਵਾਰ ਟਰੱਪਿੰਗ ਹੋ ਰਹੀ ਹੈ, ਉੱਥੇ ਪੂਰੇ ਸ਼ਹਿਰ ਵਿੱਚ ਬਿਜਲੀ ਸਪਲਾਈ ਹੋਣ ਦੇ ਬਾਵਜੂਦ ਸਾਡੇ ਮੁਹੱਲੇ ਵਿੱਚ ਬਿਜਲੀ ਸਪਲਾਈ ਨਹੀਂ ਹੁੰਦੀ ਅਤੇ ਅਜਿਹਾ ਕਰਕੇ ਪਾਵਰਕਾਮ ਵੱਲੋਂ ਸਾਡੇ ਨਾਲ ਵਿਤਕਰੇਬਾਜ਼ੀ ਤੇ ਅਣੇਦਖੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪਾਵਰਕਾਮ ਵੱਲੋਂ ਸਾਡੇ ਏਰੀਏ ਨੂੰ ਬੰਦ ਕਰਕੇ ਹੋਰਨਾਂ ਏਰੀਏ ਨੂੰ ਸਪਲਾਈ ਦਿੱਤੀ ਜਾ ਰਹੀ ਹੈ।ਮੁਹੱਲਾ ਨਿਵਾਸੀਆਂ ਨੇ ਮੁਹੱਲੇ ਵਿੱਚ ਨਵਾਂ ਟਰਾਂਸਫਾਰਮਰ ਰੱਖਣ ਦੀ ਮੰਗ ਵੀ ਕੀਤੀ।ਮੁਹੱਲਾ ਨਿਵਾਸੀਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪਾਵਰਕਾਮ ਨੇ ਮੁਹੱਲੇ ਦੀ ਅਣਦੇਖੀ ਇਸ ਤਰ੍ਹਾਂ ਹੀ ਰੱਖੀ ਤਾਂ ਉਹ ਅਣਮਿੱਥੇ ਸਮੇਂ ਲਈ ਸੜਕ ਨੂੰ ਜਾਮ ਕਰਨ ਤੋਂ ਗੁਰੇਜ਼ ਨਹੀਂ ਕਰਨਗੇ।ਮੌਕੇ 'ਤੇ ਪੁੱਜੇ ਐੱਸ.ਡੀ.ਓ. ਸਿਟੀ ਗੁਰਦੀਪਇੰਦਰ ਸਿੰਘ, ਐੱਸ.ਡੀ.ਓ. ਦਿਹਾਤੀ ਪੁਸ਼ਪਿੰਦਰ ਸਿੰਘ ਤੇ ਐੱਸ.ਡੀ.ਓ. ਭਲਵਾਨ ਮੋਹਨਪ੍ਰੀਤ ਸਿੰਘ ਨੇ ਧਰਨਾਕਾਰੀਆਂ ਨੂੰ ਬਿਜਲੀ ਪ੍ਰਬੰਧ ਵਿੱਚ ਕਮੀ ਹੋਣ ਦੀ ਗੱਲ ਕਬੂਲਦਿਆਂ ਕਿਹਾ ਕਿ ਇਸ 'ਤੇ ਹੋਰ ਮੁਲਾਜ਼ਮ ਲਗਾ ਕੇ ਜਲਦੀ ਹੀ ਫਾਲਟ ਦੂਰ ਕਰਵਾਇਆ ਜਾਵੇਗਾ ਅਤੇ ਕਿਸੇ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# 10 ਲੱਖ 6 ਹਜ਼ਾਰ 48 ਵੋਟਰਾਂ ਦੀ ਚੁੱਪ ਅੱਜ ਤੋੜੇਗੀ ਈ ਵੀ ਐੱਮ !



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹਾ ਅਤੇ ਆਮ ਆਦਮੀ ਪਾਰਟੀ ਦੀ ਰਾਜਧਾਨੀ ਮੰਨੇ ਜਾਂਦੇ ਲੋਕ ਸਭਾ ਹਲਕਾ ਸੰਗਰੂਰ ਵਿੱਚ ਭਾਵੇਂ 1 ਜੂਨ ਨੂੰ ਪਈਆਂ ਵੋਟਾਂ ਦੌਰਾਨ 23 ਉਮੀਦਵਾਰਾਂ ਦੀ ਕਿਸਮਤ 10 ਲੱਖ 06 ਹਜ਼ਾਰ 48 ਵੋਟਾਂ ਰਾਹੀਂ ਈਵੀਐੱਮ ਮਸ਼ੀਨਾਂ ਵਿੱਚ ਕੈਦ ਹੈ, ਪ੍ਰੰਤੂ ਬਹੁਕੋਣਾ ਮੁਕਾਬਲੇ ਵਿੱਚ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ, ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਹੀ ਦਿਖਾਈ ਦੇ ਰਹੇ ਹਨ।ਉਧਰ ਪੰਜਾਬ ਦੇ ਮੁੱਖ ਮੰਤਰੀ ਦਾ ਗੜ੍ਹ ਮੰਨੇ ਜਾਂਦੇ ਲੋਕ ਸਭਾ ਹਲਕਾ ਸੰਗਰੂਰ ਵਿੱਚ ਮੁੱਖ ਮੰਤਰੀ ਸਮੇਤ ਪੰਜਾਬ ਦੇ ਦਿੱਗਜਾਂ ਦਾ ਸਿਆਸੀ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ।ਕੀ ਸੱਤਾਧਿਰ 'ਆਪ' ਸੰਗਰੂਰ ਹਲਕੇ ਦੀ ਜ਼ਿਮਨੀ ਚੋਣ 'ਚ ਹੋਈ ਹਾਰ ਦਾ ਦਾਗ ਧੋ ਸਕੇਗੀ ਜਾਂ ਵਿਰੋਧੀ ਧਿਰਾਂ 'ਆਪ' ਦੇ ਸਿਆਸੀ ਕਿਲ੍ਹੇ 'ਚ ਸੰਨ੍ਹ ਲਗਾ ਸਕਣਗੀਆਂ, ਇਹ 4 ਜੂਨ ਦੇ ਨਤੀਜੇ ਹੀ ਤੈਅ ਕਰਨਗੇ।

ਸੱਤਾਧਾਰੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੀਤ ਹੇਅਰ ਦੇ ਹੱਕ ਵਿੱਚ ਜਿੱਥੇ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਰੋਡ ਸ਼ੋਅ ਕੀਤਾ ਗਿਆ ਹੈ, ਉੱਥੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਰੋਡ ਸ਼ੋਅ/ਰੈਲੀਆਂ ਕਰ ਕੇ ਪਾਰਟੀ ਉਮੀਦਵਾਰ ਦੀ ਚੋਣ ਮੁਹਿੰਮ ਨੂੰ ਸਿਖਰ 'ਤੇ ਪਹੁੰਚਾਇਆ।ਵਿਧਾਇਕਾਂ ਨੇ ਵੀ ਇੱਕ-ਇੱਕ ਹਲਕੇ ਦੀ ਜ਼ਿੰਮੇਵਾਰੀ ਸੰਭਾਲ ਕੇ ਪ੍ਰਚਾਰ ਲਈ ਕੋਈ ਕਸਰ ਨਹੀਂ ਛੱਡੀ।ਕਾਂਗਰਸ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਨੇ ਵੀ ਚੋਣ ਪ੍ਰਚਾਰ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਪ੍ਰਚਾਰ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ 'ਤੇ ਹੀ ਨਿਸ਼ਾਨੇ ਸੇਧਦੇ ਰਹੇ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜੋ ਕਿ ਮੌਜੂਦਾ ਸੰਸਦ ਮੈਂਬਰ ਹਨ, ਨੇ ਵੀ ਤੀਜੀ ਵਾਰ ਜਿੱਤ ਹਾਸਲ ਕਰਨ ਲਈ ਸਾਰੀ ਸ਼ਕਤੀ ਝੋਕ ਦਿੱਤੀ ਹੈ।ਉਨ੍ਹਾਂ ਪੰਜਾਬ ਨੂੰ ਨਸ਼ਾ ਮੁਕਤ ਕਰਨ, ਬੱਚਿਆਂ ਦਾ ਭਵਿੱਖ ਸੰਵਾਰਨ ਤੇ ਸਰਕਾਰਾਂ ਤੋਂ ਹੱਕ ਲੈਣ ਲਈ ਵੋਟਾਂ ਦੀ ਮੰਗ ਕੀਤੀ ਹੈ।ਭਾਜਪਾ ਵੱਲੋਂ ਅਰਵਿੰਦ ਖੰਨਾ ਨੇ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਆਪਣੀ ਚੋਣ ਮੁਹਿੰਮ ਨੂੰ ਪੂਰੀ ਮਿਹਨਤ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ।ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਵੱਲੋਂ ਢੀਂਡਸਾ ਤੇ ਬਰਨਾਲਾ ਪਰਿਵਾਰ ਦੀ ਹਮਾਇਤ ਤੋਂ ਬਗੈਰ ਹੀ ਚੋਣ ਮੁਹਿੰਮ ਨੂੰ ਸਿਰੇ ਚੜ੍ਹਾਇਆ।

ਦੱਸਣਯੋਗ ਹੈ ਕਿ ਵਿਧਾਨ ਸਭਾ ਹਲਕਾ ਲਹਿਰਾ 'ਚ 66.68 ਫੀਸਦੀ, ਦਿੜ੍ਹਬਾ 'ਚ 67.36 ਫੀਸਦੀ, ਸੁਨਾਮ 'ਚ 65.38 ਫੀਸਦੀ, ਭਦੌੜ 'ਚ 63.51 ਫੀਸਦੀ, ਬਰਨਾਲਾ ਵਿਖੇ 59.99 ਫੀਸਦੀ, ਮਹਿਲ ਕਲਾਂ ਵਿਖੇ 61.81 ਫੀਸਦੀ, ਮਲੇਰਕੋਟਲਾ ਵਿਖੇ 69.76 ਫੀਸਦੀ, ਧੂਰੀ ਵਿਖੇ 65.94 ਫੀਸਦੀ ਤੇ ਹਲਕਾ ਸੰਗਰੂਰ 'ਚ 61.65 ਫੀਸਦੀ ਵੋਟਾਂ ਪਈਆਂ, ਜੋ ਕਿ ਲੋਕ ਸਭਾ ਹਲਕਾ ਸੰਗਰੂਰ ਵਿੱਚ ਕੁੱਲ 64.63 ਫੀਸਦੀ ਬਣਦਾ ਹੈ, ਪੋਲਿੰਗ ਹੋਈ ਹੈ।

ਭਾਵੇਂ ਪੰਜਾਬ ਦੇ ਵੋਟਰ ਵੋਟਾਂ ਪੈਣ ਵਾਲੇ ਦਿਨ ਤੱਕ ਚੁੱਪ ਰਹੇ।ਵੋਟਰਾਂ ਨੇ ਇੱਕ ਜੂਨ ਨੂੰ ਈਵੀਐੱਮ ਸਾਹਮਣੇ ਆਪਣੀ ਚੁੱਪ ਤੋੜਦਿਆਂ ਆਪਣੇ ਪਸੰਦ ਦੇ ਉਮੀਦਵਾਰ ਨੂੰ ਵੋਟ ਪਈ, ਪਰ ਇਸ ਦਾ ਭੇਤ 4 ਜੂਨ ਨੂੰ ਖੁੱਲ੍ਹਣਾ ਹੈ।ਹੁਣ ਉਮੀਦਵਾਰ ਤੇ ਉਨ੍ਹਾਂ ਦੇ ਸਮਰਥਕ ਆਪਣੇ-ਆਪਣੇ ਵੋਟ ਗਣਿਤ ਅਨੁਸਾਰ ਆਪਣੀ-ਆਪਣੀ ਜਿੱਤ ਦੇ ਦਾਅਵੇ ਕਰ ਰਹੇ ਹਨ।ਇਸ ਦੇ ਨਾਲ ਹੀ ਸਭ ਦੀਆਂ ਨਜ਼ਰਾਂ ਲੋਕ ਸਭਾ ਸੰਗਰੂਰ ਦੀ ਸੀਟ 'ਤੇ ਹਨ, ਇਸ ਦਾ ਨਤੀਜਾ ਵੱਡੇ ਨੇਤਾਵਾਂ ਦੇ ਸਿਆਸੀ ਭਵਿੱਖ ਨੂੰ ਤੈਅ ਕਰੇਗਾ।ਇਸ ਹਲਕੇ ਦੇ ਨਤੀਜੇ ਨੂੰ ਲੈ ਕੇ ਮੁੱਖ ਮੰਤਰੀ, ਤਿੰਨ ਕੈਬਨਿਟ ਮੰਤਰੀਆਂ, ਆਮ ਆਦਮੀ ਪਾਰਟੀ ਦੇ ਛੇ ਵਿਧਾਇਕਾਂ ਅਤੇ ਪਾਰਟੀ ਵਿਰੋਧੀ ਧਿਰ ਦੇ ਵੱਡੇ ਆਗੂਆਂ ਦੀ ਭਰੋਸੇਯੋਗਤਾ ਦਾਅ 'ਤੇ ਹੈ।ਲੋਕ ਸਭਾ ਹਲਕਾ ਸੰਗਰੂਰ ਨਾਲ ਸਬੰਧਤ ਸਾਰੇ 9 ਵਿਧਾਨ ਸਭਾ ਹਲਕਿਆਂ ਤੋਂ ਆਮ ਆਦਮੀ ਪਾਰਟੀ ਦੇ 9 ਹੀ ਵਿਧਾਇਕਾਂ ਵਿੱਚੋਂ 'ਚ ਬਣੇ ਤਿੰਨ ਕੈਬਨਿਟ ਮੰਤਰੀਆਂ ਦਾ ਵੱਕਾਰ ਦਾਅ 'ਤੇ ਹੈ।ਸੂਬੇ 'ਚ 'ਆਪ' ਦੀ ਸਰਕਾਰ ਬਣਨ 'ਤੇ ਪੂਰੇ ਸੂਬੇ 'ਚ ਸਿਆਸੀ ਨਜ਼ਰੀਏ ਤੋਂ ਵਜ਼ਾਰਤ 'ਚ ਜ਼ਿੰਮੇਵਾਰੀ 'ਚ ਸੰਗਰੂਰ ਹਲਕਾ ਸਭ ਤੋਂ ਭਾਰੂ ਹੈ।

# ਨਰੇਗਾ ਕਾਮਿਆਂ ਦੀਆਂ ਮੰਗਾਂ ਮੰਨਣ ਤੱਕ ਭੁੱਖ ਹੜਤਾਲ ਜਾਰੀ ਰਹੇਗੀ : ਝੰਗੜ ਭੈਣੀ, ਨਿਉਲਾ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਡੀ ਸੀ ਦਫਤਰ ਫਾਜ਼ਿਲਕਾ ਦੇ ਬਾਹਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿਸਟਰਡ ਪੰਜਾਬ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਲਗਾਤਾਰ 24 ਘੰਟੇ ਵਾਲੀ ਭੁੱਖ ਹੜਤਾਲ਼ ਅੱਜ 7ਵੇਂ ਦਿਨ ਵੀ ਜਾਰੀ ਰਹੀ।ਇਸ ਬਾਰੇ ਜਾਣਕਾਰੀ ਦਿੰਦਿਆਂ ਕਾਮਰੇਡ ਰਾਜਵਿੰਦਰ ਨਿਉਲਾ ਨੇ ਕਿਹਾ ਕਿ ਨਰੇਗਾ ਮਜ਼ਦੂਰਾਂ ਦੇ ਕੀਤੇ ਕੰਮ ਦੇ ਪੈਸੇ ਨਹੀਂ ਪਾਏ ਜਾ ਰਹੇ ਅਤੇ ਨਾ ਹੀ ਨਵੇਂ ਕੰਮ ਦੀਆਂ ਦਿੱਤੀਆਂ ਅਰਜ਼ੀਆਂ 'ਤੇ ਕੰਮ ਦਿੱਤਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਕਾਮਰੇਡ ਸ਼ੁਬੇਗ ਝੰਗੜ ਭੈਣੀ ਨੇ ਕਿਹਾ ਕਿ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਨਰੇਗਾ ਦੇ ਕੰਮ ਵਿੱਚ ਕਰੋੜਾਂ ਰੁਪਏ ਦਾ ਘਪਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਆਲਮ ਇਹ ਹੈ ਕਿ ਜੀ ਆਰ ਐੱਸ ਤੇ ਏਪੀਓ ਆਪਣੇ ਉੱਚ ਅਧਿਕਾਰੀ ਬੀਡੀਪੀਓ ਦੇ ਜਾਲ੍ਹੀ ਦਸਤਖ਼ਤ ਕਰ ਕੇ ਪਿੰਡ ਨਿਉਲਾ ਦੇ ਸੱਤਾਧਾਰੀ ਪਾਰਟੀ ਦੇ ਨਰੇਗਾ ਦਾ ਮਸਟਰੋਲ ਜਾਰੀ ਕਰ ਰਹੇ ਹਨ।ਯੂਨੀਅਨ ਦੇ ਵਿਰੋਧ ਤੋਂ ਬਾਅਦ ਮਸਟਰੋਲ ਨੂੰ ਰੱਦ ਕੀਤਾ ਗਿਆ।ਬੀਡੀਪੀਓ ਫਾਜ਼ਿਲਕਾ ਨੇ ਖੁਦ ਮੰਨਿਆ ਹੈ ਕਿ ਉਨ੍ਹਾਂ ਦੇ ਜਾਲ੍ਹੀ ਦਸਤਖ਼ਤ ਕਰਕੇ ਮਸਟਰੋਲ ਨੂੰ ਜਾਰੀ ਕੀਤਾ ਗਿਆ ਸੀ।ਕਾਮਰੇਡ ਸ਼ੁਬੇਗ ਨੇ ਕਿਹਾ ਕਿ ਇਸ ਦੇ ਸਬੂਤ ਲਗਾਤਾਰ ਅਸੀਂ ਮਾਨਯੋਗ ਡੀ ਸੀ ਮੈਡਮ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਦੇ ਚੁੱਕੇ ਹਾਂ, ਪਰ ਉਕਤ ਦੋਸ਼ੀਆਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ, ਜਿਸ 'ਤੇ ਸਾਰੇ ਦੇ ਸਾਰੇ ਅਮਲੇ ਦੀ ਮਿਲੀਭੁਗਤ ਹੋਣ ਦਾ ਸ਼ੱਕ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਉਹ ਜਥੇਬੰਦੀਆਂ ਵੱਲੋਂ ਮੰਗ ਕਰਦੇ ਹਨ ਕਿ ਉਕਤ ਜਾਲ੍ਹੀ ਦਸਤਖ਼ਤ ਕਰਨ ਵਾਲੇ ਦੋਸ਼ੀਆਂ ਖਿਲਾਫ ਐੱਫ ਆਈ ਆਰ ਦਰਜ ਕਰਕੇ ਕਾਨੂੰਨੀ ਤੇ ਵਿਭਾਗੀ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਪਿੰਡ ਨਿਉਲਾ, ਝੰਗੜ ਭੈਣੀ, ਭੜੋਲੀ ਵਾਲਾ, ਚੱਕ ਅਰਾਈਆਂ ਵਾਲਾ, ਚੱਕ ਮੌਜਦੀਨ ਦੇ ਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਕੰਮ ਦੇ ਪੈਸੇ ਪਾਏ ਜਾਣ।ਇਸ ਭੁੱਖ ਹੜਤਾਲ ਵਿੱਚ ਗੁਰਬਚਨ ਸੈਦੋਕਾ ਹਿਠਾੜ, ਲਵਪ੍ਰੀਤ, ਰਜਿੰਦਰ ਸਿੰਘ, ਕੁਲਵੰਤ ਸਿੰਘ ਭੜੋਲੀ ਵਾਲਾ, ਸਿਕੰਦਰ ਸਿੰਘ ਸ਼ਾਮਲ ਸਨ।

# ਵੋਟਾਂ ਦੀ ਗਿਣਤੀ ਅੱਜ, ਸਾਰੇ ਪ੍ਰਬੰਧ ਮੁਕੰਮਲ : ਡੀ ਸੀ

**ਸੰਗਰੂਰ (ਪ੍ਰਵੀਨ ਸਿੰਘ)**

ਲੋਕ ਸਭਾ ਹਲਕਾ-12 ਸੰਗਰੂਰ ਵਿੱਚ ਲੋਕ ਸਭਾ ਚੋਣਾਂ ਤਹਿਤ 1 ਜੂਨ ਨੂੰ ਪਈਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ ਤੇ ਇਸ ਕਾਰਜ ਲਈ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਇਹ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ 5 ਵਿਧਾਨ ਸਭਾ ਹਲਕਿਆਂ ਤੇ ਜ਼ਿਲ੍ਹਾ ਮਲੇਰਕੋਟਲਾ ਦੇ ਇੱਕ ਵਿਧਾਨ ਸਭਾ ਹਲਕਾ ਮਲੇਰਕੋਟਲਾ ਦੀਆਂ ਵੋਟਾਂ ਦੀ ਗਿਣਤੀ ਦੇਸ਼ ਭਗਤ ਕਾਲਜ ਬਰੜਵਾਲ ਵਿਖੇ ਸਥਾਪਤ ਕੀਤੇ ਵੱਖ-ਵੱਖ ਗਿਣਤੀ ਕੇਂਦਰਾਂ ਵਿਖੇ ਕਰਵਾਈ ਜਾਵੇਗੀ, ਜਦਕਿ ਬਰਨਾਲਾ, ਮਹਿਲ ਕਲਾਂ ਤੇ ਭਦੌੜ ਵਿਖੇ ਪਈਆਂ ਵੋਟਾਂ ਦੀ ਗਿਣਤੀ, ਐੱਸ ਡੀ ਕਾਲਜ ਬਰਨਾਲਾ ਵਿਖੇ ਸਥਾਪਤ ਗਿਣਤੀ ਕੇਂਦਰਾਂ ਵਿਖੇ ਹੋਵੇਗੀ।

ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ ਹਰੇਕ ਗਿਣਤੀ ਕੇਂਦਰ ਵਿੱਚ 14 ਟੇਬਲ ਲਗਾਏ ਗਏ ਹਨ ਤੇ ਗਿਣਤੀ ਕੇਂਦਰਾਂ ਵਿਖੇ ਤਾਇਨਾਤ ਹੋਣ ਵਾਲੇ ਸਮੂਹ ਚੋਣ ਅਮਲੇ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਗਏ ਹਨ ਅਤੇ ਸ਼ਨਾਖਤੀ ਕਾਰਡਾਂ ਤੋਂ ਬਿਨਾਂ ਕੋਈ ਵੀ ਅਣਅਧਿਕਾਰਤ ਵਿਅਕਤੀ ਗਿਣਤੀ ਕੇਂਦਰਾਂ ਵਿਖੇ ਦਾਖਲ ਨਹੀਂ ਹੋ ਸਕੇਗਾ।ਉਨ੍ਹਾਂ ਦੱਸਿਆ ਕਿ ਸਮੁੱਚੀ ਗਿਣਤੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਕਰਵਾਈ ਜਾਵੇਗੀ ਤੇ ਉਮੀਦਵਾਰਾਂ, ਅਧਿਕਾਰਤ ਚੋਣ ਏਜੰਟਾਂ ਨੂੰ ਵੀ ਚੋਣ ਕਮਿਸ਼ਨ ਦੀਆਂ ਗਿਣਤੀ ਪ੍ਰਕਿਰਿਆ ਸਬੰਧੀ ਹਦਾਇਤਾਂ ਬਾਰੇ ਜਾਣੂ ਕਰਵਾਇਆ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਵੋਟਾਂ ਦੀ ਗਿਣਤੀ ਸਬੰਧੀ ਸਮੁੱਚੀ ਪ੍ਰਕਿਰਿਆ ਨੂੰ ਪੂਰੇ ਪਾਰਦਰਸ਼ੀ, ਸ਼ਾਂਤੀਪੂਰਵਕ ਤੇ ਸੁਰੱਖਿਅਤ ਮਾਹੌਲ ਵਿੱਚ ਨੇਪਰੇ ਚੜ੍ਹਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜਿਹੜੇ ਪੱਤਰਕਾਰ ਸਾਹਿਬਾਨ ਨੂੰ ਅਥਾਰਟੀ ਕਾਰਡ ਜਾਰੀ ਕੀਤੇ ਗਏ ਹਨ, ਉਨ੍ਹਾਂ ਦੀ ਸੁਵਿਧਾ ਲਈ ਮੀਡੀਆ ਸੈਂਟਰ ਬਣਾਇਆ ਗਿਆ ਹੈ, ਜਿੱਥੇ ਸਾਰੇ ਗਿਣਤੀ ਕੇਂਦਰਾਂ ਤੋਂ ਪ੍ਰਾਪਤ ਹੋਣ ਵਾਲੇ ਨਤੀਜੇ ਨਾਲੋ ਨਾਲ ਮੀਡੀਆ ਨਾਲ ਸਾਂਝੇ ਕੀਤੇ ਜਾਣਗੇ।

# ਪੌਦਿਆਂ ਦਾ ਲੰਗਰ ਤੇ ਠੰਢੇ-ਮਿੱਠੇ ਜਲ ਦੀ ਛਬੀਲ ਲਾਈ



**ਜਲਾਲਾਬਾਦ, (ਜੰਗੀਰ ਕੌਰ)**-ਜਿੱਥੇ ਇੱਕ ਪਾਸੇ ਮੌਜੂਦਾ ਸਮੇਂ ਕਹਿਰ ਦੀ ਗ਼ਰਮੀ ਦੀ ਕਹਿਰ ਲਗਾਤਾਰ ਜਾਰੀ ਹੈ ਅਤੇ ਅਜਿਹੇ ਹਲਾਤਾਂ ਵਿਚ ਲੋਕਾਂ ਦਾ ਘਰਾਂ ਵਿਚੋਂ ਨਿਕਲਣਾ ਔਖਾ ਹੋ ਕੇ ਰਹਿ ਗਿਆ ਹੈ, ਉਥੇ ਦੂਜੇ ਪਾਸੇ ਗ਼ਰਮੀ ਦੀ ਵਧਦੀ ਤਪਸ਼ ਨੂੰ ਦੇਖਦੇ ਹੋਏ ਵਾਤਾਵਰਣ ਨੂੰ ਹਰਾ-ਭਰਾ ਬਣਾਉਣ ਲਈ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਇਸ ਪ੍ਰਤੀ ਲੋਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਹੀ ਬੀਤੇ ਦਿਨ ਜਲਾਲਾਬਾਦ-ਫ਼ਾਜ਼ਿਲਕਾ ਰੋਡ 'ਤੇ ਸਥਿਤ ਟਿਵਾਣਾ ਵਾਲਾ ਮੋੜ ਅਤੇ ਨੇੜੇ ਬਸਤੀ ਭੂੰਮਣ ਸਾਹ ਜੀ ਦੇ ਕੋਲ ਵਾਤਾਵਰਣ ਪ੍ਰੇਮੀਆਂ ਵੱਲੋ ਠੰਡੇ ਮਿੱਠੇ ਜਲ ਦੀ ਛਬੀਲ ਲਾ ਕੇ ਰਾਹਗੀਰਾਂ ਦੀ ਸੇਵਾ ਕੀਤੀ ਗਈ, ਉਥੇ ਹੀ ਇਸਦੇ ਨਾਲ ਹੀ ਲੋਕਾਂ ਨੂੰ ਪੌਦੇ ਵੀ ਵੰਡੇ ਗਏ ਅਤੇ ਇਨ੍ਹਾਂ ਪੌਦਿਆਂ ਦੀ ਵੱਡੇ ਹੋਣ ਤੱਕ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਹ ਪੌਦੇ ਈਕੋ ਸੇਵਰ ਕਲੱਬ ਜਲਾਲਾਬਾਦ ਦੇ ਸਹਿਯੋਗ ਨਾਲ ਵੰਡੇ ਗਏ ਹਨ। ਈਕੋ ਸੇਵਰ ਕਲੱਬ ਜਲਾਲਾਬਾਦ ਦੇ ਸਰਗਰਮ ਮੈਂਬਰ ਅਤੇ ਸਟੇਟ ਐਵਾਰਡੀ ਪ੍ਰਭਦੀਪ ਸਿੰਘ ਗੁੰਬਰ ਨੇ ਦੱਸਿਆ ਕਿ ਗਰਮੀ ਦੀ ਲਗਾਤਾਰ ਵਧ ਰਹੀ ਤਪਸ਼ ਤੇ ਗੰਦਲੇ ਹੋ ਰਹੇ ਵਾਤਾਵਰਣ ਦੀ ਸ਼ੁੱਧਤਾ ਲਈ ਹਰੇਕ ਨਾਗਰਿਕ ਲਈ ਘੱਟੋ ਘੱਟ 2-2 ਪੌਦੇ ਲਾਉਣਾ ਜ਼ਰੂਰੀ ਹੈ ਤੇ ਲਾਏ ਜਾਣ ਵਾਲੇ ਪੌਦਿਆਂ ਦੀ ਸਾਂਭ ਸੰਭਾਲ ਵੱਡੇ ਹੋਣ ਤੱਕ ਕੀਤੀ ਜਾਵੇ ਤਾਂ ਜੋ ਵਾਤਾਵਰਣ ਹਰਿਆ-ਭਰਿਆ ਬਣ ਸਕੇ ਅਤੇ ਵਾਤਾਵਰਣ ਨੂੰ ਸ਼ੁੱਧ ਬਣਾਉਣ ਵਿੱਚ ਸਾਡਾ ਅਹਿਮ ਯੋਗਦਾਨ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੌਦੇ ਪ੍ਰਾਪਤ ਕਰਨ ਲਈ ਹਰੇਕ ਨਾਗਰਿਕ ਆਪਣੇ ਮੋਬਾਇਲ ਫੋਨ ਤੇ ਹਰਿਆਲੀ ਐਪ ਡਾਉਨਲੋਡ ਕਰਕੇ ਪੈਂਦੇ ਪ੍ਰਾਪਤ ਕਰ ਸਕਦਾ ਹੈ। ਇਸ ਲਈ ਹਰੇਕ ਨਾਗਰਿਕ ਨੂੰ ਵੱਧ ਤੋਂ ਵੱਧ ਪੌਦੇ ਲਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

# ਮਨਵੀਰ ਰੰਗਾ ਅਲਾਇੰਸ ਕਲੱਬ ਇੰਟਰਨੈਸ਼ਨਲ ਕੋਟਕਪੂਰਾ ਡਾਇਮੰਡ ਦੇ ਪ੍ਰਧਾਨ ਬਣੇ



**ਕੋਟਕਪੂਰਾ (ਰਛਪਾਲ ਭੁੱਲਰ)**

ਅਲਾਇੰਸ ਕਲੱਬ ਇੰਟਰਨੈਸ਼ਨਲ ਕੋਟਕਪੂਰਾ ਡਾਇਮੰਡ (ਜ਼ਿਲ੍ਹਾ-111) ਦੀ ਮੀਟਿੰਗ ਫਾਊਂਡਰ ਪ੍ਰਧਾਨ ਚਰਨ ਦਾਸ ਗਰਗ ਦੀ ਅਗਵਾਈ ਹੇਠ ਇੱਕ ਨਿੱਜੀ ਹੋਟਲ ਵਿੱਚ ਹੋਈ।ਇਸ ਸਮੇਂ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਖੱਬੂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਸਾਲ 2024-25 ਲਈ ਨਵਾਂ ਪ੍ਰਧਾਨ ਚੁਣਨ ਦਾ ਪ੍ਰਸਤਾਵ ਪੇਸ਼ ਕੀਤਾ।ਕਲੱਬ ਦੇ ਸਮੂਹ ਮੈਂਬਰਾਂ ਨੇ ਇਸ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਪਾਸ ਕਰਦੇ ਹੋਏ ਮਨਵੀਰ ਰੰਗਾ ਨੂੰ ਸਾਲ 2024-25 ਲਈ ਪ੍ਰਧਾਨ ਚੁਣ ਲਿਆ।ਇਸ ਸਮੇਂ ਨਵ-ਨਿਯੁਕਤ ਪ੍ਰਧਾਨ ਮਨਵੀਰ ਰੰਗਾ ਨੇ ਸਮੂਹ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਕਲੱਬ ਦੀ ਬਿਹਤਰੀ ਲਈ ਦਿਨ-ਰਾਤ ਮਿਹਨਤ ਕਰਨਗੇ।ਇਸ ਸਮੇਂ ਕਲੱਬ ਦੇ ਡਾਇਰੈਕਟਰ ਜਗਦੀਸ਼ ਛਾਬੜਾ ਨੇ ਦੱਸਿਆ ਕਿ ਪ੍ਰਧਾਨ ਮਨਵੀਰ ਰੰਗਾ ਵੱਲੋਂ ਆਪਣੀ ਨਵੀਂ ਟੀਮ ਦਾ ਐਲਾਨ ਕਰਦਿਆਂ ਪਵਨ ਕੁਮਾਰ ਭਾਰਤੀ ਨੂੰ ਮੀਤ ਪ੍ਰਧਾਨ, ਚੰਦਰ ਗਰਗ ਨੂੰ ਜਨਰਲ ਸਕੱਤਰ, ਰਾਜੀਵ ਗੋਇਲ ਨੂੰ ਖਜ਼ਾਨਚੀ, ਵਿਨੋਦ ਖੇਮਕਾ ਨੂੰ ਪੀ ਆਰ ਓ, ਵਿਜੇ ਬਾਂਸਲ ਨੂੰ ਜੁਆਇੰਟ ਸਕੱਤਰ, ਗੌਰਵ ਗਰਗ ਸੰਯੁਕਤ ਖਜ਼ਾਨਚੀ, ਜੁਆਇੰਟ ਪੀਆਰਓ ਸ਼ਿਵ ਓਮ ਨਾਥ ਤੇ ਜਗਦੀਸ਼ ਛਾਬੜਾ ਅਤੇ ਸਤਨਾਮ ਸਿੰਘ, ਚਰਨ ਦਾਸ ਗਰਗ ਨੂੰ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਮੁਕੰਦ ਸਿੰਘ ਕੰਦੀ, ਕਮਲ ਕਟਾਰੀਆ, ਹਰਜੀਤ ਬਰਾੜ, ਸੰਦੀਪ ਅਰੋੜਾ, ਸੁਰੇਸ਼ ਗਰਗ, ਵਿਸ਼ਾਲ ਕੁਮਾਰ ਤੇ ਪ੍ਰੇਮ ਸਿੰਘ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ।ਕਲੱਬ ਦੇ ਸਮੂਹ ਮੈਂਬਰਾਂ ਨੇ ਇਸ ਨਿਯੁਕਤੀ ਲਈ ਪ੍ਰਧਾਨ ਮਨਵੀਰ ਰੰਗਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮਾਜ ਸੇਵਾ ਦੇ ਕੰਮਾਂ ਲਈ ਹਮੇਸ਼ਾ ਤਤਪਰ ਰਹਿਣਗੇ।

# ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ-ਮੋਗਾ ਰੋਡ 'ਤੇ ਜੀਓ ਪੰਪ ਨੇੜੇ ਫਲਾਈਓਵਰ ਪਿਆਰੇਆਨਾ ਕੋਲ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਅਤੇ ਇੱਕ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ।

ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਸਕਾਰਪਿਓ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਲਵਿੰਦਰ ਸਿੰਘ ਪੁੱਤਰ ਸਵ. ਜਗਸੀਰ ਸਿੰਘ ਵਾਸੀ ਪਿੰਡ ਕਾਬਲ ਵਾਲਾ ਥਾਣਾ ਸਦਰ ਫਰੀਦਕੋਟ ਜ਼ਿਲ੍ਹਾ ਫਰੀਦਕੋਟ ਨੇ ਦੱਸਿਆ ਕਿ ਉਸ ਦਾ ਪਿਤਾ ਜਗਸੀਰ ਸਿੰਘ ਸਮੇਤ ਹਰਪ੍ਰੀਤ ਸਿੰਘ ਪੁੱਤਰ ਰਾਜਾ ਵਾਸੀ ਹਸਨ ਭੱਟੀ ਥਾਣਾ ਫਰੀਦਕੋਟ, ਜੋ ਮੋਟਰਸਾਈਕਲ ਡਿਸਕਵਰ ਨੰਬਰ ਪੀਬੀ 04-7314 'ਤੇ ਸਵਾਰ ਹੋ ਕੇ ਫਿਰੋਜ਼ਪੁਰ ਤੋਂ ਜੇਸੀਬੀ ਮਸ਼ੀਨ ਦਾ ਸਪੇਅਰ ਪਾਰਟਸ ਲੈ ਕੇ ਜਾ ਰਹੇ ਸੀ ਤਾਂ ਮੋਟਰਸਾਈਕਲ ਹਰਪ੍ਰੀਤ ਸਿੰਘ ਚਲਾ ਰਿਹਾ ਸੀ। ਜਦ ਉਹ ਜੀਓ ਪੰਪ ਫਲਾਈਓਵਰ ਪਾਸ ਪੁੱਜੇ ਤਾਂ ਇੱਕ ਸਕਾਰਪਿਓ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਆਈ, ਜਿਸ ਨੇ ਉਸ ਦੇ ਪਿਤਾ ਦੇ ਮੋਟਰਸਾਈਕਲ ਵਿੱਚ ਮਾਰੀ ਤੇ ਗੱਡੀ ਮੌਕੇ ਤੋਂ ਭਜਾ ਕੇ ਲੈ ਗਿਆ। ਇਸ ਹਾਦਸੇ ਵਿੱਚ ਉਸ ਦੇ ਪਿਤਾ ਦੇ ਗੰਭੀਰ ਸੱਟਾਂ ਲੱਗਣ ਕਰਕੇ ਮੌਕੇ 'ਤੇ ਮੌਤ ਹੋ ਗਈ ਤੇ ਹਰਪ੍ਰੀਤ ਸਿੰਘ ਦੇ ਕਾਫੀ ਰਗੜਾ ਲੱਗੀਆਂ ਸਨ ਤੇ ਮੋਟਰਸਾਈਕਲ ਨੁਕਸਾਨਿਆ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਵਿਪਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਸਕਾਰਪਿਓ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਸਾਈਕਲਿੰਗ ਤੰਦਰੁਸਤੀ ਲਈ ਵਧੀਆ ਕਸਰਤ : ਮਹਿਤਾਬ ਨਾਨੋਕੀ

**ਨਾਭਾ (ਵਰਿੰਦਰ ਵਰਮਾ)**-ਉੱਘੇ ਵਾਤਾਵਰਨ ਪ੍ਰੇਮੀ, ਸਿੱਖ ਚਿੰਤਕ ਤੇ ਭਾਕਿਯੂ ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਨਾਨੋਕੀ ਦੇ ਹੋਣਹਾਰ ਫਰਜੰਦ ਕਾਕਾ ਮਹਿਤਾਬਇੰਦਰ ਸਿੰਘ ਗਰੇਵਾਲ ਨੇ ਵਿਸ਼ਵ ਦਿਵਸ ਸਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ 3 ਜੂਨ ਨੂੰ ਵਿਸ਼ਵ ਸਾਈਕਲ ਦਿਵਸ ਮਨਾਇਆ ਜਾਂਦਾ ਹੈ।

ਇਹ ਲਗਭਗ 6 ਸਾਲ ਪਹਿਲਾਂ 2018 ਨੂੰ ਵਿਸ਼ਵ ਸਾਈਕਲ ਦਿਵਸ ਮਨਾਇਆ। ਸਾਈਕਲ ਦਾ ਇਤਿਹਾਸ 200 ਸਾਲ ਪੁਰਾਣਾ ਹੈ।ਯੂਰਪੀ ਦੇਸ਼ਾਂ 'ਚ ਸਾਈਕਲਾਂ ਦੀ ਵਰਤੋਂ 18ਵੀਂ ਸਦੀ ਦੇ ਅਰੰਭ 'ਚ ਸ਼ੁਰੂ ਹੋਈ, ਜੋ ਸੰਨ 1816 'ਚ ਪੈਰਿਸ ਦੇ ਇੱਕ ਕਾਰੀਗਰ ਦੁਆਰਾ ਬਣਾਇਆ ਗਿਆ ਸੀ।ਉਸ ਸਮੇਂ ਸਾਈਕਲ ਨੂੰ ਸ਼ੌਕ ਦਾ ਘੋੜਾ ਜਾਂ ਲੱਕੜ ਦਾ ਘੋੜਾ ਕਿਹਾ ਜਾਂਦਾ ਸੀ।ਯੰਗ ਫਾਰਮਰਜ਼ ਪਬਲਿਕ ਹਾਈ ਸਕੂਲ ਭਾਦਸੋਂ ਦੇ ਹੋਣਹਾਰ ਪ੍ਰਿੰਸੀਪਲ ਮੈਡਮ ਮਨਦੀਪ ਗਰੇਵਾਲ ਦੇ ਸਪੁੱਤਰ ਕਾਕਾ ਮਹਿਤਾਬਇੰਦਰ ਸਿੰਘ ਨੇ ਕਿਹਾ ਕਿ ਭਾਰਤ 'ਚ ਸਾਈਕਲ ਨੂੰ ਆਰਥਿਕ ਤਰੱਕੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ।ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਾਈਕਲ ਅਗਲੇ ਕਈ ਸਾਲਾਂ ਤੱਕ ਦੇਸ਼ ਦੀ ਆਵਾਜਾਈ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਹਿੱਸਾ ਰਿਹਾ।ਕਾਕਾ ਮਹਿਤਾਬ ਸਿੰਘ ਨਾਨੋਕੀ ਨੇ ਵਿਸ਼ਵ ਸਾਈਕਲ ਦਿਵਸ ਮੌਕੇ ਸਾਰਿਆਂ ਨੂੰ ਸਾਈਕਲ ਦੀ ਵਰਤੋਂ ਕਰਨ ਲਈ ਉਤਸ਼ਾਹਤ ਕਰਦਿਆਂ ਕਿਹਾ ਕਿ ਸਾਈਕਲਿੰਗ ਇੱਕ ਵਧੀਆ ਕਸਰਤ ਹੈ, ਵਾਤਾਵਰਨ ਅਨੁਕੂਲ ਹੈ ਤੇ ਤੰਦਰੁਸਤੀ ਦੇ ਪੱਧਰ ਨੂੰ ਵਧਾਉਂਦੀ ਹੈ।ਇਸ ਲਈ ਜਿੰਨਾ ਸੰਭਵ ਹੋ ਸਕੇ ਸਾਈਕਲਿੰਗ ਨੂੰ ਅਪਣਾਉਣਾ ਸਾਡੇ ਸਾਰਿਆਂ ਦੀ ਭਲਾਈ ਲਈ ਹੈ।



ਸਾਈਕਲ ਚਲਾਉਂਦੇ ਹੋਏ ਕਾਕਾ ਮਹਿਤਾਬਇੰਦਰ ਸਿੰਘ ਨਾਨੋਕੀ।

# ਅੱਜ ਦੇ ਲੋਕ ਸਭਾ ਚੋਣਾਂ ਦੇ ਨਤੀਜੇ ਹੋਣਗੇ ਹੈਰਾਨੀਜਨਕ : ਰਣਧੀਰ ਸਿੰਘ ਖੰਗੂੜਾ



**ਨਾਭਾ (ਵਰਿੰਦਰ ਵਰਮਾ)**

ਦੇਸ਼ ਦੀ 18 ਵੀ ਲੋਕ ਸਭਾ ਦੇ ਪੰਜਾਬ ਵਿੱਚ ਚੋਣ ਨਤੀਜੇ ਹੈਰਾਨੀਜਨਕ ਹੋਣਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਕਲਿਆਣ ਜਾਗ੍ਰਿਤੀ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਕੀਤਾ। ਖੰਗੂੜਾ ਨੇ ਕਿਹਾ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦਾ ਚੋਣ ਨਤੀਜਾ ਨਾ ਜ਼ੀਰੋ ਤੇਰਾਂ ਆਵੇਗਾ ਤੇ ਨਾ ਹੀ ਤੇਰਾਂ ਜ਼ੀਰੋ ਆਵੇਗਾ।ਨਤੀਜੇ ਹੈਰਾਨੀਜਨਕ ਆਉਣਗੇ। ਖਾਸ ਕਰਕੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਤਸਵੀਰ ਸਾਹਮਣੇ ਆਵੇਗੀ।2007 ਤੋਂ 2017 ਤੱਕ ਅਕਾਲੀ ਭਾਜਪਾ ਗਠਬੰਧਨ ਤੇ 2017 ਤੋਂ 2022 ਤੱਕ ਕਾਂਗਰਸ ਦੀਆਂ ਰਹੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਪੰਜਾਬ ਦੇ ਲੋਕਾਂ ਨੇ ਨਰਾਜ਼ ਹੋ ਕੇ ਆਮ ਆਦਮੀ ਪਾਰਟੀ ਦੇ ਹੱਕ 'ਚ ਵੋਟਾਂ ਪਾ ਕੇ ਨਵੇਂ ਬਦਲ ਦੀ ਤਲਾਸ਼ ਵਿੱਚ 92 ਐੱਮ.ਐੱਲ.ਏ ਜਿੱਤਾਂ ਕੇ ਪੰਜਾਬ ਵਿਧਾਨ ਸਭਾ 'ਚ ਭੇਜੇ ਸਨ।ਪਰ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਵਾ ਦੋ ਸਾਲ ਦੇ ਕਾਰਜਕਾਲ ਦੀ ਤਸਵੀਰ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਸਾਹਮਣੇ ਆਵੇਗੀ ਕਿ ਲੋਕ ਪੰਜਾਬ ਸਰਕਾਰ ਦੇ ਕੰਮਕਾਜ ਤੋਂ ਖੁਸ਼ ਜਾਂ ਨਰਾਜ਼।

ਇਨ੍ਹਾਂ ਚੋਣਾਂ ਤੋਂ ਹੀ 2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਪੰਜਾਬ ਦੀ ਜਨਤਾ ਆਪਣਾ ਰੁਖ ਕਰਦੀ ਨਜ਼ਰ ਆਵੇਗੀ।ਰਣਧੀਰ ਸਿੰਘ ਖੰਗੂੜਾ ਨੇ ਕਿਹਾ ਕਿ ਹੁਣ ਸਦਾ ਬਹਾਰ ਸਰਕਾਰਾਂ ਦਾ ਦੌਰ ਨਹੀ ਰਿਹਾ ਅਤੇ ਨਾ ਹੀ ਹੁਣ ਝੂਠੇ ਵਾਅਦੇ ਜਨਤਾ ਸਹਿਨ ਕਰੇਗੀ।ਹੁਣ ਰਾਜਨੀਤਕ ਪਾਰਟੀਆਂ ਨੂੰ ਵਾਅਦੇ ਇਸ ਤਰ੍ਹਾਂ ਦੇ ਕਰਨੇ ਪੈਣਗੇ ਜਿਨ੍ਹਾਂ ਨੂੰ ਉਹ ਜਲਦੀ ਤੋਂ ਜਲਦੀ ਆਪਣੀ ਸਰਕਾਰ ਬਣਨ ਤੇ ਪੂਰੇ ਕਰ ਸਕਣ। ਹੁਣ ਜਨਤਾ ਨੇ ਰਾਜਨੀਤਕ ਲੀਡਰਾਂ ਨੂੰ ਡਰਾਇੰਗ ਰੂਮਾਂ ਵਿੱਚੋਂ ਬਾਹਰ ਕੱਢ ਕੇ ਸੜਕਾਂ 'ਤੇ ਤੁਰਨ ਅਤੇ ਹਰ ਫਿਰਕੇ ਦੇ ਲੋਕਾਂ ਨਾਲ ਤਾਲਮੇਲ ਕਰਨ ਲਈ ਮਜਬੂਰ ਕਰ ਦਿੱਤਾ ਹੈ।ਆਉਣ ਵਾਲੇ ਸਮੇਂ ਵਿੱਚ ਉਹੀ ਰਾਜਨੀਤਕ ਪਾਰਟੀਆਂ ਸੱਤਾ ਵਿੱਚ ਆਉਣਗੀਆਂ, ਜਿਹੜੀਆਂ ਜਨਤਾ ਨਾਲ ਕੀਤੇ ਵਾਅਦੇ ਸਮੇਂ ਸਿਰ ਪੂਰੇ ਕਰਨਗੀਆਂ।

# ਲੋਕਾਂ ਨੂੰ ਸਾਈਕਲਿੰਗ ਪ੍ਰਤੀ ਜਾਗਰੂਕ ਕਰਨਾ ਵਰਲਡ ਬਾਈਸਾਈਕਲ ਡੇਅ ਦਾ ਅਸਲੀ ਮਕਸਦ : ਡਾ. ਸਿੰਗਲਾ



**ਮਾਨਸਾ (ਆਤਮਾ ਸਿੰਘ ਪਮਾਰ)**

ਈਕੋ ਵ੍ਹੀਲਰ ਸਾਈਕਲ ਕਲੱਬ ਵੱਲੋਂ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਦੀ ਅਗਵਾਈ ਵਿੱਚ ਅੱਜ ਦੀ ਰਾਈਡ ਬੱਸ ਸਟੈਂਡ ਚੌਕ ਤੋਂ ਸ਼ੁਰੂ ਕਰਕੇ ਸਨਾਵਰ ਸਕੂਲ ਭੋਪਾਲ ਤੱਕ ਲਾਈ ਗਈ, ਜਿੱਥੇ ਸਾਰੇ ਹੀ ਮੈਂਬਰਾਂ ਲਈ ਰਿਫ਼ਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਰੱਸਾਕਸ਼ੀ ਤੇ ਬਾਸਕਟਬਾਲ ਦੇ ਮੁਕਾਬਲੇ ਵੀ ਕਰਾਏ ਗਏ। ਈਕੋ ਵ੍ਹੀਲਰ ਸਾਈਕਲ ਕਲੱਬ ਦੇ ਸਰਪ੍ਰਸਤ ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਵਰਲਡ ਬਾਈ ਸਾਈਕਲ ਡੇ, ਯੂਨਾਈਟਡ ਨੇਸ਼ਨ ਜਨਰਲ ਅਸੈਂਬਲੀ ਦੁਆਰਾ 2018 ਤੋਂ ਹੀ ਹਰ ਸਾਲ ਤਿੰਨ ਜੂਨ ਨੂੰ ਵਿਸ਼ਵ ਪੱਧਰ 'ਤੇ ਮਨਾਉਣਾ ਸ਼ੁਰੂ ਕੀਤਾ।ਇਸਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਸਾਈਕਲਿੰਗ ਦੇ ਲਾਭ ਪ੍ਰਤੀ ਜਾਗਰੂਕ ਕਰਨਾ ਹੈ ਤੇ ਅਸੀਂ ਇਸ ਉੱਪਰ ਲਗਾਤਰ ਕੰਮ ਕਰ ਰਹੇ ਹਾਂ। ਲਗਾਤਾਰ ਸਾਈਕਲਿੰਗ ਨਾਲ ਜਿੱਥੇ ਸਰੀਰਕ ਤੇ ਮਾਨਸਿਕ ਸਿਹਤ ਪੱਖੋ ਇਨਸਾਨ ਫਿੱਟ ਰਹਿੰਦਾ ਹੈ, ਉੱਥੇ ਆਰਥਿਕ ਤੇ ਸਮਾਜਿਕ ਤੌਰ 'ਤੇ ਵੀ ਇਹ ਬਹੁਤ ਫ਼ਾਇਦੇਮੰਦ ਹੈ।ਉਨ੍ਹਾਂ ਸੁਰੱਖਿਅਤ ਸਾਈਕਲਿੰਗ 'ਤੇ ਵੀ ਜ਼ੋਰ ਦਿੱਤਾ ਤੇ ਖਾਸ ਤੌਰ 'ਤੇ ਮਾਨਸਾ ਜ਼ਿਲ੍ਹੇ ਦੇ ਹਰ ਇੱਕ ਇਨਸਾਨ ਨੂੰ ਸਾਈਕਲਿੰਗ ਨਾਲ ਜੁੜਨ ਦੀ ਬੇਨਤੀ ਕੀਤੀ।ਈਕੋ ਵ੍ਹੀਲਰ ਸਾਈਕਲ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਈਕੋ ਵ੍ਹੀਲਰ ਸਾਈਕਲ ਕਲੱਬ ਹਰ ਸਾਲ ਵਰਲਡ ਬਾਈ ਸਾਈਕਲ ਡੇਅ ਮਨਾਉਂਦਾ ਹੈ। ਇਸ ਦਿਨ ਸਾਰੇ ਹੀ ਮੈਂਬਰ ਪੂਰੇ ਡਰੈੱਸ ਕੋਡ 'ਚ ਸ਼ਾਮਲ ਹੁੰਦੇ ਨੇ। ਉਨ੍ਹਾਂ ਕਿਹਾ ਕਿ ਈਕੋ ਵ੍ਹੀਲਰ ਸਾਈਕਲ ਕਲੱਬ ਪੰਜਾਬ ਦਾ ਮੋਹਰੀ ਸਾਈਕਲ ਕਲੱਬ ਹੈ, ਜਿਸ ਦੇ ਕਈ ਮੈਂਬਰਾਂ ਨੇ ਐਸ ਆਰ ਅੱਠ-ਅੱਠ ਵਾਰ ਹਜ਼ਾਰ ਕਿਲੋਮੀਟਰ ਬਾਰਾਂ ਸੌ ਕਿਲੋਮੀਟਰ ਲਾ ਕੇ ਈਕੋ ਵ੍ਹੀਲਰ ਦਾ ਨਾਂਅ ਰੌਸ਼ਨ ਕੀਤਾ ਹੈ।ਈਕੋ ਵ੍ਹੀਲਰ ਸਾਈਕਲ ਕਲੱਬ ਦੇ ਵਾਈਸ ਪ੍ਰਧਾਨ ਬਲਜੀਤ ਸਿੰਘ ਨੇ ਕਿਹਾ ਕਿ ਈਕੋ ਵ੍ਹੀਲਰ ਸਾਈਕਲ ਕਲੱਬ ਦਾ ਮੈਂਬਰ ਹੋਣਾ ਹੀ ਆਪਣੇ ਆਪ 'ਚ ਬਹੁਤ ਵੱਡੀ ਉਪਲਬਧੀ ਹੈ, ਇਸ ਕਲੱਬ ਦੇ ਮੈਂਬਰ ਹਰ ਸਮੇਂ ਲੋਕਾਂ ਨੂੰ ਸਾਈਕਲਿੰਗ ਪ੍ਰਤੀ ਜਾਗਰੂਕ ਕਰਦੇ ਰਹਿੰਦੇ ਹਨ, ਇਹੀ ਵਰਲਡ ਬਾਈ ਸਾਈਕਲ ਡੇਅ ਬਣਾਉਣਾ ਸਾਡਾ ਮੱਕਸਦ ਹੈ। ਇਸ ਮੌਕੇ ਸਨਾਵਰ ਸਕੂਲ ਦੇ ਪ੍ਰਧਾਨ ਬਲਜੀਤ ਬੱਲੀ ਨੇ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਈਕੋ ਵ੍ਹੀਲਰ ਸਾਈਕਲ ਕਲੱਬ ਨੇ ਵਰਲਡ ਬਾਈ ਸਾਈਕਲ ਡੇਅ ਬਣਾਉਣ ਲਈ ਸਾਡੇ ਸਕੂਲ ਨੂੰ ਚੁਣਿਆ ਇਸ ਮੌਕੇ ਤੇ ਕੇਕ ਕੱਟ ਕੇ ਵਰਲਡ ਬਾਈ ਸਾਈਕਲ ਡੇਅ ਬਣਾਇਆ ਗਿਆ। ਇਸ ਮੌਕੇ ਈਕੋ ਵ੍ਹੀਲਰ ਸਾਈਕਲ ਕਲੱਬ ਦੇ ਲਗਭਗ ਪੰਜਾਹ ਦੇ ਕਰੀਬ ਮੈਂਬਰ ਸਨਾਵਰ ਸਕੂਲ ਭੋਪਾਲ ਦੀ ਮੈਨੇਜਮੈਂਟ ਕਮੇਟੀ ਤੇ ਭੋਪਾਲ ਦੇ ਪਿੰਡ ਵਾਸੀ ਹਾਜ਼ਰ ਸਨ।

# ਫਾਟਕ ਬੰਦ ਰਹਿਣ ਕਾਰਨ ਲੋਕਾਂ ਦੇ ਨੱਕ 'ਚ ਆਇਆ ਦਮ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਉਦੇਕਰਨ ਦੇ ਰੇਲਵੇ ਫਾਟਕ ਦਾ ਲੰਬਾ ਸਮਾਂ ਬੰਦ ਰਹਿਣ ਕਾਰਨ ਸਥਾਨਕ ਨਿਵਾਸੀ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਦਾ ਨੱਕ ਵਿੱਚ ਦਮ ਆਇਆ ਰਹਿੰਦਾ ਹੈ।ਸਥਾਨਕ ਨਿਵਾਸੀਆਂ ਤੇ ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਦੱਸਿਆ ਕਿ ਬੇਸ਼ੱਕ ਰੇਲਵੇ ਵਿਭਾਗ ਦੇ ਨਿਯਮਾਂ ਅਨੁਸਾਰ ਰੇਲ ਗੱਡੀ ਆਉਣ ਤੋਂ ਪਹਿਲਾਂ ਫਾਟਕ ਲਾਉਣਾ ਲਾਜ਼ਮੀ ਹੈ ਤੇ ਅਸੀਂ ਸਭ ਇਸ ਦੇ ਹੱਕ ਵਿੱਚ ਹਾਂ ਪ੍ਰੰਤੂ ਫਾਟਕ ਲਾਉਣ ਦਾ ਸਮਾਂ ਨਿਸਚਿਤ ਹੋਣਾ ਜ਼ਰੂਰੀ ਹੈ, ਜਦਕਿ ਪਿੰਡ ਉਦੇਕਰਨ ਦਾ ਫਾਟਕ ਰੇਲ ਗੱਡੀਆਂ ਆਉਣ ਤੋਂ ਲੰਬਾ ਸਮਾਂ ਪਹਿਲਾਂ ਲਾ ਦਿੱਤਾ ਜਾਂਦਾ ਹੈ, ਜਿਸ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਵਿੱਚ ਖੱਜਲ ਹੋਣਾ ਪੈਂਦਾ ਹੈ।ਉਨ੍ਹਾਂ ਆਖਿਆ ਕਿ ਰਾਹਗੀਰਾਂ ਨੇ ਵਾਰ-ਵਾਰ ਇਸ ਫਾਟਕ ਉਪਰ ਡਿਊਟੀ ਦੇ ਰਹੇ ਕ੍ਰਮਚਾਰੀਆਂ ਨੂੰ ਫਾਟਕ ਸਹੀ ਸਮੇਂ ਸਿਰ ਬੰਦ ਕਰਨ ਦੀ ਗੁਹਾਰ ਕੀਤੀ ਹੈ ਪ੍ਰੰਤੂ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ।ਸੰਧੂ ਨੇ ਦੱਸਿਆ ਕਿ ਪਿੰਡਾਂ ਦੇ ਲੋਕ ਹੁਣ ਮਜਬੂਰ ਹੋ ਕੇ ਰੇਲਵੇ ਦੇ ਉੱਚ ਅਧਿਕਾਰੀਆਂ ਪਾਸ ਆਪਣੀ ਇਸ ਸਮੱਸਿਆ ਦੇ ਹੱਲ ਲਈ ਚਾਰਾਜੋਈ ਕਰਨਗੇ।

# ਵੋਟਾਂ ਦੀ ਗਿਣਤੀ ਲਈ ਸਾਰੇ ਪ੍ਰਬੰਧ ਮੁਕੰਮਲ : ਧੀਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-1 ਜੂਨ 2024 ਨੂੰ ਹੋਈਆਂ ਲੋਕ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਲਈ ਲੋਕ ਸਭਾ ਹਲਕਾ 10- ਫ਼ਿਰੋਜ਼ਪੁਰ ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ ਦੀਆਂ ਵੋਟਾਂ ਦੀ ਗਿਣਤੀ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਲਈ ਚੋਣ ਕਮਿਸ਼ਨ ਵੱਲੋਂ ਨਿਯੁਕਤ ਨਿਗਰਾਨ ਵੀ ਪਹੁੰਚ ਚੁੱਕੇ ਹਨ।ਇਹ ਪ੍ਰਗਟਾਵਾ ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ 10-ਫ਼ਿਰੋਜ਼ਪੁਰ-ਕਮ-ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਜੇਸ਼ ਧੀਮਾਨ ਨੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਤੋਂ ਵੋਟਾਂ ਦੀ ਗਿਣਤੀ ਲਈ ਕੀਤੇ ਗਏ ਪ੍ਰਬੰਧਾਂ ਦੀ ਸਮੀਖਿਆ ਕਰਨ ਉਪਰੰਤ ਕੀਤਾ।ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਾਂ ਦੀ ਗਿਣਤੀ ਲਈ ਸੁਰੱਖਿਆ ਸਮੇਤ ਸਾਰੇ ਪ੍ਰਬੰਧਾਂ ਨੂੰ ਮੁਕੰਮਲ ਕਰ ਲਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ 10-ਫ਼ਿਰੋਜ਼ਪੁਰ ਵਿੱਚ ਆਉਂਦੇ ਫ਼ਿਰੋਜ਼ਪੁਰ ਸ਼ਹਿਰੀ-76 ਹਲਕੇ ਦੀਆਂ ਵੋਟਾਂ ਦੀ ਗਿਣਤੀ ਮਨੋਹਰ ਲਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਫ਼ਿਰੋਜ਼ਪੁਰ ਛਾਉਣੀ ਦੇ ਮੇਨ ਹਾਲ ਵਿਖੇ, ਹਲਕਾ ਫ਼ਿਰੋਜ਼ਪੁਰ ਦਿਹਾਤੀ-77 ਦੀਆਂ ਵੋਟਾਂ ਦੀ ਗਿਣਤੀ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਬਲਾਕ-ਡੀ ਵਿਖੇ, ਹਲਕਾ ਗੁਰੂ ਹਰਸਹਾਏ-78 ਦੀਆਂ ਵੋਟਾਂ ਦੀ ਗਿਣਤੀ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਬਲਾਕ-ਈ ਵਿਖੇ, ਹਲਕਾ ਜਲਾਲਾਬਾਦ-79 ਦੀਆਂ ਵੋਟਾਂ ਦੀ ਗਿਣਤੀ ਬੈਡਮਿੰਟਨ ਹਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸਿਵਲ ਲਾਈਨਜ਼ ਫ਼ਾਜ਼ਿਲਕਾ ਵਿਖੇ, ਹਲਕਾ ਫ਼ਾਜ਼ਿਲਕਾ-80 ਦੀਆਂ ਵੋਟਾਂ ਦੀ ਗਿਣਤੀ ਆਡੀਟੋਰੀਅਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸਿਵਲ ਲਾਈਨਜ਼ ਫ਼ਾਜ਼ਿਲਕਾ ਵਿਖੇ, ਹਲਕਾ ਅਬੋਹਰ-81 ਦੀਆਂ ਵੋਟਾਂ ਦੀ ਗਿਣਤੀ ਡੀਏਵੀ ਬੀ. ਐੱਡ ਕਾਲਜ ਅਬੋਹਰ ਵਿਖੇ, ਹਲਕਾ ਬੱਲੂਆਣਾ-82 ਦੀਆਂ ਵੋਟਾਂ ਦੀ ਗਿਣਤੀ ਆਡੀਟੋਰੀਅਮ ਹਾਲ ਡੀ.ਏ.ਵੀ. ਕਾਲਜ ਅਬੋਹਰ ਵਿਖੇ, ਮਲੋਟ-85 ਦੀਆਂ ਵੋਟਾਂ ਦੀ ਗਿਣਤੀ ਸੀਆਰਸੀ ਬਿਲਡਿੰਗ, ਬਲੈਕ ਰੋਜ਼ ਕਲੱਬ ਪੁੱਡਾ ਕਲੋਨੀ ਮਲੋਟ ਤੇ ਮੁਕਤਸਰ-86 ਦੀਆਂ ਵੋਟਾਂ ਦੀ ਗਿਣਤੀ ਸੀ.ਆਰ.ਸੀ. ਬਿਲਡਿੰਗ, ਬਲੈਕ ਰੋਜ਼ ਕਲੱਬ ਪੁਡਾ ਕਲੋਨੀ ਮਲੋਟ ਵਿਖੇ ਹੋਵੇਗੀ।ਇਸੇ ਤਰ੍ਹਾਂ ਲੋਕ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਹਲਕਾ ਜ਼ੀਰਾ-75 ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਕਾਲਜ ਮੋਹਕਮ ਖਾਂ ਵਾਲਾ ਵਿਖੇ ਹੋਵੇਗੀ।ਉਨ੍ਹਾਂ ਕਿਹਾ ਕਿ ਗਿਣਤੀ ਕੇਂਦਰਾਂ ਵਿੱਚ ਮੀਡੀਆ ਦੀ ਜਾਣਕਾਰੀ ਲਈ ਮੀਡੀਆ ਸੈਂਟਰ ਸਥਾਪਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਮੀਡੀਆ ਕਰਮੀਆਂ ਲਈ ਮੀਡੀਆ ਸੈਂਟਰ ਵਿੱਚ ਮੋਬਾਇਲ ਫੋਨ ਲਿਜਾਣ ਦੀ ਖੁੱਲ੍ਹ ਹੋਵੇਗੀ, ਜਦੋਂਕਿ ਕਾਉਂਟਿੰਗ ਸੈਂਟਰਾਂ ਵਿੱਚ ਮੀਡੀਆ ਕਰਮੀ ਜਾਂ ਕੋਈ ਵੀ ਅਧਿਕਾਰੀ ਆਪਣਾ ਮੋਬਾਇਲ ਫ਼ੋਨ ਨਹੀਂ ਲਿਜਾ ਸਕੇਗਾ। ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਲਈ ਮੀਡੀਆ ਦੇ ਨੁਮਾਇੰਦੇ ਵੀਡਿਓ/ਸਟਿੱਲ ਕੈਮਰੇ ਦੀ ਵਰਤੋਂ ਕਰ ਸਕਣਗੇ।ਉਨ੍ਹਾਂ ਦੱਸਿਆ ਕਿ ਸਾਰੇ ਗਿਣਤੀ ਕੇਂਦਰਾਂ ਵਿੱਚ ਪੋਟਸਲ ਬੈਲਟ ਪੇਪਰ ਕਾਊਂਟਿੰਗ, ਰਾਊਂਡ ਵਾਈਜ਼ ਵੋਟਾਂ ਬਾਰੇ ਜਾਣਕਾਰੀ ਦੇਣ ਲਈ ਐਡਰੈਸਲ ਸਿਸਟਮ, ਕਾਊਂਟਿੰਗ ਟੇਬਲ, ਕਾਊਂਟਿੰਗ ਟੀਮਾਂ, ਕਾਊਂਟਿੰਗ ਏਜੰਟਾਂ, ਵੀਡਿਓਗ੍ਰਾਫੀ, ਲਾਅ ਤੇ ਆਰਡਰ ਟੀਮਾਂ, ਕਾਊਂਟਿੰਗ ਸਟਾਫ ਨੂੰ ਟ੍ਰੇਨਿੰਗ ਸਮੇਤ ਵੋਟਾਂ ਦੀ ਗਿਣਤੀ ਦੇ ਹਰੇਕ ਪਹਿਲੂ ਬਾਰੇ ਸਬੰਧਤ ਆਰ ਓ ਤੋਂ ਜਾਣਕਾਰੀ ਲੈ ਲਈ ਗਈ ਹੈ ਅਤੇ ਸਾਰੇ ਹੀ ਗਿਣਤੀ ਕੇਂਦਰਾਂ ਵਿੱਚ ਵੋਟਾਂ ਦੀ ਗਿਣਤੀ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਉਨ੍ਹਾਂ ਸਮੂਹ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਵੋਟਾਂ ਦੀ ਗਿਣਤੀ ਵਾਲੇ ਦਿਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੇ ਵੋਟਾਂ ਦੀ ਗਿਣਤੀ ਵਿੱਚ ਲੱਗੇ ਸਮੂਹ ਸਟਾਫ਼ ਨੂੰ ਪਹਿਲਾਂ ਵਾਂਗ ਸਹਿਯੋਗ ਦੇਣ ਤਾਂ ਜੋ ਗਿਣਤੀ ਦੇ ਅਮਲ ਨੂੰ ਸਫਲਤਾਪੂਰਵਕ ਪੂਰਾ ਕੀਤਾ ਜਾ ਸਕੇ।

# ਗਿਣਤੀ ਕੇਂਦਰ ਦੇ 100 ਮੀਟਰ ਦੇ ਘੇਰੇ ਨੂੰ 'ਨੋ ਵਹੀਕਲ ਜ਼ੋਨ' ਐਲਾਨਿਆ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਜ਼ਿਲ੍ਹਾ ਮੈਜਿਸਟਰੇਟ ਹਰਪ੍ਰੀਤ ਸਿੰਘ ਸੂਦਨ, ਆਈ.ਏ.ਐਸ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗਿਣਤੀ ਵਾਲੇ ਸਥਾਨ ਬਲੈਕ ਰੋਜ਼ ਕਲੱਬ (ਹਾਲ) ਸੀ.ਆਰ.ਸੀ. ਬਿਲਡਿੰਗ ਪੁੱਡਾ ਕਲੋਨੀ, ਮਲੋਟ ਦੇ 100 ਮੀਟਰ ਦੇ ਘੇਰੇ ਨੂੰ 'ਨੋ ਵਹੀਕਲ ਜੋਨ' ਘੋਸ਼ਿਤ ਕੀਤਾ ਹੈ ਤੇ ਇਸ ਗਿਣਤੀ ਵਾਲੇ ਸਥਾਨ ਦੇ 100 ਮੀਟਰ ਦੇ ਘੇਰੇ ਅੰਦਰ ਕਿਸੇ ਵੀ ਪ੍ਰਕਾਰ ਦੇ ਪ੍ਰਾਈਵੇਟ ਵਹੀਕਲ ਦੇ ਆਉਣ 'ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। 04 ਜੂਨ ਨੂੰ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਵਿੱਚ ਪੈਂਦੇ ਵਿਧਾਨ ਸਭਾ ਹਲਕਾ-085 ਅਤੇ ਵਿਧਾਨ ਸਭਾ ਹਲਕਾ-086 ਲਈ ਵੋਟਾਂ ਦੀ ਗਿਣਤੀ ਦੇ ਮਹੱਤਵਪੂਰਨ ਕੰਮ ਨੂੰ ਨਿਰਵਿਘਨ ਤੇ ਸ਼ਾਂਤੀਪੂਰਵਕ ਢੰਗ ਨਾਲ ਨਿਪਟਾਉਣ ਲਈ ਗਿਣਤੀ ਵਾਲੇ ਸਥਾਨ ਬਲੈਕ ਰੋਜ਼ ਕਲੱਬ (ਹਾਲ) ਸੀ.ਆਰ.ਸੀ. ਬਿਲਡਿੰਗ ਪੁੱਡਾ ਕਲੋਨੀ, ਮਲੋਟ ਦੇ 100 ਮੀਟਰ ਦੇ ਘੇਰੇ ਨੂੰ 'ਨੋ ਵਹੀਕਲ ਜੋਨ' ਘੋਸ਼ਿਤ ਕਰਨਾ ਜ਼ਰੂਰੀ ਹੈ ਤਾਂ ਜੁ ਕਿਸੇ ਕਿਸਮ ਦੀ ਘਟਨਾ ਨਾ ਵਾਪਰੇ ਅਤੇ ਵੋਟਾਂ ਦੀ ਗਿਣਤੀ ਦਾ ਕੰਮ ਨਿਰਵਿਘਨ ਚੱਲ ਸਕੇ।

# ਮਾਤਾ ਹਰਭਜਨ ਕੌਰ ਵੜੈਚ ਨੂੰ ਸ਼ਰਧਾਂਜਲੀਆਂ ਭੇਟ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਸਰਪੰਚ ਭਗਵੰਤ ਸਿੰਘ ਸ਼ਤਰਾਣਾ ਦੀ ਸੱਸ ਸਵਰਗੀ ਮਾਤਾ ਹਰਭਜਨ ਕੌਰ ਵੜੈਚ ਨੂੰ ਸਮਰਪਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਗੁਰਦੁਆਰਾ ਨਾਮ ਜਪੁ ਸਾਹਿਬ ਸ਼ੁਤਰਾਣਾ ਵਿਖੇ ਹੋਇਆ। ਸਮਾਗਮ ਦੌਰਾਨ ਕਥਾਵਾਚਕ ਭਾਈ ਕਾਬਲ ਸਿੰਘ ਨੇ ਗੁਰਬਾਣੀ ਕਥਾ ਵਿਚਾਰਾਂ ਸਾਂਝੀਆਂ ਕੀਤੀਆਂ।ਅੰਤਮ ਅਰਦਾਸ ਉਪਰੰਤ ਵੱਖ-ਵੱਖ ਰਾਜਨੀਤਕ ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਵਿਛੜੀ ਹੋਈ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼ਰਧਾਂਜਲੀ ਸਮਾਗਮ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਜਦੇਵ ਸਿੰਘ ਖ਼ਾਲਸਾ ਸਾਬਕਾ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਅਜੋਕੇ ਸਮੇਂ ਦੌਰਾਨ ਜਦੋਂ ਸਮਾਜਿਕ ਕਦਰਾਂ ਕੀਮਤਾਂ ਚਕਨਾਚੂਰ ਹੋ ਰਹੀਆਂ ਹਨ। ਉਸ ਸਮੇਂ ਮਾਤਾ ਹਰਭਜਨ ਕੌਰ ਵਰਗੀ ਧਾਰਮਿਕ ਸ਼ਖ਼ਸੀਅਤ ਦੇ ਜੀਵਨ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਗੁਰੂਆਂ ਪੀਰਾਂ ਦੀ ਧਰਤੀ ਉੱਤੇ ਮਾਪਿਆਂ ਦੀ ਬੇਕਦਰੀ ਕਾਰਨ ਬਿਰਧ ਆਸ਼ਰਮ ਖੁੱਲ੍ਹ ਰਹੇ ਹਨ।ਸੀਨੀਅਰ ਅਕਾਲੀ ਆਗੂ ਡਾਕਟਰ ਬਹਾਦਰ ਸਿੰਘ ਘੱਗਾ ਨੇ ਕਿਹਾ ਕਿ ਮਾਤਾ ਜੀ ਨਾ ਇਹ ਸਿਰਫ਼ ਧਾਰਮਿਕ ਸਨ, ਸਗੋਂ ਸਮਾਜਿਕ ਕੰਮਾਂ ਕਾਜਾਂ ਵਿੱਚ ਵੀ ਉਨ੍ਹਾਂ ਦਾ ਜੀਵਨ ਲਾ ਮਿਸਾਲ ਸੀ। ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਨੇ ਕਿਹਾ ਕਿ ਚੰਗੇ ਸੰਸਕਾਰਾਂ ਨਾਲ ਹੀ ਚੰਗੇ ਪਰਵਾਰਾਂ ਦੀ ਸਿਰਜਣਾ ਹੁੰਦੀ ਹੈ ਅਤੇ ਸਰਦਾਰ ਭਗਵੰਤ ਸਿੰਘ ਦਾ ਪਰਵਾਰ ਮਾਤਾ ਦੇ ਚੰਗੇ ਸੰਸਕਾਰਾਂ ਦੀ ਦੇਣ ਹੈ।ਸ਼ਰਧਾਂਜਲੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਕਬੀਰ ਦਾਸ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਸ਼ੁਤਰਾਣਾ, ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ, ਯੂਥ ਅਕਾਲੀ ਦਲ ਦੇ ਪੀਏਸੀ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ, ਸਾਬਕਾ ਵਿਧਾਇਕ ਆ ਬੀਬੀ ਵਨਿੰਦਰ ਕੌਰ ਲੂੰਬਾ ਦੇ ਸਪੁੱਤਰ ਸਿਮਰਨ ਸਿੰਘ ਐਡਵੋਕੇਟ, ਗੁਰਪਾਲ ਸਿੰਘ ਮੋਹਾਲੀ, ਕੁਲਵੰਤ ਸਿੰਘ ਕੀਤੂ ਹਲਕਾ ਇੰਚਾਰਜ ਬਰਨਾਲਾ, ਰਾਜ ਸਿੰਘ ਝੱਬਰ, ਸਤਿੰਦਰ ਸਿੰਘ ਚੱਠਾ ਚੇਅਰਮੈਨ ਕੰਟਰੈਕਟਰ ਐਂਡ ਵੇਅਰ ਹਾਊਸਿੰਗ ਪੰਜਾਬ ਗੁਰਪ੍ਰੀਤ ਸਿੰਘ ਗੋਪੀ ਧਨੌਲਾ, ਨਿਰਮਲ ਸਿੰਘ ਖੁੱਡੀ ਕਲਾਂ, ਯਾਦਵਿੰਦਰ ਸਿੰਘ ਨਿਆਲ, ਤਰਸੇਮ ਸ਼ਰਮਾ ਹਾਮਝੇੜੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਾਜਨੀਤਿਕ ਧਾਰਮਿਕ ਅਤੇ ਸਮਾਜਿਕ ਸ਼ਖਸ਼ੀਅਤਾਂ ਦੇ ਨਾਲ-ਨਾਲ ਪਰਵਾਰਕ ਰਿਸ਼ਤੇਦਾਰਾਂ ਨੇ ਦੁੱਖ ਸਾਂਝਾ ਕੀਤਾ। ਸਾਬਕਾ ਸਰਪੰਚ ਭਗਵੰਤ ਸਿੰਘ ਨੇ ਆਈ ਹੋਈ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਅੱਜ ਹੋਵੇਗੀ ਗਿਣਤੀ, ਪੂਰੇ ਸੂਬੇ 'ਚ ਬਣਾਏ ਗਏ 91 ਚੋਣ ਕੇਂਦਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਹਰਿਆਣਾ ਵਿਚ ਲੋਕ ਸਭਾ ਆਮ ਚੋਣਾਂ -2024 ਅਤੇ ਕਰਨਾਲ ਵਿਧਾਨ ਸਭਾ ਜਿਮਨੀ ਚੋਣ ਦੇ ਲਈ ਹੋਏ ਚੋਣ ਦੀ ਗਿਣਤੀ ਭਲਕੇ 4 ਜੂਨ ਨੂੰ 8 ਵਜੇ ਤੋਂ ਸ਼ੁਰੂ ਹੋ ਜਾਵੇਗੀ। ਇਸ ਦੇ ਲਈ ਸੂਬੇ ਵਿਚ ਕੁੱਲ 91 ਚੋਣ ਕੇਂਦਰ ਬਣਾਏ ਗਏ ਹਨ, ਰਿਟਰਨਿੰਗ ਅਧਿਕਾਰੀ ਦੇ ਗਿਣਤੀ ਕੇਂਦਰ 'ਤੇ ਪੋਸਟਲ ਬੈਲੇਟ ਦੀ ਗਿਣਤੀ ਈਵੀਐਮ ਗਿਣਤੀ ਤੋਂ ਪਹਿਲਾਂ ਸ਼ੁਰੂ ਕੀਤੀ ਜਾਵੇਗੀ। ਪੰਜ ਰੈਂਡਮਲੀ ਚੋਣ ਕੀਤੇ ਵੀਵੀਪੈਟ ਦੀ ਪਰਚੀਆਂ ਦਾ ਮਿਲਾਨ ਗਿਣਤੀ ਏਜੰਟਾਂ ਦੇ ਸਾਹਮਣੇ ਕੀਤਾ ਜਾਵੇਗਾ।ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੀਡੀਆ ਪਰਸਨਸ ਦੀ ਸਹੂਲਤ ਦੇ ਲਈ ਹਰੇਕ ਗਿਣਤੀ ਕੇਂਦਰ 'ਤੇ ਮੀਡੀਆ ਸੈਂਟਰ ਬਣਾਏ ਗਏ ਹਨ। ਇਸ ਤੋਂ ਇਲਾਵਾ, ਮੁੱਖ ਚੋਣ ਅਧਿਕਾਰੀ ਦਫਤਰ, ਚੰਡੀਗੜ੍ਹ ਵਿਚ ਵੀ ਵੱਖ ਤੋਂ ਮੀਡੀਆ ਸੈਂਟਰ ਬਣਾਇਆ ਗਿਆ ਹੈ।ਉਨ੍ਹਾਂ ਨੇ ਕਿਹਾ ਕਿ ਲੋਕਾਂ ਨੇ ਹੀਟ ਵੇਵ ਦੇ ਬਾਵਜੂਦ ਵੱਧ-ਚੜ੍ਹ ਕੇ ਵੀ ਆਪਣੀ ਵੋਟ ਅਧਿਕਾਰ ਦੀ ਵਰਤੋਂ ਕੀਤੀ। ਹਰਿਆਣਾ ਵਿਚ ਚੋਣ ਫੀਸਦੀ 64.80 ਫੀਸਦੀ ਦਰਜ ਕੀਤਾ ਗਿਆ। ਇਸ ਦੇ ਲਈ ਉਨ੍ਹਾਂ ਨੇ ਸੂਬੇ ਦੇ ਵੋਟਰਾਂ ਦਾ ਧੰਨਵਾਦ ਪ੍ਰਗਟਾਇਆ। ਅਗਰਵਾਲ ਨੇ ਦਸਿਆ ਕਿ ਗਿਣਤੀ ਪ੍ਰਕ੍ਰਿਆ ਨੂੰ ਕੁਸ਼ਲਤਾਪੂਰਵਕ ਅਤੇ ਸ਼ਾਂਤੀਪੂਰਵਕ ਸਪੰਨ ਕਰਾਉਣ ਦੇ ਲਈ ਸਾਰੀ ਜਰੂਰੀ ਤਿਆਰੀਆਂ ਕਰ ਲਈਆਂ ਗਈਆਂ ਹਨ। ਭਾਰਤ ਚੋਣ ਕਮਿਸ਼ਨ ਨੇ ਗਿਣਤੀ ਪ੍ਰਕ੍ਰਿਆ ਦੀ ਨਿਗਰਾਨੀ ਦੇ ਲਈ ਸਾਰੀ ਗਿਣਤੀ ਕੇਂਦਰਾਂ 'ਤੇ ਗਿਣਤੀ ਓਬਜਰਵਰਸ ਦੀ ਨਿਯੁਕਤੀ ਕੀਤੀ ਹੈ। ਉਨ੍ਹਾਂ ਨੇ ਦਸਿਆ ਕਿ ਗਿਣਤੀ ਨਾਲ ਸਬੰਧਿਤ ਕਿਸੇ ਵੀ ਜਾਣਕਾਰੀ ਜਾਂ ਸ਼ਿਕਾਇਤ ਦੇ ਲਈ ਟੋਲ ਫਰੀ ਨੰਬਰ 0172-1950 ਕੰਟਰੋਲ ਰੂਮ ਟੈਲੀਫੋਨ 0172-2701362 ਅਤੇ ਈਮੇਲ ry_elect@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਗਰਵਾਲ ਨੇ ਕਿਹਾ ਕਿ ਵੋਟਾਂ ਦੀ ਰਿਕਾਰਡਿੰਗ ਜਾਂ ਗਿਣਤੀ ਵਿਚ ਸ਼ਾਮਿਲ ਹਰੇਕ ਅਧਿਕਾਰੀ, ਕਲਰਕ, ਏਜੰਟ ਜਾਂ ਹੋਰ ਵਿਅਕਤੀਆਂ ਨੂੰ ਚੋਣ ਦੀ ਗੁਪਤਤਾ ਬਣਾਏ ਬੱਖਣੀ ਹੋਵੇਗੀ।

ਇਸ ਦਾ ਉਲੰਘਣ ਕਰਨ ਲੋਕ ਪ੍ਰਤੀਨਿਧੀਤਵ ਐਕਟ, 1951 ਦੀ ਧਾਰਾ 128 ਦੇ ਤਹਿਤ ਅਪਰਾਧ ਮੰਨਿਆ ਜਾਵੇਗਾ ਅਤੇ ਇਸ ਦੇ ਲਈ 3 ਮਹੀਨੇ ਤਕ ਦੀ ਕੈਦ, ਜੁਰਮਾਨਾ ਜਾਂ ਦੋਵਾਂ ਸਜਾਵਾਂ ਹੋ ਸਕਦੀ ਹੈ।ਉਨ੍ਹਾਂ ਨੇ ਕਿਹਾ ਕਿ ਚੋਣ ਸੰਚਾਲਨ ਨਾਲ ਜੁੜਿਆ ਕੋਈ ਵੀ ਅਧਿਕਾਰੀ (ਚੋਣ ਤੋਂ ਇਲਾਵਾ) ਅਜਿਹਾ ਕੋਈ ਕੰਮ ਨਹੀਂ ਕਰੇਗਾ, ਜਿਸ ਨਾਲ ਕਿਸੇ ਉਮੀਦਵਾਰ ਦੇ ਚੋਣ ਜਿੱਤਣ ਦੀ ਸੰਭਾਵਨਾ ਵਧੇ। ਲੋਕ ਪ੍ਰਤੀਨਿਧੀਤਵ ਐਕਟ, 1951 ਦੀ ਧਾਰਾ 129 ਦੇ ਤਹਿਤ ਉਲੰਘਣ ਕਰਨ 'ਤੇ 6 ਮਹੀਨੇ ਤਕ ਦੀ ਕੈਦ, ਜੁਰਮਾਨਾ ਜਾਂ ਦੋਨੋਂ ਸਜਾਵਾਂ ਹੋ ਸਕਦੀ ਹੈ। ਕੋਈ ਵੀ ਵਿਅਕਤੀ ਜੋ ਬਿਨਾ ਕਿਸੇ ਸਹੀ ਕਾਰਨ ਦੇ ਚੋਣ ਦੇ ਸਬੰਧ ਵਿਚ ਆਪਣੇ ਅਧਿਕਾਰਕ ਜਿਮੇਵਾਰੀ ਦਾ ਉਲੰਘਣ ਕਰਦਾ ਹੈ, ਉਸ 'ਤੇ ਲੋਕ ਪ੍ਰਤੀਨਿਧੀਵਤ ਐਕਟ, 1951 ਦੀ ਧਾਰਾ 134 ਤਹਿਤ 500 ਰੁਪਏ ਤਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।ਅਗਰਵਾਲ ਨੇ ਦਸਿਆ ਕਿ ਸਰਕਾਰੀ ਸੇਵਾ ਵਿਚ ਕੋਈ ਵੀ ਵਿਅਕਤੀ ਜੋ ਕਿਸੇ ਉਮੀਦਵਾਰ ਦੇ ਚੋਣ ਏਜੰਟ, ਚੋਣ ਏਜੰਟ ਜਾਂ ਗਿਣਤੀ ਏਜੰਟ ਵਜੋ ਕੰਮ ਕਰਦਾ ਹੈ, ਉਸ ਨੂੰ ਲੋਕ ਪ੍ਰਤੀਨਿਧੀਤਵ ਐਕਟ, 1951 ਦੀ ਧਾਰਾ 134ਏ ਦੇ ਤਹਿਤ ਸਜਾ ਦਿੱਤੀ ਜਾ ਸਕਦੀ ਹੈ, ਜਿਸ ਵਿਚ 3 ਮਹੀਨੇ ਤਕ ਦੀ ਕੈਦ, ਜੁਰਮਾਨਾ ਜਾਂ ਦੋਵਾਂ ਸਜਾਵਾਂ ਸ਼ਾਮਿਲ ਹਨ। ਉਨ੍ਹਾਂ ਨੇ ਕਿਹਾ ਕਿ ਨਿਰਪੱਖ ਅਤੇ ਪਾਰਦਰਸ਼ੀ ਗਿਣਤੀ ਪ੍ਰਕ੍ਰਿਆ ਯਕੀਨੀ ਕਰਨ ਲਈ ਇੰਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਸਖਤੀ ਨਾਲ ਪਾਲਣ ਯਕੀਨੀ ਕੀਤਾ ਜਾਵੇ।

# ਡਿਪਟੀ ਕਮਿਸ਼ਨਰ ਵੱਲੋਂ ਗਿਣਤੀ ਕੇਂਦਰਾਂ ਦਾ ਦੌਰਾ, ਈ ਵੀ ਐੱਮਜ਼ ਦੀ ਸੁਰੱਖਿਆ ਦਾ ਲਿਆ ਜਾਇਜ਼ਾ



**ਜਲੰਧਰ (ਸ਼ੈਲੀ ਐਲਬਰਟ)**: ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਸਥਾਨਕ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ, ਸਟੇਟ ਪਟਵਾਰ ਸਕੂਲ, ਦਫ਼ਤਰ ਡਾਇਰੈਕਟਰ ਲੈਂਡ ਰਿਕਾਰਡ ਅਤੇ ਸਰਕਾਰੀ ਸਪੋਰਟਸ ਸਕੂਲ ਹੋਸਟਲ ਵਿਖੇ ਸਥਾਪਤ ਕੀਤੇ ਗਏ ਗਿਣਤੀ ਕੇਂਦਰਾਂ ਦਾ ਦੌਰਾ ਕੀਤਾ, ਜਿਥੇ ਕੱਲ 4 ਜੂਨ ਨੂੰ ਲੋਕ ਸਭਾ ਹਲਕਾ 04-ਜਲੰਧਰ (ਅ.ਜ) ਦੀ ਚੋਣ ਲਈ ਪਈਆਂ ਵੋਟਾਂ ਦੀ ਗਿਣਤੀ ਹੋਵੇਗੀ।ਡਿਪਟੀ ਕਮਿਸ਼ਨਰ ਨੇ ਸਾਰੇ 9 ਗਿਣਤੀ ਕੇਂਦਰਾਂ ਦਾ ਦੌਰਾ ਕਰਦਿਆਂ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੁੱਚੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸੁਰੱਖਿਆ ਅਤੇ ਵੋਟਾਂ ਦੀ ਗਿਣਤੀ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਅਤੇ ਸਮੁੱਚੀ ਪ੍ਰਕਿਰਿਆ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।ਵੋਟਿੰਗ ਮਸ਼ੀਨਾਂ ਦੀ ਸੁਰੱਖਿਆ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਕਿਹਾ ਕਿ ਈ.ਵੀ.ਐਮ ਅਤੇ ਵੀਵੀ ਪੈਟ ਮਸ਼ੀਨਾਂ ਲਗਾਤਾਰ ਸੀ.ਸੀ.ਟੀ.ਵੀ. ਕੈਮਰਿਆਂ ਦੀ ਨਿਗਰਾਨੀ ਹੇਠ ਹਨ ਅਤੇ ਸੂਬਾ ਪੁਲਿਸ, ਪੰਜਾਬ ਆਰਮਡ ਪੁਲਸ ਅਤੇ ਪੈਰਾ ਮਿਲਟਰੀ ਫੋਰਸ ਵੱਲੋਂ ਵੋਟਿੰਗ ਮਸ਼ੀਨਾਂ ਨੂੰ ਤਿੰਨ-ਪਰਤੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।ਇਸੇ ਤਰ੍ਹਾਂ ਗਿਣਤੀ ਹਾਲਾਂ ਦੇ ਬਾਹਰ ਅਮਨ-ਕਾਨੂੰਨ ਦੀ ਸਥਿਤੀ ਯਕੀਨੀ ਬਣਾਉਣ ਲਈ ਰੈਪਿਡ ਐਕਸ਼ਨ ਫੋਰਸ, ਕੁਇੱਕ ਰਿਸਪਾਂਸ ਟੀਮ ਅਤੇ ਦੰਗਾ ਕੰਟਰੋਲ ਵਾਹਨ ਆਦਿ ਤਾਇਨਾਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਅਮਨ-ਕਾਨੂੰਨ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਣ ਲਈ ਸਖ਼ਤ ਚੌਕਸੀ ਰੱਖੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਤੋਂ ਸਾਰੇ ਗਿਣਤੀ ਹਾਲਾਂ ਵਿੱਚ ਇੱਕੋ ਸਮੇਂ ਹੋਵੇਗੀ।ਉਨ੍ਹਾਂ ਦੱਸਿਆ ਕਿ ਫਿਲੌਰ ਵਿਧਾਨ ਸਭਾ ਹਲਕੇ ਲਈ ਗਿਣਤੀ ਕੇਂਦਰ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਕਪੂਰਥਲਾ ਰੋਡ ਦੀ ਜ਼ਮੀਨੀ ਮੰਜ਼ਿਲ 'ਤੇ ਮੈਸ ਹਾਲ ਵਿੱਚ ਬਣਾਇਆ ਗਿਆ ਹੈ।ਇਸੇ ਤਰ੍ਹਾਂ ਸਟੇਟ ਪਟਵਾਰ ਸਕੂਲ ਦਾ ਹਾਲ ਨੰਬਰ ਦੋ ਵਿਧਾਨ ਸਭਾ ਹਲਕਾ ਨਕੋਦਰ ਦਾ ਗਿਣਤੀ ਕੇਂਦਰ ਹੋਵੇਗਾ। ਦਫ਼ਤਰ, ਡਾਇਰੈਕਟਰ ਲੈਂਡ ਰਿਕਾਰਡ ਸੁਸਾਇਟੀ ਵਿਖੇ ਜ਼ਮੀਨੀ ਮੰਜ਼ਿਲ 'ਤੇ ਹਾਲ ਅਤੇ ਸਪੋਰਟਸ ਕਾਲਜ ਦੇ ਇਨਡੋਰ ਸਟੇਡੀਅਮ ਦੇ ਹਾਲ ਵਿਖੇ ਕ੍ਰਮਵਾਰ ਸ਼ਾਹਕੋਟ ਅਤੇ ਕਰਤਾਰਪੁਰ ਵਿਧਾਨ ਸਭਾ ਹਲਕਿਆਂ ਲਈ ਗਿਣਤੀ ਕੇਂਦਰ ਹੋਣਗੇ।ਇਸ ਤੋਂ ਇਲਾਵਾ ਸਪੋਰਟਸ ਕਾਲਜ ਦੇ ਜਿਮਨੇਜ਼ੀਅਮ ਹਾਲ ਵਿਖੇ ਜਲੰਧਰ ਪੱਛਮੀ, ਸਟੇਟ ਪਟਵਾਰ ਸਕੂਲ ਦੇ ਹਾਲ ਨੰਬਰ 1 ਵਿੱਚ ਜਲੰਧਰ ਕੇਂਦਰੀ, ਸਪੋਰਟਸ ਸਕੂਲ ਹੋਸਟਲ ਦੇ ਡਾਈਨਿੰਗ ਹਾਲ ਵਿਖੇ ਜਲੰਧਰ ਉੱਤਰੀ, ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ ਦੇ ਪੈਵੀਲੀਅਨ ਹਾਲ ਵਿੱਚ ਜਲੰਧਰ ਛਾਉਣੀ ਅਤੇ ਸਰਕਾਰੀ ਸਪੋਰਟਸ ਕਾਲਜ ਦੇ ਇਨਡੋਰ ਸਟੇਡੀਅਮ ਦੇ ਖੱਬੇ ਪਾਸੇ ਹਾਲ ਵਿੱਚ ਆਦਮਪੁਰ ਹਲਕੇ ਲਈ ਗਿਣਤੀ ਕੇਂਦਰ ਸਥਾਪਤ ਕੀਤੇ ਗਏ ਹਨ।

## ਸ਼ਾਂਤੀਪੂਰਵਕ ਚੋਣਾਂ ਨੇਪਰੇ ਚਾੜ੍ਹਨ 'ਤੇ ਵਿਧਾਇਕ ਰਾਜਾ ਨੇ ਕੀਤਾ ਧੰਨਵਾਦ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਵਿਧਾਨ ਸਭਾ ਹਲਕਾ ਉੜਮੁੜ ਟਾਂਡਾ ਵਿੱਚ ਲੋਕ ਸਭਾ ਚੋਣਾਂ ਨੂੰ ਸ਼ਾਂਤੀ ਪੂਰਵਕ ਨੇਪਰੇ ਚਾੜਨ 'ਤੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਭਨਾਂ ਦਾ ਧੰਨਵਾਦ ਕੀਤਾ ਹੈ। ਰਾਜਾ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫਸਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ, ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਦੀ ਯੋਗ ਅਗਵਾਈ ਅਤੇ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਹੋਈਆਂ ਇਹਨਾਂ ਚੋਣਾਂ ਵਿੱਚ ਇਲਾਕੇ ਦੇ ਕਿਸੇ ਵੀ ਪਿੰਡ ਜਾਂ ਸਥਾਨ ਤੋਂ ਕਿਸੇ ਪ੍ਰਕਾਰ ਦੀ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਜਿਸ ਕਾਰਨ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਤੇ ਇਲਾਕੇ ਦੇ ਸੂਝਵਾਨ ਲੋਕ ਵਧਾਈ ਦੇ ਪਾਤਰ ਹਨ। ਉਹਨਾਂ ਇਸ ਮੌਕੇ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਪੈਰਾ ਮਿਲਟਰੀ ਫੋਰਸਿਸ, ਚੋਣ ਅਮਲੇ, ਚੋਣ ਮਿੱਤਰ, ਜਿਲਾ ਸਵੀਪ ਟੀਮ, ਪਿੰਡਾਂ ਵਿੱਚ ਚੋਣਾਂ ਦੌਰਾਨ ਸਾਰਥਿਕ ਭੂਮਿਕਾ ਨਿਭਾਉਣ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਾਂਤੀਪੂਰਵਕ ਹੋਈਆਂ ਚੋਣਾਂ ਸਾਡੇ ਸਾਰਿਆਂ ਲਈ ਇੱਕ ਮਿਸਾਲ ਹੈ ਅਤੇ ਸਾਨੂੰ ਅਗਾਂਹ ਤੋਂ ਵੀ ਇਸੇ ਤਰ੍ਹਾਂ ਹੀ ਆਪਸੀ ਪ੍ਰੇਮ ਪਿਆਰ ਤੇ ਭਾਈਚਾਰੇ ਸਾਂਝ ਨੂੰ ਬਰਕਰਾਰ ਰੱਖ ਕੇ ਚੋਣਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਉਨਾਂ ਹੋਰ ਕਿਹਾ ਕਿ ਸਿਰਫ ਚੋਣਾਂ ਵਿੱਚ ਨਹੀਂ ਸਗੋਂ ਹੋਰਨਾ ਕੰਮਾਂ ਵਿੱਚ ਵੀ ਸਾਨੂੰ ਰਲ ਮਿਲ ਕੇ ਤੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਵਿਕਾਸ ਅਤੇ ਸਭਨਾਂ ਦਾ ਭਲਾ ਹੋਵੇ। ਇਸ ਮੌਕੇ ਉਹਨਾਂ ਨਾਲ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਵਲਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ,ਸਿਟੀ ਪ੍ਰਧਾਨ ਜਗਜੀਵਨ ਜੱਗੀ, ਗੁਰਦੀਪ ਸਿੰਘ ਹੈਪੀ, ਕੋਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸ਼ਲ, ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੋ, ਪ੍ਰੇਮ ਪਡਵਾਲ, ਬਲਾਕ ਯੂਥ ਪ੍ਰਧਾਨ ਸਰਬਜੀਤ ਸਿੰਘ ਵਿੱਕੀ, ਗੋਲਡੀ ਵਰਮਾ ਤੋਂ ਇਲਾਵਾ ਹੋਰ ਵਲੰਟੀਅਰ ਵੀ ਮੌਜੂਦ ਸਨ।

# ਸਾਈਂ ਸੋਢੀ ਸ਼ਾਹ ਚਿਸ਼ਤੀ ਸਾਬਰੀ ਦਰਬਾਰ ਵਿਖੇ 56ਵਾਂ ਉਰਸ ਮਨਾਇਆ



**ਫਿਲੌਰ ( ਨਿਰਮਲ )** ਗੋਪਾਲ ਕਲੋਨੀ ਸਥਿੱਤ ਦਰਬਾਰ ਸਾਈਂ ਸੋਢੀ ਸ਼ਾਹ ਜੀ ਚਿਸ਼ਤੀ ਸਾਬਰੀ ਵਿਖੇ ਦਰਬਾਰ ਦੇ ਗੱਦੀਨਸ਼ੀਨ ਸਾਈਂ ਰਮੇਸ਼ ਅਲੀ ਚਿਸ਼ਤੀ ਸਾਬਰੀ ਦੀ ਦੇਖਰੇਖ 56 ਵਾਂ ਉਰਸ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਚਾਦਰ, ਝੰਡੇ ਅਤੇ ਚਿਰਾਗ ਰੋਸ਼ਨ ਦੀ ਰਸਮ ਉਪਰੰਤ ਮਹਿਫ਼ਲ ਏ ਕਵਾਲੀ ਦੀ ਸ਼ੁਰੂਆਤ ਕੀਤੀ ਗਈ। ਮੇਲੇ ਮੌਕੇ ਸੱਯਦ ਰਜਾ ਇਮਾਮ, ਸੱਯਦ ਅਬਾਸ ਤਾਰਾਗੜ੍ਹ ਅਜਮੇਰ ਵਾਲੇ,ਮਾਸੂਮ ਅਲੀ ਸਾਬਰੀ ਕਲੀਅਰ ਸ਼ਰੀਫ ਵਾਲੇ, ਬਾਬਾ ਸ਼ੰਭੂ ਰਾਮ ਮੁੱਖ ਸੇਵਾਦਾਰ ਦਰਬਾਰ ਮਈਆ ਭਗਵਾਨ ਫਿਲੌਰ, ਬਾਬਾ ਮਨਜੀਤ ਸਾਬਰੀ, ਬਾਬਾ ਜਸਬੀਰ ਸਾਬਰੀ, ਬੀਬੀ ਮੋਬੀਨਾ ਸਾਬਰੀ ਹਾਜੀ, ਸਾਈ ਸੋਮੇ ਸ਼ਾਹ ਕਾਦਰੀ , ਬਾਬਾ ਲੱਡੂ ਉੜਾਪੜ, ਲੱਡੂ ਸ਼ਾਹ ਕਾਦਰੀ ਲੁਧਿਆਣਾ, ਬੀਬੀ ਰਣਜੀਤਾ,ਬੀਬੀ ਊਸ਼ਾ ਲਸਾੜਾ, ਸਾਈਂ ਧਲਵਿੰਦਰ ਰਾਜ ਸੁਨੜਾ, ਸਾਈਂ ਬਿੰਦਰ ਸ਼ਾਹ ਸਰਹਾਲੀ, ਸਾਈਂ ਕੁਲਰਾਜ ਮੁਹੰਮਦ ਰਾਜੀ ਤੋਂ ਇਲਾਵਾ ਰਾਜਪਾਲ ਸਿੰਘ ਅਟਵਾਲ, ਯਸ਼ਪਾਲ ਗਿੰਢਾ ਕੌਂਸਲਰ ਆਦਿ ਨੇ ਹਾਜ਼ਰੀ ਭਰੀ। ਮੇਲੇ ਮੌਕੇ ਪ੍ਰਸਿੱਧ ਕਵਾਲ ਸ਼ਫੀ ਮਨੋਵਰ ਅਲੀ, ਕਵਾਲ ਨਿਜਾਮੀ ਬ੍ਰਦਰਜ਼ ਅਤੇ ਦੀਪ ਪੋਲ ਸੂਫੀ ਸਿੰਗਰ ਨੇ ਆਪਣੀ ਹਾਜ਼ਰੀ ਲਗਵਾਈ। ਸਾਈਂ ਰਮੇਸ਼ ਅਲੀ ਸਾਬਰੀ ਨੇ ਸੰਗਤਾਂ ਨੂੰ ਮੇਲੇ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਆਏ ਫ਼ਕੀਰਾਂ ਤੇ ਪਤਵੰਤੇ ਸੱਜਣਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ। ਸਟੇਜ ਐਂਕਰ ਦੀ ਭੂਮਿਕਾ ਅਜੇ ਹਮਸਰ ਨੇ ਨਿਭਾਈ।

## ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਬਰਸੀ ਮੌਕੇ ਗੁਰਮਤਿ ਸਮਾਗਮ 8 ਨੂੰ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਪਿੰਡ ਰਾਮਪੁਰ ਅਟਾਰੀ ਵਿਖੇ ਗੁਰਦੁਆਰਾ ਨਵੀਂ ਕੁਟੀਆ ਪਿੰਡ ਰਾਮਪੁਰ, ਅਟਾਰੀ, ਗੋਬਿੰਦਪੁਰ ਦੇ ਅਸਥਾਨ 'ਤੇ ਬ੍ਰਹਮ ਗਿਆਨੀ 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਸਾਲਾਨਾ 55ਵੀਂ ਬਰਸੀ ਮੌਕੇ ਸੰਤ ਸਮਾਗਮ ਅਤੇ ਧਾਰਮਿਕ ਸਮਾਗਮ 08 ਜੂਨ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਹਰਜਿੰਦਰ ਸਿੰਘ ਨੇ ਦੱਸਿਆ ਕਿ 08 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਭਾਈ ਜਸਕਰਨ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ, ਬਾਬਾ ਲਾਲ ਸਿੰਘ ਜਲੰਧਰ, ਬਾਬਾ ਮਹਿਤਾਬ ਸਿੰਘ ਠੇਰੀ ਸਾਹਿਬ ਵਾਲੇ, ਹਰੀ ਦਰਬਾਰ ਸੰਗੀਤ ਵਿਦਿਆਲਾ ਦੇ ਵਿਦਿਆਰਥੀ ਰਾਮਪੁਰ ਅਟਾਰੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ ਦੇ ਵਿਦਿਆਰਥੀ ਪੰਜੋੜਾ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਲੋਕ ਸਭਾ ਚੋਣਾਂ ਲਈ ਕਾਊਂਟਿੰਗ ਸਟਾਫ਼ ਸੰਬੰਧੀ ਹੋਈ ਦੂਜੀ ਰੈਂਡੋਮਾਈਜ਼ੇਸ਼ਨ



**ਬੰਗਾ (ਅਵਤਾਰ ਕਲੇਰ)** ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਲੋਕ ਸਭਾ ਚੋਣਾਂ ਦੀ ਕਾਊਂਟਿੰਗ ਲਈ ਸਟਾਫ਼ ਸਬੰਧੀ ਦੂਜੀ ਰੈਂਡੋਮਾਈਜੇਸ਼ਨ ਕਾਊਂਟਿੰਗ ਅਬਜਰਵਰ ਜੇ.ਐਲ.ਬੀ. ਹਰੀ ਪ੍ਰਿਆ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਜ਼ਿਲ੍ਹਾ ਸੂਚਨਾ ਅਫ਼ਸਰ ਵਿਸ਼ਾਲ, ਕਾਨੂੰਗੋ ਦਲਜੀਤ ਸਿੰਘ ਵੀ ਹਾਜ਼ਰ ਸਨ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਸਬੰਧੀ ਕਾਊਂਟਿੰਗ ਸਟਾਫ਼ ਦੀ ਦੂਜੀ ਰੈਂਡੋਮਾਈਜੇਸ਼ਨ ਵਿੱਚ 4 ਹਲਕਿਆਂ 45-ਗੜ੍ਹਸ਼ੰਕਰ, 46-ਬੰਗਾ, 47-ਨਵਾਂਸ਼ਹਿਰ ਅਤੇ 48-ਬਲਾਚੌਰ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਲਈ ਤਾਇਨਾਤ ਕੀਤਾ ਗਿਆ ਸਟਾਫ਼ ਆਪਣੀ ਚੋਣ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸੇ ਤਰਾਂ ਦੀ ਅਣਗਹਿਲੀ ਜਾਂ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਤੋਂ ਬਾਅਦ ਕਾਊਂਟਿੰਗ ਅਬਜਰਵਰ ਜੇ.ਐਲ.ਬੀ ਹਰੀ ਪ੍ਰਿਆ, ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਇੱਕ ਪੌਦਾ ਵੀ ਲਗਾਇਆ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਪੌਦੇ ਲਗਾਉਣ ਤਾਂ ਜੋ ਸਾਡਾ ਵਾਤਾਵਰਣ ਸਾਫ਼ ਸੁਥਰਾ ਅਤੇ ਹਰਿਆ ਭਰਿਆ ਰਹੇ।

## ਸੂਬੇਦਾਰ ਜਗਜੀਵਨ ਰਾਮ ਹੋਏ ਸ਼ਹੀਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਨੇੜਲੇ ਪਿੰਡ ਭਵਨੌਰ ਦੇ ਸੂਬੇਦਾਰ ਜਗਜੀਵਨ ਰਾਮ ਭਾਰਤੀ ਫੌਜ ਵਿੱਚ ਜੰਮੂ ਕਸ਼ਮੀਰ ਦੇ ਕੁਪਵਾੜਾ ਵਿੱਚ ਤੈਨਾਤ ਸਨ ਅਤੇ ਐਤਵਾਰ ਨੂੰ ਡਿਊਟੀ ਕਰਦੇ ਹੋਏ ਉਹ ਦੇਸ਼ ਲਈ ਸ਼ਹੀਦ ਹੋ ਗਏ।ਸੂਬੇਦਾਰ ਜਗਜੀਵਨ ਰਾਮ ਭਾਰਤੀ ਸੈਨਾ ਦੀ 7 ਪੈਰਾ ਬਟਾਲੀਅਨ ਜੋ ਕਿ ਜੰਮੂ ਕਸ਼ਮੀਰ ਦੇ ਕੁਪਵਾੜਾ ਵਿੱਚ ਤੈਨਾਤ ਹੈ ਵਿਖੇ ਡਿਊਟੀ ਨਿਭਾ ਰਹੇ ਸਨ। ਅੱਤਵਾਦੀਆਂ ਵਲੋ ਇਨ੍ਹਾਂ ਦੇ ਟੈਂਟ 'ਤੇ ਗਰਨੇਡ ਸੁੱਟ ਦਿੱਤਾ ਗਿਆ, ਜਿਸ ਦੇ ਫਟਣ ਨਾਲ ਉਹ ਸ਼ਹੀਦ ਹੋ ਗਏ।

## ਏ ਐੱਸ ਆਈ ਜ਼ੋਰਾਵਰ ਸਿੰਘ ਨੂੰ ਸਦਮਾ, ਪੁੱਤਰ ਦਾ ਦਿਹਾਂਤ



**ਸ਼ਾਹਕੋਟ (ਗਿਆਨ ਸੈਦਪੁਰੀ)**- ਪੰਜਾਬ ਪੁਲਸ ਦੇ ਏ. ਐਸ. ਆਈ ਜ਼ੋਰਾਵਰ ਸਿੰਘ ਨੂੰ ਉਸ ਵੇਲੇ ਵੱਡਾ ਸਦਮਾ ਪੁੱਜਾ ਜਦ ਉਨ੍ਹਾਂ ਦੇ ਜਵਾਨ ਪੁੱਤਰ ਗੁਰਵਿੰਦਰ ਸਿੰਘ(ਗਗਨ) ਦਾ ਬੀਤੀ 31 ਮਈ ਨੂੰ ਸੰਖੇਪ ਬਿਮਾਰੀ ਉਪਰੰਤ ਦੇਹਾਂਤ ਹੋ ਗਿਆ। ਜ਼ੋਰਾਵਰ ਸਿੰਘ ਦਾ ਅੰਤਿਮ ਸੰਸਕਾਰ 4 ਜੂਨ ਨੂੰ ਸਵੇਰੇ 11 ਵਜੇ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਸਿਆਸੀ, ਸਮਾਜਿਕ, ਧਾਰਮਿਕ ਅਤੇ ਮੁਲਾਜ਼ਮ ਆਗੂਆਂ ਨੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਨਾਇਆ





**ਬੰਗਾ (ਅਵਤਾਰ ਕਲੇਰ)** ਬਾਬਾ ਕੰਨੀਆ ਜੀ, ਬਾਬਾ ਮੱਲੂ ਰਾਮ ਜੀ ਅਤੇ ਮਾਤਾ ਸਤੀ ਜੀ ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪੱਦੀ ਜਗੀਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਅਦਾ ਕੀਤੀ। ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਜੈਮਨ ਚਮਕੀਲਾ ਬੀਬਾ - ਗੀਆ ਸੰਧੂ, ਜਗਦੀਸ਼ ਭੋਲਾ,ਬਲਜੀਤ ਜੱਸੀ,ਕੇ ਐਸ ਮਹਿਮੀ -ਸੋਨੀਆ ਮਹਿਮੀ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਬਾਬਾ ਬਲਵਿੰਦਰ ਲੱਡੂ ਉੜਾਪੜ ਵਾਲਿਆਂ ਵੱਲੋਂ ਫਰੀ ਮੈਡੀਕਲ ਕੈਂਪ ਡਾ. ਦੇਸ ਰਾਜ ਪੁਰੀ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ।

ਇਸ ਕੈਂਪ 'ਚ ਲਗਭਗ 150 ਮਰੀਜਾਂ ਦਾ ਚੈਕਅੱਪ ਕੀਤਾ ਅਤੇ ਦਵਾਈਆਂ ਫਰੀ ਦਿੱਤੀਆਂ ਗਈਆਂ। ਪ੍ਰਬੰਧਕਾਂ ਵਲੋਂ ਕਲਾਕਾਰਾਂ, ਦਾਨੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਦੇਵ ਰਾਮ, ਚੌਧਰੀ ਮਨੋਹਰ ਲਾਲ, ਤਾਰਾ ਚੰਦ, ਸ਼ੁਆਮਾ ਰਾਮ ਧੁਲੇਤਾ, ਸੁਖਵਿੰਦਰ ਰਾਮ, ਸੁਰਿੰਦਰਪਾਲ ਕੁੱਕੂ, ਪਰਗਣ ਭਾਣੋਕੀ, ਡਾ. ਸੋਮ ਪ੍ਰਕਾਸ਼ ਭਾਣੋਕੀ, ਮਹਿੰਦਰ ਭਾਣੋਕੀ, ਮੱਖਣ ਕੋਟਲੀ, ਸੁਰਿੰਦਰ ਲੱਗਾ, ਭੁਪਿੰਦਰ ਚੰਦੜ੍ਹ, ਸੁਰਜੀਤ ਲਾਲ ਫਗਵਾੜਾ, ਹੁਸਨ ਲਾਲ ਖਹਿਰਾ, ਬਾਬਾ ਬਲਵਿੰਦਰ ਲੱਡੂ, ਜਸਪਾਲ ਕਾਲੇ, ਮੱਖਣ ਪਾਲ , ਬੂਟਾ ਰਾਮ, ਰਾਮ ਦਾਸ , ਹਰਬੰਸ ਲਾਲ, ਪ੍ਰਕਾਸ਼ ਰਾਮ , ਮਹਿੰਦਰ ਪਾਲ, ਦਲੀਪ ਚੰਦ ਆਦਿ ਹਾਜ਼ਰ ਸਨ।

## ਜਸਕੀਰਤ ਸਿੰਘ ਨੂੰ ਭਾਰਤੀ ਜਲ ਸੈਨਾ 'ਚ ਕਮਿਸ਼ਨ ਮਿਲਣ 'ਤੇ ਕੀਤਾ ਸਨਮਾਨਤ



**ਖਰੜ** : ਇੰਡਸ ਪਬਲਿਕ ਸਕੂਲ ਅਤੇ ਇੰਡਸ ਅਕੈਡਮੀ ਵੱਲੋਂ ਦੇਸ਼ ਦੀ ਸੇਵਾ ਵਿਚ ਬਿਹਤਰੀਨ ਫ਼ੌਜੀ ਅਫ਼ਸਰ ਤਿਆਰ ਕੀਤੇ ਜਾ ਰਹੇ ਹਨ। ਇਸੇ ਕੜੀ ਵਿਚ ਜਸਕੀਰਤ ਸਿੰਘ ਨਾਂਅ ਦੇ ਵਿਦਿਆਰਥੀ ਨੂੰ ਭਾਰਤੀ ਜਲ ਸੈਨਾ ਵਿਚ ਕਮਿਸ਼ਨ ਮਿਲਿਆ ਹੈ।ਜਸਕੀਰਤ ਸਿੰਘ ਅਤੇ ਉਸ ਦੇ ਮਾਤਾ-ਪਿਤਾ ਨੂੰ ਸਨਮਾਨਤ ਕਰਦੇ ਹੋਏ ਇੰਡਸ ਅਕੈਡਮੀ ਅਤੇ ਇੰਡਸ ਪਬਲਿਕ ਸਕੂਲ ਦੇ ਡਾਇਰੈਕਟਰ ਕਰਨਲ ਐੱਸ.ਪੀ.ਐੱਸ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਇਹ ਸੰਸਥਾ ਦੇਸ਼ ਦੇ ਨੌਜਵਾਨਾਂ ਨੂੰ ਰੱਖਿਆ ਬਲਾਂ ਵਿਚ ਭਰਤੀ ਹੋਣ ਲਈ ਸਿਖਲਾਈ ਦਿੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੇਸ਼ੱਕ ਫ਼ੌਜ ਨੂੰ ਅਫ਼ਸਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਹਥਿਆਰਬੰਦ ਫ਼ੌਜਾਂ ਵਿਚ ਪੰਜਾਬੀ ਨੌਜਵਾਨਾਂ ਨੂੰ ਸ਼ਾਮਲ ਕਰਨ ਦੀ ਦਰ ਵੀ ਬਹੁਤ ਘੱਟ ਹੋ ਰਹੀ ਹੈ। ਪ੍ਰਿੰਸੀਪਲ ਪਰਮਪ੍ਰੀਤ ਚੀਮਾ ਨੇ ਇਸ ਸਮੇਂ ਕਿਹਾ ਕਿ ਇੰਡਸ ਪਬਲਿਕ ਸਕੂਲ ਅਤੇ ਇੰਡਸ ਅਕੈਡਮੀ ਦੇ ਫੈਕਲਟੀ ਨੇ ਕੈਡਟਾਂ ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਵਿਚ ਸ਼ਾਮਲ ਕਰਨ ਲਈ ਅਕਾਦਮਿਕ ਅਤੇ ਸਮੁੱਚੇ ਰੂਪ ਵਿਚ ਤਿਆਰ ਕਰਨ ਵਿਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਇੱਕ ਅਨੁਸ਼ਾਸਿਤ, ਪ੍ਰੇਰਨਾਦਾਇਕ ਮਾਹੌਲ ਅਤੇ ਯੋਗ ਅਧਿਆਪਨ ਲਈ ਸਕੂਲ ਅਤੇ ਅਕੈਡਮੀ ਦੇ ਫੈਕਲਟੀ ਇਸ ਉੱਚ ਮੁਕਾਬਲੇ ਵਾਲੀ ਪ੍ਰੀਖਿਆ ਨੂੰ ਸ਼ਾਨਦਾਰ ਪ੍ਰਾਪਤੀ ਵਿਚ ਬਦਲਣ ਲਈ ਕੋਈ ਕਸਰ ਨਹੀਂ ਛੱਡਦੇ ਹਨ। ਇਹੀ ਕਾਰਨ ਹੈ ਕਿ ਅੱਜ ਦੋਹਾਂ ਸੰਸਥਾਵਾਂ ਦੇ ਸਹਿਯੋਗ ਨਾਲ ਕਾਮਯਾਬੀ ਦੇ ਮੀਲ ਪੱਥਰ ਛੱਡ ਰਹੇ ਹਨ। ਜਸਕੀਰਤ ਸਿੰਘ ਅਨੁਸਾਰ ਚੋਣ ਕੋਈ ਆਸਾਨ ਪ੍ਰਕਿਰਿਆ ਨਹੀਂ ਸੀ। ਪਰ ਉਸ ਦੇ ਅਧਿਆਪਕਾਂ ਦੀ ਸਹੀ ਦਿਸ਼ਾ ਅਤੇ ਮਾਤਾ -ਪਿਤਾ ਦੇ ਸਹਿਯੋਗ ਅਤੇ ਅਸ਼ੀਰਵਾਦ ਸਦਕਾ ਉਹ ਇਸ ਮੰਜ਼ਿਲ ਤੇ ਪਹੁੰਚ ਸਕਿਆਂ ਹੈ। ਜਸਪ੍ਰੀਤ ਸਿੰਘ ਨੇ ਕਿਹਾ ਕਿ ਉਹ ਹੁਣ ਛੇਤੀ ਤੋਂ ਛੇਤੀ ਫ਼ੌਜ ਵਿਚ ਜਾ ਕੇ ਭਾਰਤ ਮਾਤਾ ਦੀ ਸੇਵਾ ਕਰਨਾ ਚਾਹੁੰਦਾ ਹੈ।

# ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਵਿਖੇ 3 ਰੋਜ਼ਾ ਸ਼ਹੀਦੀ ਜੋੜ ਮੇਲਾ ਸਮਾਪਤ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**-ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ ਜੀ-ਸੰਤ ਬਾਬਾ ਬਲਵਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਤੇ ਜੂਨ 1984 ਦੇ ਘੱਲੂਘਾਰੇ ਅਤੇ ਮੌਜੂਦਾ ਸਿੱਖ ਸੰਘਰਸ਼ ਵਿੱਚ ਸ਼ਹੀਦ ਹੋਏ ਸਿੰਘ-ਸਿੰਘਣੀਆਂ ਨੂੰ ਸਮਰਪਿਤ ਮਨਾਇਆ ਜਾ ਰਿਹਾ 3 ਰੋਜ਼ਾ ਸਾਲਾਨਾ ਸ਼ਹੀਦੀ ਜੋੜ ਮੇਲਾ ਸੇਵਾ ਤੇ ਸਿਮਰਨ ਦਾ ਸੰਦੇਸ਼ ਦਿੰਦਿਆਂ ਸਮਾਪਤ ਹੋ ਗਿਆ। ਜੋੜ ਮੇਲੇ ਦੌਰਾਨ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ। ਆਖਰੀ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਮਹਾਨ ਗੁਰਮਤਿ ਸਮਾਗਮ ਦੌਰਾਨ ਢਾਡੀ ਭਾਈ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲੇ, ਭਾਈ ਅਮਰਜੀਤ ਸਿੰਘ ਗਾਲਬ ਖੁਰਦ, ਭਾਈ ਬੀਰਜਤਿੰਦਰ ਸਿੰਘ ਮਲਕਪੁਰ, ਭਾਈ ਸੁਖਦੇਵ ਸਿੰਘ ਨਡਾਲੋਂ, ਸੰਤ ਹਰੀ ਸਿੰਘ ਗੁਰਮਤਿ ਵਿਦਿਆਲਾ ਪੰਜੋੜ ਤੇ ਹੋਰ ਸੰਤ-ਮਹਾਂਪੁਰਸ਼ਾਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ। ਮੰਚ ਸੰਚਾਲਣ ਦੀ ਸੇਵਾ ਜਿੱਥੇ ਭਾਈ ਜਰਨੈਲ ਸਿੰਘ ਨਡਾਲੋਂ ਤੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਨਿਭਾਈ । ਪ੍ਰਮੁੱਖ ਸਖਸ਼ੀਅਤਾਂ, ਸ਼ਹੀਦ ਪਰਵਾਰਾਂ ਤੇ ਧਰਮੀ ਫੌਜੀਆਂ ਨੂੰ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਥੇਦਾਰ ਬਾਬਾ ਨਾਗਰ ਸਿੰਘ ਤਰਨਾ ਦਲ, ਬਾਬਾ ਬਲਵੀਰ ਸਿੰਘ ਟਿੱਬਾ ਸਾਹਿਬ, ਬਾਬਾ ਕਰਮਜੀਤ ਸਿੰਘ ਟਿੱਬਾ ਸਾਹਿਬ, ਹਰਜਿੰਦਰ ਸਿੰਘ ਸਪਰੋੜ, ਬਾਬਾ ਕੁਲਦੀਪ ਸਿੰਘ ਖੇੜਾ, ਬਾਬਾ ਰਸ਼ਪਾਲ ਸਿੰਘ ਨਡਾਲੋਂ, ਬਾਬਾ ਦਲੇਰ ਸਿੰਘ, ਬਾਬਾ ਕਸ਼ਮੀਰ ਸਿੰਘ ਦੁਸਾਂਝ ਖੁਰਦ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਬਾਬਾ ਵਿਨੋਦ ਸਿੰਘ ਖੇੜਾ, ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ, ਸਾਬਕਾ ਸਰਪੰਚ ਜਸਵੀਰ ਸਿੰਘ ਭੱਟੀ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਲਖਵਿੰਦਰ ਸਿੰਘ ਵਿੰਦਾ, ਧਰਮਿੰਦਰ ਸਿੰਘ ਸੋਨੂੰ, ਦਲਵੀਰ ਸਿੰਘ ਭੱਟੀ, ਕਿਰਪਾਲ ਸਿੰਘ ਅਜਨੋਹਾ, ਬਲਜਿੰਦਰ ਸਿੰਘ ਪੰਜੋੜ, ਪ੍ਰਭਦੀਪ ਸਿੰਘ ਪੰਜੋੜ, ਸੁਖਦੇਵ ਸਿੰਘ ਨਰੂੜ, ਪਰਮਜੀਤ ਸਿੰਘ ਮੇਘੋਵਾਲ, ਗੱਭਰੂ ਖੁਰਮਪੁਰ, ਗੁਰਵਿੰਦਰ ਸਿੰਘ ਗੁਰੀ ਜਾਂਗਲੀਆਣਾ, ਸਰਵਣ ਸਿੰਘ ਟੋਡਰਪੁਰ, ਲਖਵਿੰਦਰ ਸਿੰਘ ਕਾਦੀਆਂ, ਰਣਵਿਜੈ ਸਿੰਘ ਡਮੁੰਡਾ, ਨਿਹੰਗ ਸਿੰਘ ਕੁਲਵਰਨ ਸਿੰਘ ਗੋਪਾਲੀਆਂ, ਦਲਜੀਤ ਕੌਰ ਅੰਮ੍ਰਿਤਸਰ, ਨੰਬਰਦਾਰ ਭੁਪਿੰਦਰ ਸਿੰਘ ਹੇੜੀਆਂ, ਰਣਜੀਤ ਸਿੰਘ ਅੰਮ੍ਰਿਤਸਰ, ਅਵਤਾਰ ਸਿੰਘ ਸਸੋਲੀ, ਹਰਦੀਪ ਸਿੰਘ ਬੱਡੋ, ਗੁਰਜਿੰਦਰ ਸਿੰਘ ਸਰਹਾਲਾ ਖੁਰਦ, ਇਕਬਾਲ ਸਿੰਘ ਸਰਹਾਲਾ, ਧਰਮੀ ਫੌਜੀ ਸੋਹਣ ਸਿੰਘ ਭਗਤੂਪੁਰ, ਪਰਮਜੀਤ ਸਿੰਘ ਬੂਥਗੜ੍ਹ, ਬਲਵਿੰਦਰ ਸਿੰਘ ਘੋਲੀ ਮਖਸੂਸਪੁਰ, ਕੁਲਦੀਪ ਸਿੰਘ ਅਜਨੋਹਾ, ਤਰਲੋਚਨ ਸਿੰਘ ਸਕਰੂਲੀ, ਜਗਮੋਹਣ ਸਿੰਘ ਹਵੇਲੀ, ਪਰਮਜੀਤ ਸਿੰਘ ਬਾਹੋਵਾਲ, ਹਰਪ੍ਰੀਤ ਸਿੰਘ ਮਾਹਿਲਪੁਰ, ਇੰਦਰਜੀਤ ਸਿੰਘ ਗੋਂਦਪੁਰ, ਹਰਬੰਸ ਸਿੰਘ ਜੱਲੋਵਾਲ, ਪਰਮਜੀਤ ਸਿੰਘ ਭਾਮ, ਬਾਬਾ ਸੁਮਿੱਤਰ ਸਿੰਘ ਹਰਖੋਵਾਲ, ਬਲਵੀਰ ਸਿੰਘ ਨਡਾਲੋਂ, ਸ਼ਲਿੰਦਰ ਸਿੰਘ ਕੰਢੀ ਆਦਿ ਹਾਜ਼ਰ ਸਨ।

# ਸੰਤ ਬਾਬਾ ਰੋਸ਼ਨ ਸਿੰਘ ਮਸਕੀਨ ਦਾ ਪੰਜ ਭੂਤਕ ਸਰੀਰ ਜਲ ਪ੍ਰਵਾਹ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਸੰਤ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਪੰਜਵੇਂ ਗੱਦੀਨਸ਼ੀਨ ਅਤੇ ਸੰਤ ਮਾਝਾ ਸਿੰਘ ਕਰਮਜੋਤ ਵਿੱਦਿਅਕ ਅਤੇ ਚੈਰੀਟੇਬਲ ਟਰੱਸਟ ਝੰਗੀ ਮਕਸੂਦਪੁਰ ਜ਼ਿਲਾ ਕਪੂਰਥਲਾ ਦੇ ਚੇਅਰਮੈਨ ਸੰਤ ਬਾਬਾ ਰੋਸ਼ਨ ਸਿੰਘ ਮਸਕੀਨ ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਬੀਤੇ ਦਿਨ ਸੱਚਖੰਡ ਜਾ ਬਿਰਾਜੇ ਸਨ ਉਨਾਂ ਦਾ ਪੰਜ ਭੌਤਿਕ ਸਰੀਰ ਲੱਖਾਂ ਸੰਗਤਾਂ ਦੀ ਗਿਣਤੀ ਵਿੱਚ ਦਰਿਆ ਬਿਆਸ ਨੇੜੇ ਬਿਆਸ ਪੁੱਲ ਵਿਖੇ ਧਾਰਮਿਕ ਰਸਮਾਂ ਉਪਰੰਤ ਜਲ ਪ੍ਰਵਾਹ ਕਰ ਦਿੱਤਾ ਗਿਆ।ਇਸ ਤੋਂ ਪਹਿਲਾਂ ਸੰਤ ਬਾਬਾ ਰੋਸ਼ਨ ਸਿੰਘ ਦਾ ਮ੍ਰਿਤਕ ਸਰੀਰ ਸੰਤ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਅਸਥਾਨ (ਕਪੂਰਥਲਾ) ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਮੌਜੂਦਗੀ ਵਿੱਚ ਦਰਿਆ ਬਿਆਸ ਨਜ਼ਦੀਕ ਲਿਆਂਦਾ ਗਿਆ ਜਿਸ ਵਿੱਚ ਅੱਤ ਦੀ ਗਰਮੀ ਅਤੇ ਧੁੱਪ ਦੇ ਬਾਵਜੂਦ ਲੱਖਾਂ ਦੀ ਗਿਣਤੀ ਵਿੱਚ ਸੰਗਤ ਨੇ ਬਾਬਾ ਜੀ ਦੇ ਅੰਤਿਮ ਦਰਸ਼ਨ ਕਰਦੇ ਹੋਏ ਉਹਨਾਂ ਦੀ ਅੰਤਿਮ ਯਾਤਰਾ ਵਿੱਚ ਹਾਜ਼ਰੀ ਲਗਵਾਈ। ਜਿਉਂ ਹੀ ਸੰਤ ਮਹਾਂਪੁਰਸ਼ਾਂ ਦੀ ਅੰਤਿਮ ਯਾਤਰਾ ਬਿਆਸ ਦਰਿਆ ਨਜ਼ਦੀਕ ਪਹੁੰਚੀ ਵੱਡੀ ਗਿਣਤੀ ਵਿੱਚ ਪਹੁੰਚੀ ਹੋਈ ਸੰਗਤ ਫੁੱਲਾਂ ਦੀ ਵਰਖਾ ਕਰਦੇ ਹੋਏ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿੱਚ ਸ੍ਰੀ ਜਪੁਜੀ ਸਾਹਿਬ ਜੀ ਦੇ ਪਵਿੱਤਰ ਜਾਪ ਅਤੇ ਗੁਰੂ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਜਲ ਪ੍ਰਵਾਹ ਕੀਤੇ। ਇਸ ਮੌਕੇ ਸੰਤ ਬਾਬਾ ਤਰਲੋਕ ਸਿੰਘ ਹੋਤੀ ਮਰਦਾਨ , ਬੀਬੀ ਜਗਦੀਸ਼ ਕੌਰ ਗਿੱਲ, ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ,ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਵਿਧਾਇਕ ਜਸਵੀਰ ਸਿੰਘ ਰਾਜਾ, ਲਖਵਿੰਦਰ ਸਿੰਘ ਲੱਖੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੁਰਜੀਤ ਸਿੰਘ ਕੇਰੈ , ਬੀਬੀ ਮਾਨ ਕੌਰ, ਜਗਜੀਤ ਸਿੰਘ ਮਿਆਣੀ, ਜਸਵਿੰਦਰ ਸਿੰਘ ਪੱਪੀ ਰਾੜਾ ਜਸਵੰਤ ਸਿੰਘ ਬਿੱਟੂ, ਕੁਲਜੀਤ ਸਿੰਘ ਬਿੱਟੂ, ਕੁਲਦੀਪ ਸਿੰਘ ਫਰਾਂਸ, ਬੀਬੀ ਸੁਖਦੇਵ ਕੌਰ ਸੱਲਾ,ਐਸ.ਐਚ.ਓ ਟਾਂਡਾ ਰਮਨ ਕੁਮਾਰ, ਐਸ.ਐਚ. ਓ ਬੇਗੋਵਾਲ ਪਰਮਜੀਤ ਕੌਰ, ਬਾਬਾ ਮਹਿੰਦਰ ਸਿੰਘ ਭਾਈ ਫੁੰਮਣ ਸਿੰਘ ਸੁਰਜੀਤ ਸਿੰਘ ਪ੍ਰਿੰਸੀਪਲ ਕੁਲਵਿੰਦਰ ਕੌਰ ਸੰਦੀਪ ਸਿੰਘ , ਪ੍ਰਿੰਸੀਪਲ ਅੰਜੂ ਸ਼ਰਮਾ ਨਿਰੰਜਨ ਸਿੰਘ ਪ੍ਰਿਤਪਾਲ ਸਿੰਘ ਅਰੋੜਾ ਬੀਬੀ ਹਰਵਿੰਦਰ ਕੌਰ ਮੂਨਕਾਂ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਸ਼ਹੀਦੀ ਦਿਹਾੜੇ ਤੇ ਘੱਲੂਘਾਰਾ ਦਿਵਸ ਨੂੰ ਸਮਰਪਤ ਛੋਲਿਆਂ ਦਾ ਪ੍ਰਸ਼ਾਦ ਤੇ ਛਬੀਲ ਲਗਾਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਪਾਤਸ਼ਾਹੀ ਪੰਜਵੀ ਧੰਨ ਧੰਨ ਸ਼੍ਰੀ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਜੂਨ 1984 ਘੱਲੂਘਾਰਾ ਦਿਵਸ ਨੂੰ ਸਮਰਪਿਤ ਛੋਲਿਆਂ ਦੇ ਪ੍ਰਸ਼ਾਦਿ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸਮੂਹ ਸੇਵਾਦਾਰਾਂ ਵੱਲੋਂ ਰਾਹਗੀਰਾਂ ਨੂੰ ਪ੍ਰਸ਼ਾਦਿ ਅਤੇ ਜਲ ਛਕਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਬਰਿੰਦਰ ਸਿੰਘ ਜਸਵਾਲ ਨੇ ਛਬੀਲ ਵਿਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅਮਰੀਕ ਸਿੰਘ ਕਲਸੀ, ਜਸਵਿੰਦਰ ਸਿੰਘ ਇਟਲੀ, ਬਲਵੀਰ ਸਿੰਘ ਬਿੱਲੂ, ਜਸਵੀਰ ਸਿੰਘ ਸ਼ਿੰਦਾ, ਅਮਨਦੀਪ ਸਿੰਘ, ਜਸਵਿੰਦਰ ਸਿੰਘ, ਸੰਦੀਪ ਸਿੰਘ ਜੰਜੂਆ, ਪਰਮਿੰਦਰ ਸਿੰਘ, ਗੁਰਦੀਪ ਸਿੰਘ ਸਰੋਆ, ਦਿਲਪ੍ਰੀਤ ਸਿੰਘ, ਅਮਨਿੰਦਰ ਸਿੰਘ, ਸੁਖਪਾਲ ਸਿੰਘ, ਗੁਰਨਾਮ ਸਿੰਘ ਗਾਮਾ, ਨੇਮ ਚੰਦ, ਬੀਬੀ ਸੁਰਜੀਤ ਕੌਰ ਜਸਵਾਲ, ਅਮਰਜੀਤ ਕੌਰ ਜਿੰਦਰ ਕੌਰ ਰਮਨਦੀਪ ਕੌਰ, ਫਤਿਹ ਸਿੰਘ, ਹਰਜੋਤ ਸਿੰਘ, ਹਰਦੇਵ ਕੌਰ, ਜਸਵੰਤ ਕੌਰ, ਇੰਦਰਜੀਤ ਕੌਰ, ਕਮਲਜੀਤ ਕੌਰ, ਨਿਰਮਲ ਕੌਰ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

4-JUNE-PAGE-9.qxd 6/3/2024 10:21 PM Page 1



# ਗਿਣਤੀ ਅਮਲੇ ਦੀ ਦੂਜੀ ਰੈਂਡਮਾਈਜ਼ੇਸ਼ਨ, ਕਾਊਂਟਿੰਗ ਪਾਰਟੀਆਂ ਨੂੰ ਹਲਕੇ ਅਲਾਟ



**ਜਲੰਧਰ, ( ਸ਼ੈਲੀ ਐਲਬਰਟ)**-ਲੋਕ ਸਭਾ ਹਲਕਾ 04-ਜਲੰਧਰ (ਅ.ਜ.) ਦੀ ਚੋਣ ਲਈ 1 ਜੂਨ ਨੂੰ ਪਈਆਂ ਵੋਟਾਂ ਦੀ ਕੱਲ੍ਹ 4 ਜੂਨ ਨੂੰ ਹੋਣ ਵਾਲੀ ਗਿਣਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਾਊਂਟਿੰਗ ਆਬਜ਼ਰਵਰ ਜੇ. ਮੇਘਨਾਥ ਰੈਡੀ, ਸ਼ੈਲੇਂਦਰਨ ਪੀ, ਜੈ ਪ੍ਰਕਾਸ਼ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਹੇਠ ਗਿਣਤੀ ਅਮਲੇ ਦੀ ਦੂਜੀ ਰੈਂਡਮਾਈਜ਼ੇਸ਼ਨ ਕਰਵਾਈ ਗਈ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਦੂਜੀ ਰੈਂਡਮਾਈਜ਼ੇਸ਼ਨ ਉਪਰੰਤ ਕਾਊਂਟਿੰਗ ਪਾਰਟੀਆਂ ਨੂੰ ਵਿਧਾਨ ਸਭਾ ਹਲਕੇ ਅਲਾਟ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗਿਣਤੀ ਪ੍ਰਕਿਰਿਆ ਨੂੰ ਨਿਰਵਿਘਨ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਹਰੇਕ ਗਿਣਤੀ ਕੇਂਦਰ 'ਤੇ 20 ਕਾਊਂਟਿੰਗ ਪਾਰਟੀਆਂ (ਰਿਜ਼ਰਵ ਸਮੇਤ) ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਕ ਕਾਊਂਟਿੰਗ ਪਾਰਟੀ ਵਿੱਚ ਇਕ ਕਾਊਂਟਿੰਗ ਸੁਪਰਵਾਈਜ਼ਰ, ਇਕ ਕਾਊਂਟਿੰਗ ਸਹਾਇਕ ਅਤੇ ਇਕ ਮਾਈਕਰੋ ਆਬਜ਼ਰਵਰ ਹੁੰਦਾ ਹੈ।

ਡਾ. ਅਗਰਵਾਲ ਨੇ ਇਹ ਵੀ ਦੱਸਿਆ ਕਿ ਹਰੇਕ ਵਿਧਾਨ ਸਭਾ ਹਲਕੇ ਲਈ ਇਕ ਗਿਣਤੀ ਹਾਲ ਬਣਾਇਆ ਗਿਆ ਹੈ ਅਤੇ ਹਰੇਕ ਹਾਲ ਵਿੱਚ 14 ਕਾਊਂਟਿੰਗ ਟੇਬਲ ਹੋਣਗੇ। ਉਨ੍ਹਾਂ ਦੱਸਿਆ ਕਿ ਇਲੈਕਟ੍ਰਾਨਿਕਲੀ ਟਰਾਂਸਮਿਟਿਡ ਪੋਸਟਲ ਬੈਲਟ ਸਿਸਟਮ (ਈ.ਟੀ.ਪੀ.ਬੀ.ਐਸ.) ਅਤੇ ਪੋਸਟਲ ਬੈਲਟਸ ਦੀ ਗਿਣਤੀ ਲਈ ਵੱਖਰਾ ਸਟਾਫ਼ ਤਾਇਨਾਤ ਕਰਨ ਤੋਂ ਇਲਾਵਾ ਸਮੁੱਚੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਦੇ ਕਾਰਜ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਿਣਤੀ ਅਮਲੇ ਨੂੰ ਵਿਸਥਾਰਪੂਰਵਕ ਸਿਖ਼ਲਾਈ ਪਹਿਲਾਂ ਹੀ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਿਣਤੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਦੀ ਵਚਨਬੱਧਤਾ ਦਹੁਰਾਉਂਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ, ਸਟੇਟ ਪਟਵਾਰ ਸਕੂਲ, ਦਫ਼ਤਰ, ਡਾਇਰੈਕਟਰ ਲੈਂਡ ਰਿਕਾਰਡ ਸੁਸਾਇਟੀ ਅਤੇ ਸਰਕਾਰੀ ਸਪੋਰਟਸ ਸਕੂਲ ਹੋਸਟਲ ਵਿਖੇ ਗਿਣਤੀ ਕੇਂਦਰ ਸਥਾਪਤ ਕੀਤੇ ਗਏ ਹਨ, ਜਿਥੇ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਡੀ.ਆਈ.ਓ. ਰਣਜੀਤ ਸਿੰਘ, ਚੋਣ ਤਹਿਸੀਲਦਾਰ ਸੁਖਦੇਵ ਸਿੰਘ ਆਦਿ ਵੀ ਮੌਜੂਦ ਸਨ।

# ਵੇਈਂ ਘਾਟ ਦੇ ਨੇੜੇ ਲੱਗੇ ਕੂੜੇ ਦੇ ਢੇਰ ਤੁਰੰਤ ਚੁੱਕੇ ਜਾਣ : ਬਾਜਵਾ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਬੇਗੋਵਾਲ-ਨਡਾਲਾ ਰੋਡ 'ਤੇ ਸਥਿਤ ਕਾਲ਼ੀ ਵੇਈਂ ਦੇ ਪਵਿੱਤਰ ਘਾਟ ਦੇ ਨਜਦੀਕ ਲੱਗੇ ਕੂੜੇ ਦੇ ਢੇਰ ਜਿੱਥੇ ਗੰਦਗੀ ਫੈਲਣ ਨੂੰ ਬੜਾਵਾ ਦੇ ਰਹੇ ਹਨ ਉਥੇ ਨਗਰ ਪੰਚਾਇਤ ਭੁਲੱਥ ਵਲੋਂ ਬਣਾਇਆ ਗਿਆ ਕੂੜਾ ਸੁੱਟਣ ਲਈ ਡੰਪ, ਜਿਸਦੇ ਰਸਤੇ ਵਿੱਚ ਤੇ ਵੇਈਂ ਘਾਟ ਦੇ ਨਜ਼ਦੀਕ ਲੱਗੇ ਕੂੜੇ ਦੇ ਢੇਰਾਂ ਤੋਂ ਤੇਜ ਹਵਾ ਚੱਲਣ ਕਰਕੇ ਕੂੜਾ ਪਵਿੱਤਰ ਵੇਈਂ ਵਿੱਚ ਪਹੁੰਚ ਜਾਂਦਾ ਹੈ। ਇਸ ਮੌਕੇ ਭੁਲੱਥ ਵੇਈਂ ਘਾਟ ਦੇ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਬਾਜਵਾ ਵੱਲੋਂ ਨਗਰ ਪੰਚਾਇਤ ਭੁਲੱਥ ਨੂੰ ਵੇਈਂ ਘਾਟ ਦੇ ਨੇੜਿਓ ਕੂੜੇ ਦੇ ਢੇਰ ਚੁੱਕਣ ਦੀ ਮੰਗ ਕਰਦਿਆਂ ਕਿਹਾ ਕਿ ਪਵਿੱਤਰ ਵੇਈਂ ਦੀ ਸਾਫ-ਸਫਾਈ ਤੇ ਪਵਿੱਤਰਤਾ ਨੂੰ ਬਰਕਰਾਰ ਰੱਖਦਿਆਂ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਭੁਲੱਥ ਵੇਈਂ ਘਾਟ ਤੇ ਲੋਕਾਂ ਦਾ ਸਵੇਰੇ-ਸ਼ਾਮ ਆਉਣਾ ਜਾਣਾ ਲੱਗਾ ਰਹਿੰਦਾ ਹੈ ਤੇ ਵੇਈਂ ਘਾਟ 'ਤੇ ਸਾਫ ਸਫਾਈ ਦਾ ਹੋਣਾ ਜਰੂਰੀ ਹੈ। ਲੇਕਿਨ ਨਜਦੀਕ ਹੀ ਲੱਗੇ ਕੂੜੇ ਦੇ ਢੇਰ ਸਵੱਛ ਭਾਰਤ ਮੁਹਿੰਮ ਦੇ ਸਾਹਮਣੇ ਕਈ ਤਰ੍ਹਾਂ ਦੀ ਸਵਾਲ ਖੜੇ ਕਰਦੇ ਹਨ। ਜਿਸ ਕਰਕੇ ਵੇਈਂ ਘਾਟ ਭੁਲੱਥ ਦੀ ਸਾਫ ਸਫਾਈ ਤੇ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਇਸ ਪਾਸੇ ਧਿਆਨ ਦਿੱਤਾ ਜਾਵੇ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਲੰਗਰ ਵਾਸਤੇ ਕਣਕ ਦਾ ਟਰੱਕ ਲੈ ਕੇ ਸੰਗਤਾਂ ਰਵਾਨਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਦੇ ਚੱਲ ਰਹੇ ਮਹਾਨ ਲੰਗਰਾਂ ਵਿੱਚ ਯੋਗਦਾਨ ਪਾਉਣ ਲਈ ਨੇੜਲੇ ਹਰਸੀ ਪਿੰਡ ਤੋਂ ਹਰ ਸਾਲ ਦੀ ਤਰ੍ਹਾਂ ਕਣਕ ਦਾ ਟਰੱਕ ਰਵਾਨਾ ਕੀਤਾ ਗਿਆ।ਸੇਵਾਦਾਰ ਮਾਸਟਰ ਮਦਨ ਸਿੰਘ ਤੇ ਪ੍ਰਧਾਨ ਦਰਸ਼ਨ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਕੱਤਰ ਕੀਤੀ ਗਈ ਕਣਕ ਦੀ ਸੇਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੱਤੀ ਅਮੀਪੁਰ ਤੋਂ ਰਵਾਨਾ ਕੀਤੀ ਗਈ ਅਤੇ ਕਣਕ ਦਾ ਇਹ ਭਰਿਆ ਟਰੱਕ ਸੱਚਖੰਡ ਸ਼੍ਰੀ ਹਜੂਰ ਸਾਹਿਬ ਦੇ ਲੰਗਰ ਦੀ ਸੇਵਾ ਵਿੱਚ ਭੇਂਟ ਕੀਤਾ ਜਾਵੇਗਾ।ਇਸ ਮੌਕੇ ਸੇਵਕ ਸਿੰਘ ,ਹਰਜੀਤ ਸਿੰਘ, ਰਵਿੰਦਰਜੀਤ ਸਿੰਘ, ਅਮਰਜੀਤ ਸਿੰਘ ਹੈਪੀ, ਗੁਰਜੀਤ ਸਿੰਘ, ਪ੍ਰਦੀਪਪਾਲ ਸਿੰਘ, ਸ਼ਰਨਜੀਤ ਸਿੰਘ, ਗੁਰਨਾਮ ਸਿੰਘ, ਨਸੀਬ ਕੌਰ, ਪਰਮਜੀਤ ਕੌਰ, ਇੰਦਰਜੀਤ ਕੌਰ, ਤਰਨਦੀਪ ਕੌਰ, ਮਾਸਟਰ ਗੁਰਦੀਪ ਸਿੰਘ ਦੀਪਾ, ਗੁਰਜੀਤ ਸਿੰਘ, ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।

# ਰੈੱਡ ਰਿਬਨ ਕਲੱਬ ਨੇ ਵਿਸ਼ਵ ਵਾਤਾਵਰਨ ਦਿਵਸ 'ਤੇ ਲਗਾਏ ਪੌਦੇ

**ਸ਼ਾਹਕੋਟ( ਗਿਆਨ ਸੈਦਪੁਰੀ)** ਵਿਸ਼ਵ ਵਾਤਾਵਰਨ ਦਿਵਸ ਮੌਕੇ ਰੈੱਡ ਰਿਬਨ ਵੈਲਫੇਅਰ ਕਲੱਬ ਸ਼ਾਹਕੋਟ ਵੱਲੋਂ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਦੀ ਸ਼ੁਰੂਆਤ ਰੈਡ ਰਿਬਨ ਕਲੱਬ ਦੇ ਪ੍ਰਧਾਨ ਰਮਨ ਗੁਪਤਾ ਨੇ ਨਵਾਂ ਕਿਲਾ ਰੋਡ ਵਿਖੇ ਬੂਟੇ ਲਗਾ ਕੇ ਕੀਤੀ। ਇਸ ਮੌਕੇ ਅਰੋੜਾ ਮਹਾਂ ਸਭਾ ਦੇ ਪ੍ਰਧਾਨ ਪਰਵੀਨ ਗਰੋਵਰ, ਹੈਲਪਲਾਈਨ ਗਰੁੱਪ ਦੇ ਪ੍ਰਧਾਨ ਸੀਤਾ ਰਾਮ ਠਾਕੁਰ, ਰੈੱਡ ਰਿਬਨ ਕਲੱਬ ਦੇ ਸਰਪ੍ਰਸਤ ਡਾਕਟਰ ਨਰੇਸ਼ ਸੱਗੂ, ਮੇਜਰ ਸਿੰਘ ਮੰਡ, ਸਕੱਤਰ ਰਕੇਸ਼ ਕੁਮਾਰ ਖਹਿਰਾ,ਸਮਾਜ ਸੇਵਕ ਸੁਸ਼ੀਲ ਰਿਹਾਨ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦੇ ਹੋਏ ਰੈੱਡ ਰਿਬਨ ਕਲੱਬ ਦੇ ਪ੍ਰਧਾਨ ਰਮਨ ਗੁਪਤਾ ਅਤੇ ਅਰੋੜਾ ਮਹਾਂ ਸਭਾ ਦੇ ਪ੍ਰਧਾਨ ਪ੍ਰਵੀਨ ਗਰੋਵਰ ਨੇ ਦੱਸਿਆ ਕਿ ਗੰਦਲੇ ਹੋ ਚੁੱਕੇ ਵਾਤਾਵਰਨ ਨੂੰ ਬਚਾਉਣ ਲਈ, ਗਰਮੀ ਦੇ ਕਹਿਰ ਤੋਂ ਰਾਹਤ ਪਾਉਣ ਲਈ ਅਤੇ ਆਉਣ ਵਾਲੀ ਪੀੜ੍ਹੀ ਲਈ ਪਾਣੀ ਦੇ ਪੱਧਰ ਨੂੰ ਕਾਇਮ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਅੱਜ ਸਮੇਂ ਦੀ ਮੁੱਖ ਲੋੜ ਹੈ। ਸਰਪ੍ਰਸਤ ਮੇਜਰ ਸਿੰਘ ਮੰਡ ਅਤੇ ਮੀਡੀਆ ਇੰਚਾਰਜ ਸੁਰਿੰਦਰ ਕੁਮਾਰ ਤੇਜੀ ਨੇ ਦੱਸਿਆ ਕਿ ਸਾਡਾ ਕਲੱਬ ਭਵਿੱਖ ਵਿਚ ਵੀ ਇਸੇ ਤਰਾਂ ਸਮਾਜ ਸੇਵਾ ਦੇ ਕੰਮ ਕਰਦਾ ਰਹੇਗਾ।ਇਸ ਮੌਕੇ ਸਰਪ੍ਰਸਤ ਦਰਸ਼ਨ ਅਰੋੜਾ, ਧਰਮਵੀਰ ਅਰੋੜਾ, ਮਾਸਟਰ ਪਵਨ ਅਗਰਵਾਲ, ਪ੍ਰਿਤਪਾਲ ਸਿੰਘ, ਸ਼ਿਵ ਨਰਾਇਣ ਗੁਪਤਾ,ਰਾਕੇਸ਼ ਕੁਮਾਰ ਖਹਿਰਾ, ਜਤਿੰਦਰ ਅਰੋੜਾ, ਰਾਜਾ ਅਰੋੜਾ, ਸੋਨੀ ਮਹਿਰਾ,ਸੁਰਿੰਦਰ ਕੁਮਾਰ ਤੇਜੀ, ਰਾਜੇਸ਼ ਜਨੇਜਾ, ਹਰਪਾਲ ਸਿੰਘ ਮੁੱਤੀ, ਰਾਹੁਲ ਕੌਸ਼ਲ, ਮਨਦੀਪ ਸਿੰਘ ਝੀਤਾ, ਸਰਬਜੀਤ ਸਿੰਘ , ਸੁਰਿੰਦਰਜੀਤ ਸਿੰਘ, ਦਵਿੰਦਰ ਸਿੰਘ ਪੰਧੇਰ ਆਦਿ ਹਾਜ਼ਰ ਸਨ।



ਪੌਦੇ ਲਗਾਉਣ ਮੌਕੇ ਰਮਨ ਗੁਪਤਾ, ਪ੍ਰਵੀਨ ਗਰੋਵਰ ਤੇ ਹੋਰ।

# ਸਤਿਨਾਮੁ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਨੇ ਸਕੂਲ ਵਿਦਿਆਰਥੀਆਂ ਲਈ ਗੁਰਮਤਿ ਕੈਂਪ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਤਿਨਾਮੁ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਗਰਮੀਆਂ ਦੀਆਂ ਛੁੱਟੀਆਂ ਨੂੰ ਮੁੱਖ ਰੱਖਦਿਆਂ ਗੁਰਮਤਿ ਕੈਂਪ ਲਗਾਇਆ ਗਿਆ। ਇਹ ਕੈਂਪ 10 ਦਿਨ ਤੱਕ ਚੱਲਿਆ। ਐਸਜੀਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ। ਇਸ ਕੈਂਪ ਦੌਰਾਨ ਜਿੱਥੇ ਦਸਤਾਰ ਮੁਕਾਬਲੇ ਕਰਵਾਏ ਗਏ ਉਥੇ ਨਾਲ ਹੀ ਸਮੇਂ ਸਮੇਂ ਦੌਰਾਨ ਬੱਚਿਆਂ ਨੂੰ ਦਸਤਾਰ ਦੀ ਮਹੱਤਤਾ ਤੋਂ ਵੀ ਜਾਣੂ ਕਰਵਾਉਣ ਦੇ ਯਤਨ ਕੀਤੇ ਗਏ। ਸਤਿਨਾਮੁ ਸਰਬ ਕਲਿਆਣ ਟਰੱਸਟ ਦੇ ਧਾਰਮਿਕ ਅਧਿਆਪਕਾਂ ਮੈਡਮ ਦਰਸ਼ਨ ਕੌਰ, ਮੈਡਮ ਹਰਿੰਦਰ ਕੌਰ ਅਤੇ ਸਰਤਾਜ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਵਿੱਚ ਬੱਚਿਆਂ ਵੱਲੋਂ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਉਨਾਂ ਦੱਸਿਆ ਕਿ ਕੈਂਪ ਦੀ ਸ਼ੁਰੂਆਤ ਅਤੇ ਸਮਾਪਤੀ ਅਰਦਾਸ ਨਾਲ ਕੀਤੀ ਗਈ। ਕੈਂਪ ਵਿੱਚ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ, ਸ਼ਬਦ ਗਾਇਨ,ਸਿੱਖੀ ਸਿਧਾਂਤਾਂ,ਸਿੱਖ ਪਰੰਪਰਾ ਤੋਂ ਜਾਣੂ ਕਰਵਾਇਆ ਗਿਆ। ਦਸਤਾਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸੰਤ ਸਮਾਗਮ ਤੇ ਸਾਲਾਨਾ ਜੋੜ ਮੇਲਾ ਭਲਕੇ



**ਭੁਲੱਥ (ਮਨਪ੍ਰੀਤ ਸਿੰਘ)** -ਇਥੋਂ ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਬੋਪਾਰਾਏ 'ਚ ਨਵ ਵਾਲਮੀਕਿ ਗੁਰੂ ਆਸ਼ਰਮ ਤੇ ਡੇਰਾ ਬਾਬਾ ਖ਼ੈਰ ਸ਼ਾਹ ਦੇ ਤਪ ਅਸਥਾਨ ਵਿਖੇ ਸ੍ਰੀ 108 ਸਤਿਗੁਰੂ ਗਿਆਨ ਨਾਥ ਮਹਾਰਾਜ ਜੀ ਦੇ ਸੇਵਕ ਸੰਤ ਸਤਿਗੁਰ ਸੀਤਲ ਨਾਥ ਦੀ 34ਵੀਂ ਬਰਸੀ ਤੇ ਡੇਰਾ ਬਾਬਾ ਖ਼ੈਰ ਸ਼ਾਹ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਮਹਾਨ ਸੰਤ ਸਮਾਗਮ ਅਤੇ ਸਾਲਾਨਾ ਜੋੜ ਮੇਲਾ 5 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਸੰਤ ਬਾਬਾ ਗਿਰਧਾਰੀ ਨਾਥ ਭਗਵਾਨ ਵਾਲਮੀਕਿ ਮੰਦਰ ਗਿਆਨ ਆਸ਼ਰਮ ਵਾਲਮੀਕਿ ਤੀਰਥ ਅੰਮ੍ਰਿਤਸਰ ਅਤੇ ਹੋਰ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ।

ਸੰਤ ਸਮਾਗਮ ਦੌਰਾਨ ਵੀਰ ਸੰਦੀਪ ਕੁਲਾਰ, ਫਕੀਰ ਸਹੋਤਾ ਕਵਾਲ ਆਪਣੀ ਹਾਜ਼ਰੀ ਲਗਵਾਉਣਗੇ।ਵੀਰ ਕਰਨੈਲ ਸਿੰਘ, ਹਮਦਰਦ ਕੌਂਹਾਲਾ ਸਟੇਜ ਸੈਕਟਰੀ ਦੀ ਕਾਰਵਾਈ ਨਿਭਾਉਣਗੇ।ਨੌਜਵਾਨ ਵੀਰਾਂ ਵੱਲੋਂ ਕਬੱਡੀ ਦੇ ਸ਼ੋਅ ਮੈਚ ਵੀ ਕਰਵਾਏ ਜਾਣਗੇ।

# ਡਾ: ਰਾਜਕੁਮਾਰ ਚੱਬੇਵਾਲ ਨੂੰ ਮਿਲੇਗੀ ਭਾਰੀ ਲੀਡ : ਹਰਜੀ/ਸਰਵਟਾ

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਰਾਜ ਕੁਮਾਰ ਚੱਬੇਵਾਲ ਦੀ ਜਿੱਤ ਯਕੀਨੀ ਹੈ। ਇਹ ਗੱਲ ਇੱਥੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਹਰਨੂਰ ਸਿੰਘ ਹਰਜੀ ਮਾਨ ਅਤੇ ਲੱਕੀ ਸਰਵਟਾ ਨੇ ਗੱਲਬਾਤ ਦੌਰਾਨ ਕਹੀ।

ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਹਲਕੇ ਦੀਆਂ ਕੁੱਲ 9 ਵਿਧਾਨ ਸਭਾ ਸੀਟਾਂ 'ਤੇ ਡਾ: ਰਾਜਕੁਮਾਰ ਚੱਬੇਵਾਲ ਦਾ ਪੂਰੀ ਤਰ੍ਹਾਂ ਦਬਦਬਾ ਰਿਹਾ ਹੈ। ਹਰ ਪਾਸੇ ਤੋਂ ਇਹੀ ਆਵਾਜ਼ ਸੁਣਾਈ ਦੇ ਰਹੀ ਹੈ ਕਿ ਡਾ: ਚੱਬੇਵਾਲ ਦੀ ਜਿੱਤ ਹਰ ਹਾਲਤ 'ਚ ਯਕੀਨੀ ਹੈ।

ਜਿਸ ਤੋਂ ਬਾਅਦ ਵਿਰੋਧੀ ਉਮੀਦਵਾਰਾਂ ਦੇ ਚਿਹਰੇ ਵੀ ਫਿੱਕੇ ਪੈ ਗਏ ਹਨ। ਲੱਕੀ ਸਰਵਟਾ ਨੇ ਕਿਹਾ ਕਿ ਫਗਵਾੜਾ ਵਿਧਾਨ ਸਭਾ ਹਲਕੇ ਵਿੱਚ ਡਾ: ਚੱਬੇਵਾਲ ਦੇ ਹੱਕ 'ਚ ਬੰਪਰ ਵੋਟ ਪਈ ਹੈ।

ਇਸ ਲਈ ਉਨ੍ਹਾਂ ਨੂੰ ਫਗਵਾੜਾ ਤੋਂ ਵੱਡੀ ਲੀਡ ਮਿਲੇਗੀ ਜੋ ਆਖਿਰਕਾਰ ਫੈਸਲਾਕੁੰਨ ਸਾਬਤ ਹੋਵੇਗੀ। ਉਹਨਾਂ ਨੇ ਪੰਜਾਬ ਵਿੱਚ 13-0 ਨਾਲ ਜਿੱਤਣ ਦਾ ਦਾਅਵਾ ਕਰਦਿਆਂ ਕਿਹਾ ਕਿ ਮੰਗਲਵਾਰ ਨੂੰ ਐਲਾਨੇ ਜਾਣ ਵਾਲੇ ਚੋਣ ਨਤੀਜੇ ਮੋਦੀ ਮੀਡੀਆ ਦੇ ਐਗਜ਼ਿਟ ਪੋਲ ਦੇ ਬਿਲਕੁਲ ਉਲਟ ਹੋਣਗੇ।

ਕਿਉਂਕਿ ਜਿੱਥੇ ਪੰਜਾਬ ਦੀਆਂ ਸਾਰੀਆਂ ਸੀਟਾਂ 'ਆਪ' ਜਿੱਤਣ ਜਾ ਰਹੀ ਹੈ, ਉਥੇ ਹੀ ਕੇਂਦਰ 'ਚ ਇਸ ਵਾਰ ਭਾਜਪਾ 200 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇਗੀ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਅਗਲੀ ਸਰਕਾਰ ਆਈ.ਐਨ.ਡੀ.ਆਈ.ਏ. ਗਠਜੋੜ ਦੀ ਹੀ ਬਣੇਗੀ। ਜਿਸ ਵਿੱਚ 'ਆਪ' ਪਾਰਟੀ ਮੁੱਖ ਭੂਮਿਕਾ ਨਿਭਾਏਗੀ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਬੱਸ ਰਵਾਨਾ

**ਅੱਪਰਾ, (ਨਿਰਮਲ ਗੁੜਾ )**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਤੇ ਹੋਰ ਗੁਰੂਦੁਆਰਿਆਂ ਦੇ ਦਰਸ਼ਨਾਂ ਲਈ ਯਾਤਰਾ ਅੱਪਰਾ ਤੋਂ ਬੱਸ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਕੀਤੀ ਗਈ। ਸਿੱਖ ਕਥਾਵਾਚਕ ਭਾਈ ਦਲਵਿੰਦਰ ਸਿੰਘ ਅੱਪਰਾ ਨੇ ਦੱਸਿਆ ਕਿ 12 ਦਿਨਾਂ ਦੀ ਇਸ ਯਾਤਰਾ ਦੌਰਾਨ ਵੱਖ-ਵੱਖ ਗੁਰੂਦੁਆਰਿਆਂ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕੀਤੇ ਜਾਣਗੇ ਤੇ ਉੱਚੇ ਤੇ ਸੁੱਚੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ। ਯਾਤਰਾ ਦੇ ਆਰੰਭ ਹੋਣ ਤੋਂ ਪਹਿਲਾਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ, ਉਪਰੰਤ ਜੈਕਾਰਿਆਂ ਦੀ ਗੂੰਜ 'ਚ ਯਾਤਰਾ ਪੂਰੇ ਉਤਸ਼ਾਹ ਨਾਲ ਰਵਾਨਾ ਹੋਈ। ਇਸ ਮੌਕੇ ਚਰਨਜੀਤ ਸਿੰਘ ਦੁਸਾਂਝ, ਤਿਲਕ ਰਾਜ , ਤੀਰਥ ਸਿੰਘ, ਪਰਮਜੀਤ ਸਿੰਘ ਭਾਰਟਾ ਹਾਜਰ ਸਨ।




# ਆਸ਼ੀਸ਼ ਤਿਵਾੜੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਏ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਆਸ਼ੀਸ਼ ਤਿਵਾੜੀ (ਆਈ.ਐਫ.ਐਸ) ਸਕੱਤਰ ਵਾਤਾਵਰਨ ਅਤੇ ਜੰਗਲਾਤ ਉੱਤਰ ਪ੍ਰਦੇਸ਼ ਆਪਣੇ ਪਰਵਾਰ ਸਮੇਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਜਿੱਥੇ ਉਹਨਾਂ ਨੇ ਪਵਿੱਤਰ ਗੁਰਬਾਣੀ ਦਾ ਆਨੰਦ ਮਾਣਿਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਹਨਾਂ ਕਿਹਾ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਅਤੇ ਕੀਰਤਨ ਸੁਣ ਕੇ ਮਨ ਨੂੰ ਬੜੀ ਸ਼ਾਂਤੀ ਮਿਲੀ ਹੈ।ਤਿਵਾੜੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਦੇਖ ਕੇ ਵੀ ਬਹੁਤ ਪ੍ਰਭਾਵਿਤ ਹੋਏ। ਇਸ ਉਪਰੰਤ ਗੁਰਨੈਬ ਸਿੰਘ ਮੀਤ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਉਹਨਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਲਿਟਰੇਚਰ ਵੀ ਦਿੱਤਾ ਗਿਆ। ਇਸ ਮੌਕੇ ਉਹਨਾਂ ਨਾਲ ਜਸਦੀਪ ਸਿੰਘ ਜੇ.ਈ, ਪੰਮਾ, ਰਾਜ ਘਈ, ਗੁਰਦੀਪ ਸਿੰਘ ਹਾਜ਼ਰ ਸਨ।

# ਡਿਪਲੋਮਾ ਕੋਰਸਾਂ ਲਈ ਆਨਲਾਇਨ ਰਜਿਸਟਰੇਸ਼ਨ 7 ਤੋਂ

**ਜਲੰਧਰ (ਸ਼ੈਲੀ ਐਲਬਰਟ)**-ਪੰਜਾਬ ਸਟੇਟ ਤਕਨੀਕੀ ਬੋਰਡ, ਚੰਡੀਗੜ੍ਹ ਵਲੋਂ ਪੰਜਾਬ ਦੇ ਸਮੁੱਚੇ ਪੋਲੀਟੈਕਨਿਕ ਕਾਲਜਾਂ ਵਿਚ ਚਲ ਰਹੇ ਦੋ ਅਤੇ ਤਿੰਨ ਸਾਲਾਂ ਡਿਪਲੋਮਾ ਦੇ ਕੋਰਸਾਂ ਲਈ 2024-25 ਸੈਸ਼ਨ ਵਾਸਤੇ ਆਨਲਾਇਨ ਰਜਿਸਟਰੇਸ਼ਨ 7 ਜੂਨ, 2024 ਨੂੰ ਸ਼ੁਰੂ ਹੋਣ ਜਾ ਰਹੀ ਹੈ। ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਬੋਰਡ ਵਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ। ਦਸਵੀਂ, 11ਵੀਂ ਅਤੇ +2 ਪਾਸ ਵਿਦਿਆਰਥੀ ਆਪਣੇ ਮਨਪਸੰਦ ਡਿਪਲੋਮੇ ਕੋਰਸ ਲਈ ਦਾਖਲ ਹੋ ਸਕਦੇ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਆਈ.ਟੀ.ਆਈ , +2 ਵੋਕੇਸ਼ਨਲ ਜਾਂ +2 ਨਾਨ ਮੈਡੀਕਲ ਪਾਸ ਕੀਤੀ ਹੈ, ਉਹ ਲੀਟ ਐਂਟਰੀ ਰਾਹੀਂ ਡਿਪਲੋਮੇ ਦੇ ਦੂਜੇ ਸਾਲ ਵਿੱਚ ਸਿੱਧੇ ਹੀ ਦਾਖਲ ਹੋ ਸਕਦੇ ਹਨ। ਬਾਰਵੀਂ ਮੈਡੀਕਲ ਪਾਸ ਵਿਦਿਆਰਥੀ ਫਾਰਮੇਸੀ ਦੇ ਦੋ ਸਾਲਾਂ ਡਿਪਲੋਮੇ ਲਈ ਅਪਲਾਈ ਕਰ ਸਕਦੇ ਹਨ। ਰਜਿਸਟਰੇਸ਼ਨ ਮੁਕੰਮਲ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਆਪਣੇ ਡਾਕੂਮੈਂਟ ਅਪਲੋਡ ਕਰਨ ਤੇ ਸੰਸਥਾ ਦੀ ਚੁਆਇਸ ਫਿਲਿੰਗ ਵਾਸਤੇ ਕਿਹਾ ਜਾਵੇਗਾ। ਮੈਰਿਟ ਦੇ ਹਿਸਾਬ ਨਾਲ ਫਿਰ ਵਿਦਿਆਰਥੀਆਂ ਨੂੰ ਸਟੇਸ਼ਨ ਅਤੇ ਸੀਟ ਅਲਾਟਮੈਂਟ ਹੋਵੇਗੀ। ਇਹ ਇਕ ਸੰਪੂਰਣ ਪਾਰਦਰਸ਼ੀ ਆਨਲਾਇਨ ਪ੍ਰੋਸੈਸ ਹੈ ਜੋ ਤਕਨੀਕੀ ਬੋਰਡ ਚੰਡੀਗੜ੍ਹ ਦੀ ਦੇਖ-ਰੇਖ ਵਿਚ ਹੁੰਦਾ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਰਜਿਸਟਰੇਸ਼ਨ ਵਾਸਤੇ ਵਿਦਿਆਰਥੀ ਕਾਲਜ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਪਹਿਲਾਂ ਹੀ ਕਾਲਜ ਵਿਖੇ ਅਪਲਾਈ ਕੀਤਾ ਹੈ, ਉਹਨਾਂ ਦੀ ਰਜ਼ਿਸਟਰੇਸ਼ਨ ਦੀ ਜਿੰਮੇਵਾਰੀ ਕਾਲਜ ਦਫ਼ਤਰ ਦੀ ਹੈ। ਉਹ ਵੀ ਜੇ ਚਾਹੁਣ ਤਾਂ ਕਾਲਜ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ। ਮੇਹਰਚੰਦ ਪੋਲੀਟੈਕਨਿਕ ਕਾਲਜ ਵਿਖੇ ਸਿਵਲ, ਇਲੈਕਟ੍ਰੀਕਲ, ਮਕੈਨੀਕਲ, ਇਲੈਟਰਾਨਿਕਸ, ਕੰਪਿਊਟਰ, ਆਟੋਮੋਬਾਇਲ ਤੇ ਫਾਰਮੇਸੀ ਦੇ ਕੋਰਸ ਚਲ ਰਹੇ ਹਨ। ਪਿਛਲੇ ਸਾਲ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ 5 ਲੱਖ ਰੁਪਏ ਦੀ ਸਕਾਲਰਸ਼ਿਪ ਦਿੱਤੀ ਗਈ। ਉਹਨਾਂ ਇਹ ਵੀ ਦੱਸਿਆ ਕਿ ਕਾਲਜ ਨੂੰ 2023-24 ਵਿਚ ਉੱਤਰ ਭਾਰਤ ਦੇ ਸਰਵੋਤਮ ਪੋਲੀਟੈਕਨਿਕ ਦਾ ਖਿਤਾਬ ਮਿਲਿਆ ਹੈ ਤੇ ਉਸ ਦੇ ਇਕ ਪ੍ਰੋਗਰਾਮ ਨੂੰ ਏ . ਆਈ. ਸੀ. ਟੀ. ਈ ਵਲੋਂ ਐਨ.ਬੀ.ਏ ਐਕਰੀਡੇਸ਼ਨ /ਮਾਨਤਾ ਵੀ ਮਿਲੀ ਹੈ ਅਤੇ ਇਹ ਉਪਲੱਬਧੀ ਹਾਸਲ ਕਰਨ ਵਾਲਾ ਪੰਜਾਬ ਦਾ ਪਹਿਲਾ ਬਹੁਤਕਨੀਕੀ ਕਾਲਜ ਬਣ ਗਿਆ ਹੈ।



# ਸੋਨੇ ਦੇ ਗਹਿਣੇ, ਨਕਦੀ ਤੇ ਹੋਰ ਸਾਮਾਨ ਚੋਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਪਿੰਡ ਜਾਜਾ ਵਿੱਚ ਬੀਤੀ ਰਾਤ ਇੱਕ ਘਰ ਵਿੱਚੋਂ ਸੋਨੇ ਦੇ ਗਹਿਣੇ, ਨਕਦੀ ਚੋਰੀ ਕਰ ਲਿਆ ਗਿਆ। ਪਰਮਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਜਾਜਾ ਨੇ ਦੱਸਿਆ ਕਿ ਬੀਤੀ ਰਾਤ ਅਸੀਂ ਆਪਣੇ ਕਮਰੇ 'ਚ ਸੌਣ ਲਈ ਗਏ ਤਾਂ ਚੋਰਾਂ ਨੇ ਦੂਜੇ ਕਮਰੇ ਦੀ ਗਰਿੱਲ ਕੱਟ ਕੇ ਘਰ 'ਚ ਦਾਖਲ ਹੋ ਕੇ ਸਟੋਰ ਰੂਮ 'ਚ ਪਈ ਅਲਮਾਰੀ ਨੂੰ ਤੋੜ ਕੇ ਉਸ ਵਿੱਚ ਰੱਖੇ ਸੋਨੇ ਦੀਆਂ ਵਾਲੀਆਂ ਦੇ 2 ਸੈੱਟ ,2 ਸੋਨੇ ਦੀਆਂ ਮੁੰਦਰੀਆਂ ਅਤੇ 50,000 ਰੁਪਏ ਦੀ ਨਕਦੀ ਚੋਰੀ ਕਰ ਲਈ। ਜਿਸ ਦੀ ਸੂਚਨਾ ਟਾਂਡਾ ਪੁਲਸ ਨੂੰ ਦਿੱਤੀ ਗਈ। ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਪਿੰਡ 'ਚ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਦੀ ਜਾਂਚ ਕਰਕੇ ਅਣਪਛਾਤੇ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਜ਼ਿਲ੍ਹਾ ਚੋਣ ਅਫ਼ਸਰ ਨੇ ਸਰਕਾਰੀ ਪੋਲੀਟੈਕਨਿਕ ਖੂਨੀਮਾਜਰਾ 'ਚ ਗਿਣਤੀ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਖਰੜ (ਐੱਸ ਏ ਐੱਸ ਨਗਰ), (ਗੁਰਜੀਤ ਬਿੱਲਾ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਲਈ ਸ੍ਰੀ ਆਨੰਦਪੁਰ ਸਾਹਿਬ ਹਲਕੇ ਦੇ 52-ਖਰੜ ਅਤੇ 53-ਐਸ.ਏ.ਐਸ.ਨਗਰ ਵਿਧਾਨ ਸਭਾ ਹਲਕੇ ਲਈ ਪਈਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਸਰਕਾਰੀ ਪੋਲੀਟੈਕਨਿਕ, ਖੂਨੀਮਾਜਰਾ (ਖਰੜ) ਵਿਖੇ ਹੋਵੇਗੀ।ਡਿਪਟੀ ਕਮਿਸ਼ਨਰ ਨੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਵਿਰਾਜ ਐੱਸ. ਤਿੜਕੇ, ਏ.ਡੀ.ਸੀ. (ਯੂ ਡੀ) ਦਮਨਜੀਤ ਸਿੰਘ ਮਾਨ, ਐੱਸ.ਪੀ (ਐੱਚ.) ਤੁਸ਼ਾਰ ਗੁਪਤਾ, ਸਹਾਇਕ ਰਿਟਰਨਿੰਗ ਅਫ਼ਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਮੁਹਾਲੀ ਅਤੇ ਖਰੜ, ਦੀਪਾਂਕਰ ਗਰਗ ਅਤੇ ਗੁਰਮੰਦਰ ਸਿੰਘ, ਚੋਣ ਤਹਿਸੀਲਦਾਰ ਸੰਜੇ ਕੁਮਾਰ ਅਤੇ ਹੋਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਨ ਉਪਰੰਤ ਵੇਰਵਿਆਂ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਸ ਗਿਣਤੀ ਕੇਂਦਰ ਵਿੱਚ ਕੁੱਲ ਦੋ ਗਿਣਤੀ ਹਾਲ ਬਣਾਏ ਜਾਣਗੇ ਅਤੇ ਹਰੇਕ ਗਿਣਤੀ ਹਾਲ ਵਿੱਚ 14 ਗਿਣਤੀ ਮੇਜ਼ ਹੋਣਗੇ। ਹਰੇਕ ਟੇਬਲ ਤੇ ਕਾਊਂਟਿੰਗ ਸੁਪਰਵਾਈਜ਼ਰ, ਇੱਕ ਕਾਊਂਟਿੰਗ ਅਸਿਸਟੈਂਟ, ਕਾਊਂਟਿੰਗ ਸਟਾਫ਼/ਗਰੁੱਪ ਡੀ ਕਰਮਚਾਰੀ ਅਤੇ ਇੱਕ ਮਾਈਕਰੋ ਆਬਜ਼ਰਵਰ ਡਿਊਟੀ 'ਤੇ ਹੋਣਗੇ।ਗਿਣਤੀ ਸਟਾਫ਼ ਲਈ ਡਿਊਟੀ ਵਾਲੇ ਟੇਬਲ ਦਾ ਨੰਬਰ, ਗਿਣਤੀ ਵਾਲੇ ਦਿਨ ਅੰਤਿਮ ਰੈਂਡਮਾਈਜ਼ੇਸ਼ਨ ਦੌਰਾਨ ਨਿਰਧਾਰਤ ਕੀਤਾ ਜਾਵੇਗਾ ਜੋ ਸਵੇਰੇ 5:00 ਵਜੇ ਹੋਵੇਗੀ। ਗਿਣਤੀ ਸਵੇਰੇ 8 ਵਜੇ ਸ਼ੁਰੂ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਟੇਬਲ ਲਗਾਉਣ ਤੋਂ ਸ਼ੁਰੂ ਹੋ ਕੇ ਗਿਣਤੀ ਦੀ ਸਾਰੀ ਪ੍ਰਕਿਰਿਆ, ਸਟਾਫ ਦੀ ਤਾਇਨਾਤੀ, ਹਰੇਕ ਰਾਊਂਡ ਲਈ ਨਤੀਜਾ ਦਿਖਾਉਣ ਤੱਕ ਦੀ ਪ੍ਰਕਿਰਿਆ ਦੀ ਚੋਣ ਕਮਿਸ਼ਨ ਦੁਆਰਾ ਨਿਯੁਕਤ ਗਿਣਤੀ ਨਿਗਰਾਨ ਸ੍ਰੀ ਮੁਹੰਮਦ ਆਵੇਸ਼ ਦੁਆਰਾ ਨਿਗਰਾਨੀ ਕੀਤੀ ਜਾਵੇਗੀ।ਉਨ੍ਹਾਂ ਅੱਗੇ ਕਿਹਾ ਕਿ ਗਿਣਤੀ ਦੀ ਸਮੁੱਚੀ ਪ੍ਰਕਿਰਿਆ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਸਖ਼ਤ ਪ੍ਰੋਟੋਕੋਲ ਅਤੇ ਸੁਰੱਖਿਆ/ਨਿਗਰਾਨੀ ਤਹਿਤ ਕੀਤੀ ਜਾਵੇਗੀ ਅਤੇ ਅਧਿਕਾਰਤ ਵਿਅਕਤੀਆਂ ਤੋਂ ਇਲਾਵਾ ਕਿਸੇ ਨੂੰ ਵੀ ਕਾਊਂਟਿੰਗ ਹਾਲ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਕਾਊਂਟਿੰਗ ਹਾਲ ਦੇ ਅੰਦਰ ਅਧਿਕਾਰਤ ਰਿਕਾਰਡਿੰਗ ਲਈ ਸਰਕਾਰੀ ਵੀਡੀਓ ਕੈਮਰਿਆਂ ਤੋਂ ਇਲਾਵਾ ਕੋਈ ਵੀ ਸਟਿਲ ਜਾਂ ਵੀਡੀਓ ਕੈਮਰਿਆਂ ਦੀ ਇਜਾਜ਼ਤ ਨਹੀਂ ਹੈ। ਚੋਣ ਦੁਆਰਾ ਜਾਰੀ ਕੀਤੇ ਮੀਡੀਆ ਪਾਸ ਲੈ ਕੇ ਪੱਤਰਕਾਰਾਂ ਨੂੰ ਕਾਊਂਟਿੰਗ ਹਾਲ ਦੇ ਅੰਦਰ ਬਿਨਾਂ ਸਟੈਂਡ ਦੇ, ਹੱਥਾਂ ਨਾਲ ਫੜੇ ਜਾਣ ਵਾਲੇ ਕੈਮਰੇ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਮੀਡੀਆ ਕਰਮੀਆਂ/ਪੱਤਰਕਾਰਾਂ ਦੁਆਰਾ ਹੱਥ ਵਿੱਚ ਫੜੇ ਕੈਮਰਿਆਂ ਨਾਲ ਗਿਣਤੀ ਪ੍ਰਕਿਰਿਆ ਦੀ ਆਡੀਓ-ਵਿਜ਼ੂਅਲ ਕਵਰੇਜ ਲੈਂਦੇ ਸਮੇਂ, ਵਿਅਕਤੀਗਤ ਤੌਰ 'ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਜਾਂ ਵੀ ਵੀ ਪੀ ਏ ਟੀ 'ਤੇ ਦਿਖਾਏ ਜਾ ਰਹੇ ਨਤੀਜੇ ਦੀ ਵੀਡੀਓ/ਫੋਟੋਗ੍ਰਾਫ਼ੀ ਕਰਨ ਦੀ ਮਨਾਹੀ ਹੋਵੇਗੀ। ਮੀਡੀਆ ਸੈਂਟਰ 'ਚ ਡਿਊਟੀ 'ਤੇ ਤਾਇਨਾਤ ਅਧਿਕਾਰੀ ਮੀਡੀਆ ਨੂੰ ਛੋਟੇ ਛੋਟੇ ਸਮੂਹਾਂ ਵਿੱਚ ਥੋੜ੍ਹੇ ਸਮੇਂ ਲਈ ਨਿਯਮਤ ਅੰਤਰਾਲਾਂ 'ਤੇ ਗਿਣਤੀ ਹਾਲਾਂ ਦਾ ਦੌਰਾ ਕਰਵਾਉਣਗੇ। ਗਿਣਤੀ ਹਾਲ ਵਿੱਚ ਉਹ ਸੀਮਾ, ਜਿਸ ਤੱਕ ਮੀਡੀਆ ਵਿਅਕਤੀ/ਪੱਤਰਕਾਰਾਂ ਦੇ ਸਟਿਲ/ਵੀਡੀਓ ਕੈਮਰੇ ਜਾ ਸਕਦੇ ਹਨ, ਪਹਿਲਾਂ ਹੀ ਦਰਸਾਏ ਜਾਣਗੇ। ਕਾਊਂਟਿੰਗ ਹਾਲ ਦੇ ਅੰਦਰ ਮੋਬਾਈਲ/ਆਈ-ਪੈਡ, ਲੈਪਟਾਪ ਅਤੇ ਹੋਰ ਸਮਾਨ ਜਿਵੇਂ ਇਲੈਕਟ੍ਰਾਨਿਕ ਯੰਤਰ ਜਾਂ ਕੋਈ ਰਿਕਾਰਡਿੰਗ ਯੰਤਰ ਨਹੀਂ ਲਿਜਾਇਆ ਜਾਵੇਗਾ। ਅਜਿਹੀਆਂ ਸਾਰੀਆਂ ਚੀਜ਼ਾਂ ਨੂੰ ਮੀਡੀਆ ਰੂਮ/ਪਬਲਿਕ ਕਮਿਊਨੀਕੇਸ਼ਨ ਰੂਮ ਵਿੱਚ ਜਮ੍ਹਾਂ ਕਰਵਾਉਣਾ ਪਵੇਗਾ।



# ਸਿਵਲ ਹਸਪਤਾਲ 'ਚ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ



**ਭੁਲੱਥ (ਮਨਪ੍ਰੀਤ ਸਿੰਘ)**-ਪੰਜਾਬ ਸਰਕਾਰ ਦੇ ਹੁਕਮਾਂ ਸਦਕਾ ਸਿਵਲ ਸਰਜਨ ਕਪੂਰਥਲਾ ਡਾ: ਸੁਰਿੰਦਰਪਾਲ ਕੌਰ ਦੀ ਅਗਵਾਈ ਹੇਠ ਸੀਨੀਅਰ ਮੈਡੀਕਲ ਅਫਸਰ ਡਾ: ਹਰਜਿੰਦਰ ਸਿੰਘ ਦੀ ਅਗਵਾਈ ਹੇਠ ਸਿਵਲ ਹਸਪਤਾਲ ਭੁਲੱਥ ਵਿਖੇ ਸਿਹਤ ਕਰਮਚਾਰੀਆਂ ਵੱਲੋਂ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ। ਇਸ ਮੌਕੇ ਡਾ: ਨੇਹਾ ਨੇ ਆਏ ਹੋਏ ਮਰੀਜਾਂ ਤੇ ਆਮ ਪਬਲਿਕ ਨੂੰ ਦੱਸਿਆ ਕਿ ਤੰਬਾਕੂ ਦੀ ਆਦਤ ਮੌਤ ਨੂੰ ਦਾਵਤ ਦੇਣ ਦੇ ਬਰਾਬਰ ਹੈ। ਡਾ: ਹਰਜਿੰਦਰ ਸਿੰਘ ਨੇ ਬਹੁਤ ਹੀ ਸਰਲ ਤਰੀਕੇ ਨਾਲ ਦੱਸਿਆ ਕਿ ਤੰਬਾਕੂ ਤੇ ਚੈਣੀ ਥੈਣੀ ਤੇ ਗੁਟਖਾ ਦੀ ਵਰਤੋ ਨਾਲ ਮੂੰਹ ਤੇ ਫੇਫੜਿਆਂ ਦਾ ਜਾਨਲੇਵਾ ਕੈਂਸਰ ਹੋ ਸਕਦਾ ਹੈ।ਦਿਲਬਾਗ ਸਿੰਘ ਸਿਹਤ ਸੁਪਰਵਾਇਜਰ ਨੇ ਕਿਹਾ ਕਿ ਆਓ ਅੱਜ ਹੀ ਪ੍ਰਣ ਕਰੀਏ ਕਿ ਪੂਰੀ ਜਿੰਦਗੀ ਤੰਬਾਕੂ ਜਾਂ ਕਿਸੇ ਵੀ ਤਰ੍ਹਾ ਦੇ ਨਸ਼ੇ ਦੀ ਵਰਤੋ ਨਾ ਤੇ ਕਰਾਂਗੇ ਨਾ ਕਰਨ ਦੇਵਾਂਗੇ।ਡਾ: ਮੋਹਿਤਪਾਲ ਪਥੈਲੋਜਿਸਟ ਨੇ ਆਏ ਹੋਏ ਮਰੀਜਾਂ ਨੂੰ ਸਿਗਰਟ ਬੀੜੀ ਤੇ ਤੰਬਾਕੂ ਆਦਿ ਦੇ ਬੁਰੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ।ਇਸ ਮੌਕੇ ਡਾ: ਨਰਿੰਦਰਪਾਲ , ਗੁਰਜੀਤ ਸਿੰਘ ਮੇਲ ਵਰਕਰ, ਦਵਿੰਦਰ ਕੌਰ ਏ.ਐਨ.ਐਮ, ਬਲਜਿੰਦਰ ਕੌਰ ਆਸ਼ਾ ਵਰਕਰ , ਮਨਪ੍ਰੀਤ ਕੌਰ ਆਸ਼ਾ , ਰੀਟਾ ਤੇ ਅਮਨਦੀਪ ਕੌਰ ਆਸ਼ਾ ਤੇ ਮਨਪ੍ਰੀਤ ਕੌਰ ਆਸ਼ਾ ਮਨਦੀਪ ਕੌਰ ਆਸ਼ਾ ਤੇ ਹੋਰ ਹਾਜਰ ਸਨ।

## ਜਨਮ ਦਿਨ ਮੁਬਾਰਕ



ਰਣਵੀਰ, ਮਲੋਟ



ਫਤਹਿ ਸਿੰਘ, ਜਲੰਧਰ

# ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਨੂੰ ਸਮਰਪਿਤ ਸਿਹਤ ਜਾਂਚ ਕੈਂਪ ਲਗਾਇਆ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਨੂੰ ਸਮਰਪਿਤ ਸੀਤਾ ਦੇਵੀ ਮੈਮੋਰੀਅਲ ਵੇਵਜ਼ ਹਸਪਤਾਲ ਟਾਂਡਾ ਵੱਲੋਂ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਲਖਵਿੰਦਰ ਮਿਆਣੀ ਵਿਖੇ ਇੱਕ ਦਿਨਾਂ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ।ਸਮੂਹ ਸਕੂਲ ਤੇ ਹਸਪਤਾਲ ਸਟਾਫ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਦਾ ਉਦਘਾਟਨ ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ ਨੇ ਕਰਦੇ ਹੋਏ ਹਸਪਤਾਲ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਮੁਫ਼ਤ ਕੈਂਪ ਲੋੜਵੰਦ ਮਰੀਜ਼ਾਂ ਲਈ ਵਰਦਾਨ ਸਾਬਤ ਹੁੰਦੇ ਹਨ ਕਿਉਂਕਿ ਅੱਜ ਦੇ ਮਹਿੰਗਾਈ ਵਾਲੇ ਯੁਗ ਵਿੱਚ ਚੰਗਾ ਇਲਾਜ ਕਰਵਾਉਣਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ ਹੈ।ਇਸ ਮੌਕੇ ਕੈਂਪ ਦੌਰਾਨ ਹਸਪਤਾਲ ਦੇ ਐਮ ਡੀ ਡਾ. ਲਵਪ੍ਰੀਤ ਸਿੰਘ ਪਾਬਲਾ, ਸੇਵਾ ਮੁਕਤ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਡਾ. ਕੇਵਲ ਸਿੰਘ ਕਾਜਲ, ਡਾ. ਨਵਪ੍ਰੀਤ ਕੌਰ ਦੀ ਮਾਹਿਰ ਡਾਕਟਰੀ ਟੀਮ ਨੇ 200 ਤੋਂ ਉੱਪਰ ਮਰੀਜ਼ਾਂ ਦੀ ਸਿਹਤ ਦਾ ਚੈੱਕਅਪ ਕਰਦੇ ਹੋਏ ਜ਼ਰੂਰਤਮੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ।ਕੈਂਪ ਦੀ ਸਮਾਪਤੀ 'ਤੇ ਡਾਕਟਰੀ ਟੀਮ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਕੁਲਦੀਪ ਰਾਜ, ਦਵਿੰਦਰ ਸਿੰਘ ਲਾਡੀ, ਨੰਬਰਦਾਰ ਕਿਰਪਾਲ ਸਿੰਘ ਪੰਡੋਰੀ, ਕਿਰਨ ਬਾਲਾ, ਬਲਵੀਰ ਸਿੰਘ ਢਿੱਲੋਂ, ਰਜਿੰਦਰ ਸਿੰਘ, ਲਕਸ਼ਮੀ ਸੈਣੀ, ਜਸ਼ਨਪ੍ਰੀਤ ਸਿੰਘ, ਜਸਵਿੰਦਰ ਕੌਰ, ਲਵਪ੍ਰੀਤ ਕੌਰ, ਪ੍ਰਦੀਪ ਕੌਰ, ਹਰਜਿੰਦਰ ਕੌਰ, ਸੁਖਦੀਪ ਕੌਰ, ਗੁਰਮੀਤ ਕੌਰ, ਬਲਵੀਰ ਕੌਰ, ਸੁਖਵਿੰਦਰ ਕੌਰ, ਅਮਨਪ੍ਰੀਤ ਕੌਰ, ਚਾਹਤ, ਕੁਲਦੀਪ ਕੌਰ ਸੰਗੀਤਾ, ਸ਼ਰਨਜੀਤ ਕੌਰ, ਪ੍ਰਭਜੋਤ ਕੌਰ, ਕਿਰਨਪ੍ਰੀਤ ਕੌਰ, ਮਨਪ੍ਰੀਤ ਕੌਰ ਵੀ ਹਾਜ਼ਰ ਵੀ ਹਾਜ਼ਰ ਸਨ।

# ਪੈਨਸ਼ਨਰਾਂ ਤੇ ਆਸ਼ਰਿਤਾਂ ਦੇ ਮੈਡੀਕਲ ਬਿੱਲਾਂ ਦਾ ਭੁਗਤਾਨ ਹੋਵੇ ਜਲਦੀ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਨਾਲ-ਨਾਲ ਉਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਮੈਡੀਕਲ ਬਿੱਲਾਂ ਦਾ ਭੁਗਤਾਨ ਨਾ ਹੋਣਾ ਜੋ ਅਜੇ ਵੀ ਸੇਵਾ ਵਿੱਚ ਹਨ ਬਹੁਤ ਦੁੱਖ ਦੀ ਗੱਲ ਹੈ । ਯੂਨੀਅਨਾਂ ਵੱਲੋਂ ਸਰਕਾਰ ਨੂੰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ। ਜਿਸ ਕਾਰਨ ਪੈਨਸ਼ਨਰਾਂ ਅਤੇ ਸੇਵਾ ਵਿੱਚ ਕਰਮਚਾਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਗਰ ਨਿਗਮ ਦੇ ਸੇਵਾਮੁਕਤ ਸੁਪਰਡੈਂਟ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਨੇ ਇਥੇ ਇਕ ਪ੍ਰੈਸ ਨੋਟ ਜਾਰੀ ਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ ਇਹ ਪ੍ਰਬੰਧ ਕੀਤਾ ਗਿਆ ਸੀ ਕਿ 50,000 ਰੁਪਏ ਤੱਕ ਦੇ ਮੈਡੀਕਲ ਬਿੱਲਾਂ ਦੀ ਅਦਾਇਗੀ ਸਿਵਲ ਸਰਜਨ ਵੱਲੋਂ ਅਤੇ ਇਸ ਤੋਂ ਵੱਧ ਰਕਮ ਦੀ ਅਦਾਇਗੀ ਡਾਇਰੈਕਟਰ ਸਿਹਤ ਵੱਲੋਂ ਕੀਤੀ ਜਾਂਦੀ ਸੀ। ਪਰ ਹੁਣ ਸਰਕਾਰ ਨੇ ਸਿਵਲ ਸਰਜਨ ਵੱਲੋਂ 10,000 ਰੁਪਏ ਤੱਕ ਦੇ ਬਿੱਲਾਂ ਦੀ ਅਦਾਇਗੀ ਮੈਡੀਕਲ ਬੋਰਡ ਦੀ ਪ੍ਰਵਾਨਗੀ ਤੋਂ ਬਾਅਦ ਕਰਨ ਦਾ ਪ੍ਰਬੰਧ ਕੀਤਾ ਹੈ। ਪਰ ਸਵਾਲ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ 2-3 ਸਾਲ ਪਹਿਲਾਂ ਦੇ ਬਿੱਲਾਂ ਦੀ ਅਦਾਇਗੀ ਨਹੀਂ ਹੋ ਰਹੀ।ਸਰਕਾਰ ਨੂੰ ਮੈਡੀਕਲ ਬਿੱਲਾਂ ਦੀ ਅਦਾਇਗੀ ਲਈ ਨੀਤੀ ਬਣਾਉਣੀ ਚਾਹੀਦੀ ਹੈ ਅਤੇ ਅਦਾਇਗੀ ਦਾ ਸਮਾਂ ਤੈਅ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀ ਅਤੇ ਕਰਮਚਾਰੀ ਸਮਰੱਥ ਹਨ, ਉਨ੍ਹਾਂ ਨੂੰ ਮੈਡੀਕਲ ਬਿੱਲਾਂ ਦੀ ਅਦਾਇਗੀ ਦੇ ਸਬੰਧ ਵਿੱਚ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ ਪਰ ਮੱਧ ਵਰਗ ਦੇ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਪਾਸੇ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ, ਦੂਜੇ ਪਾਸੇ 30-40 ਸਾਲਾਂ ਤੱਕ ਸਰਕਾਰ ਦੀ ਨੌਕਰੀ ਕਰਨ ਵਾਲੇ ਕਰਮਚਾਰੀਆਂ ਨੂੰ ਰਿਟਾਇਰਮੈਂਟ ਤੋਂ ਬਾਅਦ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਇਲਾਜ ਮਹਿੰਗਾ ਹੋਣ ਦੇ ਕਾਰਨ ਅਸਮਰਥ ਹਨ ਅਤੇ ਉਪਰ ਤੋਂ 2-3 ਸਾਲਾਂ ਤੋਂ ਬਿੱਲਾਂ ਦੀ ਅਦਾਇਗੀ ਨਾ ਹੋਣ ਨਾਲ ਉਨ੍ਹਾਂ ਦੀ ਸਮੱਸਿਆ ਹੋਰ ਵੀ ਵੱਧ ਜਾਂਦੀ ਹੈ।

ਉਨ੍ਹਾਂ ਨੇ ਦੱਸਿਆ ਕਿ ਜਦੋਂ ਕੋਈ ਕਰਮਚਾਰੀ ਬਿੱਲਾਂ ਦੀ ਅਦਾਇਗੀ ਸਬੰਧੀ ਸਿਵਲ ਸਰਜਨ ਦਫ਼ਤਰ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਬਿੱਲ ਹੈਡ ਦਫ਼ਤਰ ਨੂੰ ਭੇਜ ਦਿੱਤੇ ਗਏ ਹਨ ਅਤੇ ਜਦੋਂ ਪਤਾ ਕਰਨ ਲਈ ਉੱਥੇ ਜਾਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਉਹ ਅਜੇ ਦੇਖ ਰਹੇ ਹਨ, ਜਲਦੀ ਹੀ ਕਲੀਅਰ ਕਰ ਦਿੱਤੇ ਜਾਣਗੇ। ਸਿਵਲ ਸਰਜਨ ਦਫ਼ਤਰ ਵੱਲੋਂ ਰਿਮਾਈਂਡਰ ਭੇਜਣ ਦੇ ਬਾਵਜੂਦ ਡਾਇਰੈਕਟਰ ਦਫ਼ਤਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਲਈ ਸਰਕਾਰ ਨੂੰ ਅਪੀਲ ਹੈ ਕਿ ਇਨ੍ਹਾਂ ਸੇਵਾ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ-ਨਾਲ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਇਸ ਗੰਭੀਰ ਸਮੱਸਿਆ ਦਾ ਹੱਲ ਕੀਤਾ ਜਾਵੇ ਅਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਨੂੰ ਸਰਲ ਬਣਾਉਂਦੇ ਹੋਏ ਸਮਾਂ ਸੀਮਾ ਨਿਰਧਾਰਤ ਕੀਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਅਧਿਕਾਰੀਆਂ ਖਿਲਾਫ ਵੀ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਨੇ 2-3 ਸਾਲਾਂ ਤੋਂ ਬਿੱਲਾਂ ਦੀ ਅਦਾਇਗੀ ਰੋਕੀ ਹੋਈ ਹੈ।

# ਭਗਤ ਜੀ ਦੇ ਜਨਮ ਦਿਨ 'ਤੇ 'ਖ਼ੂਨਦਾਨ ਸੇਵਾ' ਮੈਗਜ਼ੀਨ ਰਿਲੀਜ਼



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ )** ਮਨੁੱਖੀ ਸੇਵਾ ਦੇ ਪੈਗੰਬਰ ਭਗਤ ਪੂਰਨ ਸਿੰਘ ਦੇ ਜਨਮ ਦਿਨ ਦੀ ਪੂਰਵ ਸੰਧਿਆ 'ਤੇ ਸਥਾਨਕ ਸਮਾਜ ਸੇਵੀ ਸੰਸਥਾ ਬੀ.ਡੀ.ਸੀ.ਬਲੱਡ ਸੈਂਟਰ ਵਲੋਂ ਮੈਗਜ਼ੀਨ ਖ਼ੂਨਦਾਨ ਸੇਵਾ ਰਿਲੀਜ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੀ.ਡੀ.ਸੀ ਖ਼ੂਨਦਾਨ ਭਵਨ ਦਾ ਸ਼ੁੱਭ ਉਦਘਾਟਨ 13 ਅਪ੍ਰੈਲ 1992 ਨੂੰ ਭਗਤ ਪੂਰਨ ਸਿੰਘ ਨੇ ਕੀਤਾ ਸੀ।

ਸਮਾਗਮ ਦੀ ਪ੍ਰਧਾਨਗੀ ਐਸ ਕੇ ਸਰੀਨ , ਜੇ ਐਸ ਗਿੱਦਾ, ਪੀ ਆਰ ਕਾਲੀਆ, ਅੰਜੂ ਸਰੀਨ, ਰਾਜਿੰਦਰ ਕੌਰ ਗਿੱਦਾ, ਡਾ: ਅਜੇ ਬੱਗਾ, ਡਾ: ਅਸੀਮ, ਮਨਮੀਤ ਸਿੰਘ ਮੈਨੇਜਰ, ਯੁਵਰਾਜ ਕਾਲੀਆ, ਨੋਬਲ ਸਰੀਨ, ਨਰਿੰਦਰ ਸਿੰਘ ਭਾਰਟਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋਮਜਾਰਾ, ਮੈਡਮ ਕੰਚਨ ਅਰੋੜਾ ਤੇ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਮੈਗਜ਼ੀਨ ਨੂੰ ਰਿਲੀਜ ਕਰਨ ਦੀ ਰਸਮ ਪ੍ਰਧਾਨ ਐਸ ਕੇ ਸਰੀਨ ਨੇ ਪ੍ਰਧਾਨਗੀ ਮੰਡਲ ਸਮੇਤ ਅਦਾ ਕੀਤੀ। ਇਸ ਮੌਕੇ ਐਗਜੈਕਟਿਵ , ਐਡਵਾਈਜਰੀ ਬੋਰਡ ਮੈਬਰਾਂ ਤੋਂ ਇਲਾਵਾ ਖ਼ੂਨਦਾਨੀ ਪ੍ਰੇਰਕਾਂ, ਲਾਈਫ ਮੈਂਬਰ ਸ਼ਖ਼ਸੀਅਤਾਂ, ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਪ੍ਰਤੀਨਿਧ ਹਾਜ਼ਰ ਸਨ। ਜੇ ਐਸ ਗਿੱਦਾ ਵਲੋਂ ਭਗਤ ਪੂਰਨ ਸਿੰਘ ਜੀ ਦੀ ਜੀਵਨੀ ਵਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਡਾ: ਅਜੇ ਬੱਗਾ ਨੇ ਮੈਗਜ਼ੀਨ ਵਿੱਚ ਉਪਲੱਬਧ ਸਮੱਗਰੀ ਵਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਸ਼ਹੀਦ-ਏ-ਆਜਮ ਭਗਤ ਸਿੰਘ, ਮਨੁੱਖੀ ਸੇਵਾ ਦੇ ਪੈਗੰਬਰ ਭਾਈ ਘਨ੍ਹਈਆ ਜੀ, ਭਗਤ ਪੂਰਨ ਸਿੰਘ ਜੀ ਨੂੰ ਨਤਮਸਤਿਕ ਹੋਣ ਨਾਲ੍ਹ ਜ਼ਿਲ੍ਹੇ ਦੇ ਮੌਜੂਦਾ ਵਿਧਾਨ ਸਭਾ ਮੈਂਬਰਾਂ ਦੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਹੋਲ-ਬਲੱਡ, ਪਲੇਟਲੈਟਸ ਖ਼ੂਨਦਾਨ ਤੇ ਸਟੈਮ ਸੈੱਲ ਦਾਨ ਵਾਰੇ ਤਕਨੀਕੀ ਮਾਹਰਾਂ ਡਾ: ਦੇ.ਜੀ ਜੌਲ੍ਹੀ, ਡਾ: ਅਜੇ ਬੱਗਾ, ਡਾ: ਦਿਆਲ ਸਰੂਪ ਤੇ ਅਰਜਨਵੀਰ ਫਾਊਡੈਸ਼ਨ ਨਵੀਂ ਦਿੱਲੀ ਦੀਆਂ ਮਾਹਰ ਸਖਸ਼ੀਅਤਾਂ ਦੇ ਲੇਖ ਛਾਪੇ ਗਏ ਹਨ। ਖ਼ੂਨਦਾਨ ਲਹਿਰ ਨਾਲ ਸਬੰਧਤ ਕੌਮੀ ਤੇ ਕੌਮਾਂਤਰੀ ਦਿਨਾਂ ਵਾਰੇ ਜਾਣਕਾਰੀ ਉਪਲੱਬਧ ਕਰਵਾਈ ਗਈ ਹੈ। ਮੈਗਜ਼ੀਨ ਵਿੱਚ ਬੱਚਿਆਂ ਨੂੰ ਗੋਦ ਲੈਣ ਵਾਰੇ ਕਾਨੂੰਨੀ ਜਾਣਕਾਰੀ ਮੈਡਮ ਕੰਚਨ ਅਰੋੜਾ ਜਿਲ੍ਹਾ ਬਾਲ ਸੁਰੱਖਿਆ ਅਫ਼ਸਰ ਵਲੋਂ ਦਿੱਤੀ ਗਈ ਹੈ।

ਇਸੇ ਤਰ੍ਹਾਂ ਪ੍ਰੈਸ ਕਵਰੇਜ ਨਮੂਨੇ ਪ੍ਰਦਰਸ਼ਿਤ ਕਰਨ ਦੇ ਨਾਲ੍ਹ ਨਾਮਵਰ ਸ਼ਖ਼ਸੀਅਤਾਂ ਵਲੋਂ ਖੁਦ ਖ਼ੂਨਦਾਨ ਕਰਨ ਵਾਲੀਆਂ ਪ੍ਰੇਰਨਾ ਭਰਪੂਰ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ। ਗੈਰ ਸਰਕਾਰੀ , ਪ੍ਰਸ਼ਾਸਨ ਪੱਧਰੀ ਤੇ ਐਮਰਜੈਂਸੀ ਵਾਲ੍ਹੇ ਵਿਸ਼ੇਸ਼ ਸੰਪਰਕ ਨੰਬਰ ਵੀ ਉਪਲਬੱਧ ਹਨ।ਅਵਤਾਰ ਸਿੰਘ ਗੋਬਿੰਦਪੁਰੀ ਦੀ ਪ੍ਰੇਰਨਾ ਨਾਲ ਖ਼ੂਨਦਾਨੀਆਂ ਦੀ ਰਿਫਰੈਸ਼ਮੈਂਟ ਲਈ ਗੁਰਦੇਵ ਸਿੰਘ ਨੇ ਅਮਰੀਕਾ ਤੋਂ ਪੰਦਰਾਂ ਹਜ਼ਾਰ ਰੁਪਏ ਪ੍ਰਧਾਨ ਜੀ ਨੂੰ ਭੇਟ ਕੀਤੇ। ਜਸਵਿੰਦਰ ਸਿੰਘ ਕੰਦੋਲਾ ਨੇ ਅਮਰੀਕਾ ਸਾਡੇ ਸੋਲ੍ਹਾਂ ਹਜ਼ਾਰ ਰੁਪਏ ਤੇ ਕੈਨੇਡਾ ਤੋਂ ਇੱਕ ਗੁਪਤ ਦਾਨ ਵੀਹ ਹਜ਼ਾਰ ਰੁਪਏ ਭੇਜਣ ਵਾਲੇ ਸੰਦੇਸ਼ ਪ੍ਰਾਪਤ ਵੀ ਸੁਣਾਏ ਗਏ। ਮੰਦਨਾ ਕੁਮਾਰੀ ਬੀ ਡੀ ਸੀ ਨੂੰ ਮੈਗਜ਼ੀਨ ਲਈ ਵਧੀਆ ਕੰਮ ਕਰਨ ਬਦਲੇ ਸਨਮਾਨਿਤ ਕੀਤਾ ਗਿਆ। ਗੁਰਿੰਦਰ ਸਿੰਘ ਤੂਰ , ਡਾ: ਵਿਸ਼ਵ ਮੋਹਿਨੀ, ਪ੍ਰਵੇਸ਼ ਕੁਮਾਰ ਤੇ ਡਾ: ਦਿਆਲ ਸਰੂਪ ਅਤੇ ਮੈਡਮ ਸੁਰਿੰਦਰ ਕੌਰ ਤੂਰ ਵਲੋਂ ਸ਼ੁੱਭਕਾਮਨਾਵਾਂ ਸੰਦੇਸ਼ ਪੜ੍ਹ ਕੇ ਸੁਣਾਏ ਗਏ।

ਇਸ ਮੌਕੇ ਗੌਰਵ ਸਰੀਨ, ਡਾ: ਨਿਤਿਕਾ ਸਰੀਨ, ਮੈਡਮ ਵਿਭੂਤੀ ਸਰੀਨ, ਜਸਵਿੰਦਰ ਸਿੰਘ ਕਾਹਮਾ, ਤੀਰਥ ਸਿੰਘ, ਅਸ਼ੋਕ ਲੜੋਈਆ, ਮਲਕੀਅਤ ਸਿੰਘ, ਸਤਨਾਮ ਸਿੰਘਭਾਰਟਾ, ਗੁਰਿੰਦਰ ਸਿੰਘ ਸੇਠੀ, ਹਿਤੇਂਦਰ ਖੰਨਾ, ਜਸਵੀਰ ਸਿੰਘ ਬਹਿਲੂਰ ਕਲਾਂ, ਰਾਜਿੰਦਰ ਸਿੰਘ ਛੋਕਰ, ਮਨਮੀਤ ਸਿੰਘ, ਮੁਕੇਸ਼ ਕਾਹਮਾ,ਰਾਜੀਵ ਭਾਰਦਵਾਜ, ਭੁਪਿੰਦਰ ਸਿੰਘ ਰਾਣਾ ਤੇ ਸੁਖਵੰਤ ਸਿੰਘ ਖਾਲਸਾ ਹਾਜ਼ਰ ਸਨ।

# ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸ੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕ ਪਿੰਡ ਲੰਗ ਮਾਜਾਰੀ ਪਿੰਡ ਦੇ ਨੌਜਵਾਨਾਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਅਤੇ ਇਸ ਮੌਕੇ ਠੰਡੇ ਮਿੱਠੇ ਜਲ ਛਕਦੀਆਂ ਸੰਗਤਾਂ ਨੂੰ ਇਹ ਵੀ ਬੇਨਤੀ ਕੀਤੀ ਗਈ ਕਿ ਵੱਧ ਤੋਂ ਵੱਧ ਰੁੱਖ ਲਗਾਏ ਜਾਣ ਇੱਕ ਰੁੱਖ ਸੌ ਸੁੱਖ ਤਾਂ ਕਿ ਪ੍ਰਿਥਵੀ ਉੱਤੇ ਵੱਧ ਰਹੇ ਤਾਪਮਾਨ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਣ ਨੂੰ ਸਾਫ ਅਤੇ ਸੁਥਰਾ ਬਣਾਇਆ ਜਾ ਸਕੇ। ਇਸ ਮੌਕੇ ਐਡਵੋਕੇਟ ਅਭਿਸ਼ੇਕ ਸ਼ਰਮਾ, ਅਜੇ ਬਿੰਦਰਾ, ਸੰਨੀ ਬਿੰਦਰਾ, ਜਿਤਿਨ ਸ਼ਰਮਾ, ਲਲਿਤ ਸ਼ਰਮਾ, ਪ੍ਰਥਮ ਬਰਾੜ, ਗੁਰਪ੍ਰੀਤ ਅਨੀਕੇਤ ਪ੍ਰਿੰਸ ਹਾਜ਼ਰ ਸਨ।

# ਫਾਈਨਲ 'ਚ ਜਲੰਧਰ ਹਾਈਟਸ-1 ਦੀ ਟੀਮ ਜਲੰਧਰ ਹਾਈਟਸ-2 ਨਾਲ ਭਿੜੇਗੀ



**ਜਲੰਧਰ ( ਰਾਜੇਸ਼ ਥਾਪਾ)** ਜਲੰਧਰ ਹਾਈਟਸ 1, 66 ਫੁੱਟ ਰੋਡ ਜਲੰਧਰ ਦੇ ਟੀ-ਬਲਾਕ ਫੁੱਟਬਾਲ ਗਰਾਊਂਡ 'ਚ ਚੱਲ ਰਹੀ ਏਜੀਆਈ ਗੋਲਡਨ ਫੁੱਟਸਲ ਲੀਗ ਚੈਂਪੀਅਨਸ਼ਿਪ ਦੇ ਫਾਈਨਲ 'ਚ ਜਲੰਧਰ ਹਾਈਟਸ 1, ਦੀ ਫੁਟਸਲ ਟੀਮ ਜਲੰਧਰ ਹਾਈਟਸ 2, ਨਾਲ ਭਿੜੇਗੀ।ਜਲੰਧਰ ਹਾਈਟਸ 1 ਅਤੇ ਜਲੰਧਰ ਹਾਈਟਸ 3 ਵਿਚਕਾਰ ਹੋਏ ਬਹੁਤ ਹੀ ਦਿਲਚਸਪ ਸੈਮੀਫਾਈਨਲ ਮੈਚ ਵਿੱਚ ਜੇ ਐਚ 1 ਨੇ ਜੇ ਐਚ 2 ਨੂੰ 5-1 ਨਾਲ ਹਰਾਇਆ। ਜਲੰਧਰ ਹਾਈਟਸ 1 ਨੇ ਮਿਸਟਰ ਸ਼ੁਬਰਾਜ ਦੀ ਮਦਦ ਨਾਲ ਵਿਰੋਧੀ ਟੀਮ ਜਲੰਧਰ ਹਾਈਟਸ 3 ਦੇ ਖਿਲਾਫ ਪਹਿਲਾ ਗੋਲ ਪਹਿਲੇ ਹਾਫ ਦੇ 5ਵੇਂ ਮਿੰਟ 'ਚ ਕੀਤਾ। ਪਹਿਲੇ ਹਾਫ ਦੇ 10ਵੇਂ ਮਿੰਟ 'ਚ ਜਲੰਧਰ ਹਾਈਟਸ3 ਦੇ ਹਾਰਡ ਹਿਟਰ ਸ੍ਰੀ ਰੁਹਾਨ ਨੇ ਲੰਬੀ ਕਿੱਕ ਨਾਲ ਬਰਾਬਰੀ ਕਰ ਲਈ। ਜੇ ਐਚ-1 ਦੇ ਅਧੀਕਸ਼ਿਤ ਨੇ ਤਿੰਨ ਗੋਲ ਕੀਤੇ, ਪਹਿਲਾ ਹਾਫ ਦੇ 14ਵੇਂ ਮਿੰਟ ਵਿੱਚ, ਦੂਜਾ ਦੂਜੇ ਹਾਫ ਦੇ 5ਵੇਂ ਮਿੰਟ ਵਿੱਚ ਅਤੇ ਤੀਜਾ ਦੂਜੇ ਹਾਫ ਦੇ 9ਵੇਂ ਮਿੰਟ ਵਿੱਚ। ਦੂਜੇ ਹਾਫ ਦੇ 11ਵੇਂ ਮਿੰਟ 'ਚ ਜੇ ਐੱਚ 1 ਦੇ ਰੁਦਰ ਨੇ ਵੀ ਗੋਲ ਕੀਤਾ।ਦੂਜੇ ਸੈਮੀਫਾਈਨਲ ਮੈਚ ਵਿੱਚ ਜਲੰਧਰ ਹਾਈਟਸ 2 ਨੇ ਮੈਕਸਿਮਾ ਫੁਟਸਲ ਦੀ ਟੀਮ ਨੂੰ 2-1 ਨਾਲ ਹਰਾਇਆ। ਜਲੰਧਰ ਹਾਈਟਸ 2 ਦੇ ਮਿਸਟਰ ਹਰਨਵ ਨੇ ਪਹਿਲੇ ਹਾਫ ਦੇ 9ਵੇਂ ਮਿੰਟ 'ਚ ਪਹਿਲਾ ਗੋਲ ਕੀਤਾ ਅਤੇ ਦੂਜੇ ਹਾਫ ਦੇ 6ਵੇਂ ਮਿੰਟ 'ਚ ਪੈਨਲਟੀ ਕਿੱਕ ਰਾਹੀਂ ਦੂਜਾ ਗੋਲ ਕੀਤਾ। ਮੈਕਸਿਮਾ ਫੁਟਸਲ ਟੀਮ ਦੇ ਆਰਵ ਪ੍ਰਤਾਪ ਨੇ ਦੂਜੇ ਹਾਫ ਦੇ 11ਵੇਂ ਮਿੰਟ ਵਿੱਚ ਗੋਲ ਕੀਤਾ।ਜਲੰਧਰ ਹਾਈਟਸ 3 ਅਤੇ ਸਕਾਈ ਗਾਰਡਨ ਵਿਚਕਾਰ ਖੇਡੇ ਗਏ ਪੰਜਵੇਂ ਗੇੜ ਦੇ ਵਧੀਆ ਮੁਕਾਬਲੇ ਮੈਚ ਵਿੱਚ ਜਲੰਧਰ ਹਾਈਟਸ 3 ਨੇ ਸਕਾਈ ਗਾਰਡਨ ਦੀ ਟੀਮ ਨੂੰ 3-2 ਨਾਲ ਹਰਾਇਆ। ਜਲੰਧਰ ਹਾਈਟਸ 3 ਦੇ ਮਿਸਟਰ ਰੁਹਾਨ ਨੇ ਪਹਿਲੇ ਹਾਫ ਦੇ 7ਵੇਂ ਅਤੇ 10ਵੇਂ ਮਿੰਟ 'ਚ ਮੈਕਸਿਮਾ ਖਿਲਾਫ ਦੋ ਗੋਲ ਕੀਤੇ ਅਤੇ ਦੂਜੇ ਹਾਫ ਦੇ 8ਵੇਂ ਮਿੰਟ 'ਚ ਮਿਸਟਰ ਆਗਸਟਾ ਨੇ ਗੋਲ ਕੀਤਾ। ਸਕਾਈ ਗਾਰਡਨ ਟੀਮ ਦੇ ਮਿਸਟਰ ਨਿਖਿਲ ਨੇ ਪਹਿਲੇ ਹਾਫ ਦੇ 5ਵੇਂ ਮਿੰਟ ਅਤੇ ਦੂਜੇ ਹਾਫ ਦੇ 13ਵੇਂ ਮਿੰਟ 'ਚ ਗੋਲ ਕੀਤੇ।ਤੀਜੇ ਸਥਾਨ ਦਾ ਮੈਚ ਜਲੰਧਰ ਹਾਈਟਸ 3 ਅਤੇ ਮੈਕਸਿਮਾ ਦੀਆਂ ਹਾਰੀਆਂ ਟੀਮਾਂ ਵਿਚਕਾਰ ਖੇਡਿਆ ਜਾਵੇਗਾ।

# ਸਾਦਾ ਪਾਣੀ, ਲੱਸੀ, ਸ਼ਿਕੰਜਵੀ, ਗੰਨੇ ਦਾ ਰਸ, ਨਾਰੀਅਲ ਪਾਣੀ ਤੇ ਤਾਜ਼ਾ ਜੂਸ ਪੀਓ : ਸਿਵਲ ਸਰਜਨ





**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸਵੇਰੇ ਜਿਵੇਂ ਹੀ ਦਿਨ ਸ਼ੁਰੂ ਹੁੰਦਾ ਹੈ, ਪਾਰਾ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ।ਤੇਜ਼ ਗਰਮ ਹਵਾ (ਲੂ) ਤੋਂ ਬਚਣ ਲਈ ਲੋਕ ਆਪਣੇ ਘਰਾਂ ਵਿੱਚ ਬੰਦ ਰਹਿਣ ਲਈ ਮਜਬੂਰ ਹਨ। ਗਰਮੀ ਕਾਰਨ ਸਿਵਲ ਹਸਪਤਾਲ 'ਚ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ।ਤੇਜ਼ ਧੁੱਪ ਅਤੇ ਗਰਮੀ ਕਾਰਨ ਬਾਜ਼ਾਰ ਅਤੇ ਇਲਾਕੇ ਦੀਆਂ ਗਲੀਆਂ ਵਿੱਚ ਸੰਨਾਟਾ ਰਹਿੰਦਾ ਹੈ। ਸਿਵਲ ਹਸਪਤਾਲ ਨਵਾਂ ਸ਼ਹਿਰ ਦੇ ਐਸ ਐਮ ਓ ਡਾਕਟਰ ਸਤਵਿੰਦਰ ਪਾਲ ਬਿੱਟੂ ਦਾ ਕਹਿਣਾ ਹੈ ਕਿ ਪਾਰਾ ਦਾ ਉਤਰਾਅ-ਚੜ੍ਹਾਅ ਜਾਰੀ ਰਹੇਗਾ।ਹੀਟ ਸਟ੍ਰੋਕ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਉਲਟੀਆਂ, ਦਸਤ, ਸਿਰ ਦਰਦ,ਆਦਿ ਤੋਂ ਪੀੜਤ ਮਰੀਜ਼ ਹਸਪਤਾਲ ਪਹੁੰਚ ਰਹੇ ਹਨ। ਉਨ੍ਹਾਂ ਲੋਕਾਂ ਨੂੰ ਓ. ਆਰ. ਐੱਸ., ਇਲੈਕਟ੍ਰੋਲਾਈਟਸ ਵਾਲੇ ਪੀਣ ਵਾਲੇ ਪਦਾਰਥ, ਨਿੰਬੂ ਪਾਣੀ ਤੇ ਲੱਸੀ ਵਰਗੇ ਘਰ ਦੇ ਬਣੇ ਤਰਲ ਪਦਾਰਥਾਂ ਦਾ ਸੇਵਨ ਕਰਕੇ ਹਾਈਡ੍ਰੇਟ ਰਹਿਣ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਨਹੀਂ ਤਾਂ ਦੁਪਹਿਰ 12 ਵਜੇ ਤੋਂ 4 ਵਜੇ ਦੌਰਾਨ ਬਾਹਰ ਨਾ ਜਾਓ। ਸਿਵਲ ਹਸਪਤਾਲ ਦੇ ਡਾ: ਨਿਰਮਲ ਕਮਾਰ ਨੇ ਕਿਹਾ ਕਿ ਜੇ ਜਾਣਾ ਹੋਵੇ ਤਾਂ ਢਿੱਲੇ, ਸੂਤੀ ਤੇ ਹਲਕੇ ਰੰਗ ਦੇ ਕੱਪੜੇ ਪਹਿਨੋ। ਜ਼ਿਆਦਾ ਗਰਮੀ ਤੋਂ ਬਚਣ ਲਈ ਪੀਣ ਵਾਲਾ ਪਾਣੀ ਤੇ ਛੱਤਰੀ ਆਪਣੇ ਨਾਲ ਰੱਖੋ।ਆਪਣੀ ਖ਼ੁਰਾਕ 'ਚ ਪਾਣੀ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ, ਮੌਸਮੀ ਫ਼ਲਾਂ ਤੇ ਸਬਜ਼ੀਆਂ ਨੂੰ ਸ਼ਾਮਲ ਕਰੋ। ਅਲਕੋਹਲ, ਚਾਹ, ਕੌਫੀ ਤੇ ਕਾਰਬੋਨੇਟਿਡ ਸਾਫਟ ਡਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਇਹ ਡੀਹਾਈਡ੍ਰੇਸ਼ਨ ਤੇ ਢਿੱਡ ਦੇ ਕੜਵੱਲ ਦਾ ਕਾਰਨ ਬਣ ਸਕਦੀਆਂ ਹਨ। ਬਜ਼ੁਰਗਾਂ, ਗਰਭਵਤੀਆਂ ਤੇ ਨਿਆਣਿਆਂ ਨੂੰ ਖ਼ਾਸ ਦੇਖਭਾਲ ਦੀ ਲੋੜ ਹੈ। ਸਿਵਲ ਹਸਪਤਾਲ ਦੇ ਡਾ: ਨਿਰਮਲ ਕਮਾਰ ਹਾਰਟ ਸ਼ਪੈਲਸਟ ਐਮ ਡੀ ਨੇ ਕਿਹਾ ਕਿ ਲੋਕਾਂ ਖ਼ਾਸ ਕਰਕੇ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਲੂ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਇਸ ਲਈ ਇਨ੍ਹਾਂ ਦੀ ਸਿਹਤ 'ਤੇ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਗਰਮੀ ਤੋਂ ਆਪਣੇ-ਆਪ ਨੂੰ ਬਚਾਉਣ ਲਈ ਸਰੀਰ ਨੂੰ ਹਾਈਡ੍ਰੇਟਿਡ ਰੱਖਣ ਹਿੱਤ ਘਰੇਲੂ ਤਰਲ ਪਦਾਰਥ ਜਿਵੇਂ ਸਾਦਾ ਪਾਣੀ, ਲੱਸੀ, ਸ਼ਿਕੰਜਵੀ, ਗੰਨੇ ਦਾ ਰਸ, ਨਾਰੀਅਲ ਪਾਣੀ, ਤਾਜ਼ਾ ਜੂਸ ਪੀਓ।

# ਸਟਾਰ ਕੱਪਲ ਬਲੱਡ ਡੋਨਰ ਵੱਲੋ 30ਵੀਂ ਵਾਰ ਇਕੱਠਿਆਂ ਖ਼ੂਨਦਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਖ਼ੂਨਦਾਨ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਪਿੰਡ ਬੁੱਲੋਵਾਲ ਨਿਵਾਸੀ ਸਟਾਰ ਕੱਪਲ ਬਲੱਡ ਡੋਨਰ ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ ਨੇ ਬਲੱਡ ਬੈਂਕ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਪਹੁੰਚ ਕੇ 30ਵੀਂ ਵਾਰ ਇਕੱਠਿਆਂ ਖ਼ੂਨਦਾਨ ਕਰਕੇ ਇੱਕ ਮਿਸਾਲ ਪੇਸ਼ ਕੀਤੀ। ਇਹ ਜੋੜਾ ਹਰ ਚਾਰ ਮਹੀਨੇ ਬਾਅਦ ਲਗਾਤਾਰ ਖ਼ੂਨਦਾਨ ਕਰਦਾ ਹੈ। ਨਿੱਜੀ ਤੌਰ 'ਤੇ ਬਹਾਦਰ ਸਿੰਘ ਸਿੱਧੂ ਨੇ 65ਵੀ ਅਤੇ ਜਤਿੰਦਰ ਕੌਰ ਸਿੱਧੂ ਨੇ 30ਵੀਂ ਵਾਰ ਖ਼ੂਨਦਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਖ਼ੂਨਦਾਨ ਵਿੱਚ ਅਹਿਮ ਯੋਗਦਾਨ ਲਈ ਸਿੱਧੂ ਜੋੜੇ ਨੂੰ ਰਾਜ ਪੱਧਰੀ ਸਨਮਾਨ ਤੋਂ ਇਲਾਵਾ ਸਿਹਤ ਵਿਭਾਗ ਹੁਸ਼ਿਆਰਪੁਰ , ਜ਼ਿਲ੍ਹਾ ਪ੍ਰਸ਼ਾਸ਼ਨ ਹੁਸ਼ਿਆਰਪੁਰ ਅਤੇ ਵੱਖ-ਵੱਖ ਸੰਸਥਾਵਾਂ ਵੱਲੋ ਸਨਮਾਨਿਆ ਜਾ ਚੁੱਕਾ ਹੈ।ਸਿੱਧੂ ਜੋੜੇ ਨੇ ਖ਼ੂਨਦਾਨੀਆਂ ਨੂੰ ਅਪੀਲ ਕੀਤੀ ਕਿ ਜਿਆਦਾ ਗਰਮੀ ਹੋਣ ਕਰਕੇ ਖ਼ੂਨਦਾਨ ਕੈਂਪਾਂ ਦੀ ਗਿਣਤੀ ਘੱਟ ਰਹੀ ਹੈ , ਇਸ ਲਈ ਵੱਧ ਤੋ ਵੱਧ ਖ਼ੂਨਦਾਨੀ ਬਲੱਡ ਬੈਂਕਾਂ ਵਿੱਚ ਆ ਕੇ ਖ਼ੂਨਦਾਨ ਕਰਨ।

# ਥੁੜ੍ਹਾਂ ਮਾਰਿਆ ਨੂੰ ਖਿੜਕਾਉਣ ਦੀ ਫਿਰ ਕੋਸ਼ਿਸ਼ ਹੋਈ !

**ਸ਼ਾਹਕੋਟ (ਗਿਆਨ ਸੈਦਪੁਰੀ)** ਬਹੁਤ ਸਾਲ ਪਹਿਲਾਂ ਲੋਕ ਸਭਾ ਦੀਆਂ ਚੋਣਾਂ ਬਾਰੇ ਇਹ ਆਮ ਧਾਰਨਾ ਹੁੰਦੀ ਸੀ ਕਿ ਇਨ੍ਹਾਂ ਚੋਣਾਂ ਵਿੱਚ ਆਮ ਲੋਕਾਂ ਦੀ ਬਹੁਤੀ ਦਿਲਚਸਪੀ ਨਹੀਂ ਹੁੰਦੀ। ਵੱਖ ਵੱਖ ਸਿਆਸੀ ਪਾਰਟੀਆਂ ਦੇ ਸਥਾਨਕ ਆਗੂਆਂ ਦਾ ਆਪਸੀ ਕਾਟੋ ਕਲੇਸ਼ ਵੀ ਘੱਟ ਹੁੰਦਾ ਸੀ।ਹੌਲੀ ਹੌਲੀ ਉਕਤ ਧਾਰਨਾ ਖਤਮ ਹੁੰਦੀ ਗਈ। ਅੱਜ ਕੱਲ੍ਹ ਇਹ ਚੋਣਾਂ ਪਿੰਡ ਪੱਧਰ 'ਤੇ ਲੜੀਆਂ ਜਾਣ ਲੱਗ ਪਈਆਂ ਹਨ।ਕਸਬਿਆਂ ਵਿੱਚ ਇਹ ਚੋਣਾਂ ਨਗਰ ਪੰਚਾਇਤ ਜਾਂ ਨਗਰ ਕੌਂਸਲਾਂ ਦੇ ਪ੍ਰਧਾਨ ਜਾਂ ਪ੍ਰਧਾਨਗੀ ਦੀ ਚਾਹਤ ਰੱਖਣ ਵਾਲੇ ਆਗੂ ਲੋਕ ਸਭਾ ਚੋਣਾਂ ਦੇ ਸਬੱਬ ਆਪੋ ਆਪਣੇ ਅਹੁਦਿਆਂ ਲਈ ਲੜਦੇ ਹਨ।ਇਹੀ ਵਰਤਾਰਾ ਹਲਕਾ ਵਿਧਾਇਕ ਜਾਂ ਚਾਹਤ ਰੱਖਣ ਵਾਲੇ ਆਗੂਆਂ 'ਤੇ ਲਾਗੂ ਹੁੰਦਾ ਹੈ।

ਉਂਜ ਵੀ ਹੁਣ ਚੋਣਾਂ ਕਿਸੇ ਵਿਚਾਰਧਾਰਕ ਨਜ਼ਰੀਏ ਤੋਂ ਨਹੀਂ ਲੜੀਆਂ ਜਾਂਦੀਆਂ।ਚੋਣਾਂ ਨਿੱਜੀ ਲੜਾਈ ਤੱਕ ਸਮਿਤ ਹੋ ਕੇ ਰਹਿ ਗਈਆਂ ਹਨ।ਇਸ ਬਦਲੇ ਹੋਏ ਸੰਦਰਭ ਵਿੱਚ ਚੋਣਾਂ ਦਾ ਰੰਗ ਢੰਗ ਬਦਲ ਗਿਆ ਹੈ।ਲੋਕ ਸਭਾਈ ਚੋਣਾਂ ਵਿੱਚ ਹੁਣ ਪੈਸੇ ਅਤੇ ਸ਼ਰਾਬ ਦਾ ਦਖ਼ਲ ਵੱਧ ਗਿਆ ਹੈ।ਇਸੇ ਸਿਲਸਿਲੇ ਵਿੱਚ ਥੁੜਾਂ ਮਾਰੇ ਲੋਕਾਂ ਦਾ ਇੱਕ ਹਿੱਸਾ ਇਸ ਵਾਰ ਵੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਹ ਨਹੀਂ ਕਿ ਸਮਾਜ ਦੇ ਉਕਤ ਹਿੱਸੇ ਨੇ ਥੁੜ੍ਹ ਚਿਰੇ ਲਾਭ ਦੇ ਲੋਭ 'ਚ ਆ ਕੇ ਵੋਟ ਪਾਉਣ ਦਾ ਮਨ ਬਣਾਇਆ ਸਗੋਂ ਉਸ ਨੂੰ ਭਵਿੱਖ ਸੰਵਾਰਨ ਦੇ ਸੁਪਨੇ ਵੀ ਵਿਖਾਏ ਗਏ।ਜਿਹੜੇ ਲੋਕ ਪੂਰੀ ਤਰਾਂ ਹਾਸ਼ੀਏ 'ਤੇ ਹਨ, ਭਵਿੱਖ ਹਨੇਰਾ ਦਿਖਾਈ ਦਿੰਦਾ ਹੈ ਤੇ ਉਹ ਹਰ ਸਿਆਸੀ ਪਾਰਟੀ ਤੋਂ ਨਿਰਾਸ਼ ਵੀ ਹਨ।ਉਨ੍ਹਾਂ ਵੱਲੋਂ ਵਕਤੀ ਤੇ ਮਾਮੂਲੀ ਜਿਹੀ ਰਾਹਤ ਨੂੰ ਸਵੀਕਾਰ ਕਰਕੇ ਆਪਣੀ 'ਕੀਮਤੀ' ਵੋਟ ਨੂੰ ਸਸਤੇ ਮੁੱਲ ਵਿੱਚ 'ਵੇਚ' ਦੇਣਾ ਕਈ ਵਾਰ ਸੁਭਾਵਕ ਵੀ ਲੱਗਦਾ ਹੈ।ਇਸ ਵਰਤਾਰੇ ਦੇ ਕਈ ਸਾਰੇ ਕਾਰਨ ਹਨ।

ਇਹ ਕਾਰਨ ਜਾਣਨ ਲਈ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਕਈਆਂ ਨੇ ਤਾਂ ਆਪਣੇ ਵੱਲੋਂ ਤਰਕਪੂਰਨ ਟਿੱਪਣੀ ਕਰਨ ਦੀ ਕੋਸ਼ਿਸ਼ ਕੀਤੀ ਪਰ ਬਹੁਤਿਆਂ ਦੇ ਜਵਾਬ ਬੜੇ 'ਭੋਲੇ' ਸਨ। ਇਸ ਵਾਰ ਫਿਰ ਥੁੜਾਂ ਮਾਰਿਆ ਨੂੰ 'ਖਿੜਕਾਉਣ' ਦੀ ਕੋਸ਼ਿਸ਼ ਹੋਈ ਹੈ ਜੋ ਸਿਹਤਮੰਦ ਸਮਾਜ ਸਿਰਜਣ ਦੀ 'ਇੱਛਾ' ਨੂੰ ਮਾਰ ਮੁਕਾਉਣ ਦੀ ਨੀਤੀ ਸਮਝੀ ਜਾਵੇਗੀ।

# ਰਿਸ਼ਤਿਆਂ ਦੀ ਕਹਾਣੀਕਾਰ ਮਾਲਤੀ ਜੋਸ਼ੀ

ਪ੍ਰਸਿੱਧ ਕਹਾਣੀਕਾਰ ਅਤੇ ਨਾਵਲਕਾਰ ਸ਼੍ਰੀਮਤੀ ਮਾਲਤੀ ਜੋਸ਼ੀ ਦੇ 15 ਮਈ 2024 ਨੂੰ ਅਕਾਲ ਚਲਾਣਾ ਕਰ ਜਾਣ ਦੀ ਖਬਰ ਨਾਲ ਸਾਹਿਤ ਜਗਤ ਵਿੱਚ ਪੈਦਾ ਹੋਏ ਖਲਾਅ ਨੂੰ ਭਰਨਾ ਸੰਭਵ ਨਹੀਂ ਹੈ।ਆਪਣੀਆਂ ਰਚਨਾਵਾਂ ਰਾਹੀਂ ਭਾਰਤੀ ਪਰਵਾਰਾਂ ਦੇ ਰਿਸ਼ਤਿਆਂ, ਸੰਵੇਦਨਾਵਾਂ, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਦੀ ਕਹਾਣੀ ਦੱਸਣ ਵਾਲੀ ਮਾਲਤੀ ਜੋਸ਼ੀ ਆਪਣੀ ਕਿਸਮ ਦੀ ਵਿਲੱਖਣ ਕਹਾਣੀਕਾਰ ਹੈ।ਕਹਾਣੀਕਾਰ ਸ਼ਿਵਾਨੀ ਤੋਂ ਇਲਾਵਾ ਹਿੰਦੀ ਸਾਹਿਤ ਵਿੱਚ ਉਸ ਦੀ ਪਰੰਪਰਾ ਵਿਚ ਹੋਰ ਕੋਈ ਨਾਂਅ ਨਹੀਂ ਮਿਲਦਾ।ਪਦਮਸ਼੍ਰੀ ਨਾਲ ਸੁਸ਼ੋਭਿਤ ਮਾਲਤੀ ਜੋਸ਼ੀ ਨੂੰ ਪੜ੍ਹ ਕੇ ਅਨੋਖਾ ਆਨੰਦ ਮਿਲਿਆ।ਤਾਈ, ਜੋ ਸਾਦਗੀ ਅਤੇ ਸਹਿਜਤਾ ਨਾਲ ਕਹਾਣੀਆਂ ਬੁਣਦੀ ਸੀ, ਆਪਣੀ ਕਹਾਣੀ ਵਿੱਚ ਉਸ ਕਦਰਾਂ-ਕੀਮਤਾਂ ਦੇ ਧਾਗੇ ਨੂੰ ਬਿਠਾਉਂਦੀ ਸੀ, ਜੋ ਕਿ ਕਿਤੇ ਵਿਸਰਦੀ ਜਾ ਰਹੀ ਸੀ। ਨਾਅਰੇਬਾਜ਼ੀ ਤੋਂ ਇਲਾਵਾ ਮਜ਼ਬੂਤ ਔਰਤ ਪਾਤਰਾਂ ਰਾਹੀਂ ਪਰਿਵਾਰਕ ਕਦਰਾਂ-ਕੀਮਤਾਂ ਦੀ ਸਥਾਪਨਾ ਕਰਨਾ ਉਸ ਦੇ ਜੀਵਨ ਦਾ ਉਦੇਸ਼ ਰਿਹਾ ਹੈ।

ਬਕਸੇ ਨੂੰ ਤੋੜਨ ਅਤੇ ਪ੍ਰਸਿੱਧੀ ਕਮਾਉਣ ਦੇ ਬਾਵਜੂਦ, ਮਾਲਤੀ ਜੋਸ਼ੀ ਹਿੰਦੀ ਸਾਹਿਤਕ ਆਲੋਚਨਾ ਵਿੱਚ ਹਾਸ਼ੀਏ 'ਤੇ ਰਹੀ।ਇਸ ਦਾ ਕਾਰਨ ਬਹੁਤ ਸਪੱਸ਼ਟ ਹੈ।ਉਸ ਦੀਆਂ ਰਚਨਾਵਾਂ ਭਾਰਤੀ ਸੋਚ ਅਤੇ ਭਾਰਤੀ ਪਰਿਵਾਰਕ ਕਦਰਾਂ-ਕੀਮਤਾਂ ਨੂੰ ਕੇਂਦਰ ਵਿੱਚ ਰੱਖਦੀਆਂ ਹਨ। ਉਹ ਸਾਹਿਤਕ ਰਚਨਾ ਵਿੱਚ ਪ੍ਰਚਲਿਤ ਧੜੇਬੰਦੀ ਤੋਂ ਦੂਰ ਆਪਣੇ ਰਾਹ ਤੁਰਦੀ ਰਹੀ ਹੈ।ਉਸ ਨੇ ਸਾਹਿਤਕ ਖੇਤਰ ਵਿੱਚ ਚੱਲ ਰਹੀਆਂ ਖੱਬੇਪੱਖੀ ਜਥੇਬੰਦੀਆਂ ਅਤੇ ਉਨ੍ਹਾਂ ਦੀ ਕੱਟੜਪੰਥੀ ਸਿਆਸਤ ਤੋਂ ਦੂਰੀ ਬਣਾਈ ਰੱਖੀ।ਇਸ ਕਾਰਨ ਸਾਹਿਤਕ ਸ਼ਖਸੀਅਤਾਂ ਤੋਂ ਉਸ ਦੀਆਂ ਵੱਡਮੁੱਲੀ ਲਿਖਤਾਂ ਅਤੇ ਯੋਗਦਾਨ ਅਣਗੌਲਿਆ ਨਹੀਂ ਜਾਂਦਾ।ਮਾਲਤੀ ਜੀ ਦੁਆਰਾ ਬਣਾਏ ਮਿਆਰਾਂ ਅਤੇ ਤੰਗ ਸੀਮਾਵਾਂ ਦੀ ਆਲੋਚਨਾ ਕਰਕੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਕੋਈ ਆਮ ਗੱਲ ਨਹੀਂ ਹੈ।ਇਹ ਮਾਲਤੀ ਦੀ ਭਾਰਤੀ ਮਨ ਅਤੇ ਵਿਚਾਰ ਪ੍ਰਤੀ ਪ੍ਰਤੀਬੱਧਤਾ ਕਾਰਨ ਹੈ।ਉਸਨੇ ਆਪਣੀ ਲਿਖਣ ਸ਼ੈਲੀ ਨਾਲ ਭਾਰਤੀ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ, ਇਹ ਉਸਦੀ ਪ੍ਰਾਪਤੀ ਹੈ।ਅਜਿਹਾ ਕੀ ਹੋਇਆ ਕਿ ਉਨ੍ਹਾਂ ਨੂੰ ਆਲੋਚਨਾ ਦੇ ਸਿਰ 'ਤੇ ਨਿਸ਼ਾਨਾ ਬਣਾਇਆ ਗਿਆ। ਸਹੀ ਅਰਥਾਂ ਵਿਚ ਰਚਨਾ ਅਤੇ ਇਸ ਦੀ ਟਿਕਾਊਤਾ ਇਕ ਲੇਖਕ ਲਈ ਸਭ ਤੋਂ ਵੱਡਾ ਸਨਮਾਨ ਹੈ।ਉਸ ਦੀ ਪ੍ਰਸਿੱਧੀ ਇਸ ਗੱਲ ਦਾ ਸਬੂਤ ਹੈ ਕਿ ਵੱਡੀਆਂ ਗੱਲਾਂ ਸਾਦਗੀ ਨਾਲ ਕਹੀਆਂ ਜਾ ਸਕਦੀਆਂ ਹਨ। ਇਸ ਦੇ ਲਈ ਕੋਈ ਭਰਮ ਭਰਿਆ ਸੰਸਾਰ ਸਿਰਜਣ ਜਾਂ ਬਹੁਤਾ ਬਾ-ਕਮਾਲ ਹੋਣ ਦੀ ਲੋੜ ਨਹੀਂ ਹੈ। ਉਸ ਨੇ ਆਪਣੀ ਧਰਤੀ ਦੀ ਮਿੱਟੀ ਤੋਂ ਜੋ ਕਹਾਣੀ ਦਾ ਮਾਹੌਲ ਸਿਰਜਿਆ, ਉਹ ਚਿਰਾਂ ਤੱਕ ਯਾਦ ਰਹੇਗਾ।

ਅਜੋਕੇ ਹਿੰਦੀ ਪਰਿਦ੍ਰਿਸ਼ ਵਿੱਚ ਬਹੁਤ ਘੱਟ ਕਹਾਣੀਕਾਰ ਹਨ ਜਿਨ੍ਹਾਂ ਨੂੰ ਪਾਠਕਾਂ ਵੱਲੋਂ ਅਜਿਹਾ ਪ੍ਰਵਾਨ ਚੜ੍ਹਿਆ ਹੋਵੇ।4 ਜੂਨ 1934 ਨੂੰ ਔਰੰਗਾਬਾਦ (ਮਹਾਰਾਸ਼ਟਰ) ਦੇ ਇੱਕ ਮਰਾਠੀ ਪਰਵਾਰ ਵਿੱਚ ਜਨਮੀ ਮਾਲਤੀ ਜੋਸ਼ੀ ਦੇ ਜੱਜ ਪਿਤਾ ਮੱਧ ਪ੍ਰਦੇਸ਼ ਵਿੱਚ ਕੰਮ ਕਰਦੇ ਸਨ, ਜਿਸ ਕਾਰਨ ਉਨ੍ਹਾਂ ਨੂੰ ਇਸ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਰਹਿਣ ਅਤੇ ਜਨਤਕ ਜੀਵਨ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ।1956 ਵਿੱਚ, ਉਸ ਨੇ ਹੋਲਕਰ ਕਾਲਜ, ਇੰਦੌਰ ਤੋਂ ਹਿੰਦੀ ਸਾਹਿਤ 'ਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ।ਆਪਣੀ ਕਿਸ਼ੋਰ ਉਮਰ 'ਚ ਲਿਖਣਾ ਸ਼ੁਰੂ ਕਰਨ ਵਾਲੀ ਮਾਲਤੀ ਆਪਣੇ ਜੀਵਨ ਦੇ ਅੰਤ ਤੱਕ ਲਿਖਣ ਨੂੰ ਸਮਰਪਿਤ ਰਹੇ।ਉਸ ਦੀ ਸ਼ੁਰੂਆਤੀ ਲੇਖਣੀ ਗੀਤਾਂ ਰਾਹੀਂ ਸੀ, ਬਾਅਦ ਵਿੱਚ ਉਸ ਨੇ ਬਾਲ ਸਾਹਿਤ ਲਿਖਣਾ ਜਾਰੀ ਰੱਖਿਆ ਅਤੇ ਫਿਰ ਆਪਣੇ ਆਪ ਨੂੰ ਕਹਾਣੀ ਵਿਧਾ ਨੂੰ ਸਮਰਪਿਤ ਕਰ ਦਿੱਤਾ। ਉਸ ਦੀ ਕਹਾਣੀ ਲੇਖਣੀ ਨੂੰ 'ਧਰਮਯੁਗ' ਮੈਗਜ਼ੀਨ ਤੋਂ ਰਾਸ਼ਟਰੀ ਮਾਨਤਾ ਮਿਲੀ ਅਤੇ ਉਹ ਭਾਰਤੀ ਪਰਵਾਰਾਂ ਵਿਚ ਪ੍ਰਸਿੱਧ ਲੇਖਕ ਬਣ ਗਈ। 'ਧਰਮਯੁਗ' ਵਿੱਚ ਤੁਹਾਡੀ ਪਹਿਲੀ ਕਹਾਣੀ 'ਤੂਤਨੇ ਸੇ ਜੋੜਨੇ ਤੱਕ' 1971 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਉਸ ਤੋਂ ਬਾਅਦ ਪਿੱਛੇ ਮੁੜ ਕੇ ਨਹੀਂ ਦੇਖਿਆ।ਦੇਸ਼ ਦੇ ਪ੍ਰਸਿੱਧ ਮੈਗਜ਼ੀਨਾਂ ਕਾਦੰਬਿਨੀ, ਸਪਤਾਹਿਕ ਹਿੰਦੁਸਤਾਨ, ਨਵਨੀਤ, ਸਾਰਿਕਾ, ਮਨੋਰਮਾ ਰਾਹੀਂ ਪਾਠਕਾਂ ਦੀ ਵੱਡੀ ਦੁਨੀਆਂ ਵਿੱਚ ਆਪਣੀ ਥਾਂ ਬਣਾ ਚੁੱਕੀ ਸੀ।ਮਾਲਤੀ ਨੇ 60 ਤੋਂ ਵੱਧ ਰਚਨਾਵਾਂ ਲਿਖ ਕੇ ਭਾਰਤੀ ਸਾਹਿਤ ਨੂੰ ਅਮੀਰ ਕੀਤਾ ਹੈ।

ਮਾਲਤੀ ਜੋਸ਼ੀ ਮੂਲ ਰੂਪ ਵਿੱਚ ਰਿਸ਼ਤਿਆਂ ਦੀ ਕਹਾਣੀਕਾਰ ਹੈ।ਨਿੱਜੀ ਜੀਵਨ ਵਿੱਚ ਵੀ ਉਨ੍ਹਾਂ ਦੀ ਸਾਦਗੀ, ਸਹਿਜਤਾ ਅਤੇ ਨਿਮਰਤਾ ਦੀਆਂ ਯਾਦਾਂ ਹਰ ਕਿਸੇ ਦੇ ਚੇਤਿਆਂ ਵਿੱਚ ਰਹਿੰਦੀਆਂ ਹਨ।ਉਸ ਦੀ ਨਿੱਜੀ ਪਛਾਣ ਇਕ ਸਾਧਾਰਨ ਪਰਤ ਤਾਕਤਵਰ ਔਰਤ ਦੀ ਹੈ ਜੋ ਪਰਵਾਰਕ, ਸਮਾਜਿਕ ਅਤੇ ਘਰੇਲੂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਹੈ।ਜਿਸ ਨੇ ਸਾਹਿਤ ਸਿਰਜਣਾ ਲਈ ਕੋਈ ਵਾਧੂ ਮੰਗ ਨਹੀਂ ਕੀਤੀ।ਪਰ ਉਸਨੇ ਜੋ ਕੀਤਾ ਉਹ ਅਸਾਧਾਰਨ ਹੈ।ਪਰਵਾਰ ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਮੁੱਖ ਰੱਖਦਿਆਂ ਲੇਖਣੀ ਲਈ ਸਮਾਂ ਕੱਢਣਾ ਉਸ ਦੀ ਜ਼ਿੰਦਗੀ ਦੀ ਇੱਛਾ ਸੀ।ਆਪਣੇ ਆਖਰੀ ਸਾਹ ਤੱਕ ਉਹ ਆਪਣੇ ਪਰਵਾਰ ਦਾ ਧਾਗਾ ਫੜ ਕੇ ਲਿਖਦੀ ਰਹੀ। ਲਿਖਣਾ ਉਸ ਦਾ ਪਹਿਲਾ ਪਿਆਰ ਸੀ।ਇੰਦੌਰ, ਭੋਪਾਲ, ਦਿੱਲੀ, ਮੁੰਬਈ ਭਾਵੇਂ ਉਸ ਦੇ ਸਥਾਨ ਰਹੇ ਪਰ ਉਹ ਰਿਸ਼ਤਿਆਂ, ਭਾਵਨਾਵਾਂ ਅਤੇ ਭਾਰਤੀ ਪਰਵਾਰਾਂ ਦੇ ਸੱਭਿਆਚਾਰ ਦੀਆਂ ਕਹਾਣੀਆਂ ਸੁਣਾਉਂਦੀ ਰਹੀ। ਉਸ ਦਾ 90 ਸਾਲਾਂ ਦਾ ਜੀਵਨ ਬਹੁਤ ਡੂੰਘੇ ਸਮਾਜਿਕ ਸਰੋਕਾਰਾਂ ਵਾਲਾ ਹੈ।ਉਨ੍ਹਾਂ ਦੇ ਪਤੀ ਸੋਮਨਾਥ ਜੋਸ਼ੀ ਭੋਪਾਲ ਦੇ ਸਮਾਜਿਕ ਜੀਵਨ ਵਿੱਚ ਇੱਕ ਇੰਜੀਨੀਅਰ ਅਤੇ ਸਮਾਜ ਸੇਵਕ ਦੇ ਰੂਪ ਵਿੱਚ ਮਸ਼ਹੂਰ ਸਨ।1981 ਤੋਂ, ਉਹ ਜ਼ਿਆਦਾਤਰ ਸਮਾਂ ਭੋਪਾਲ ਵਿੱਚ ਰਹੀ ਅਤੇ ਪਰਵਾਰਕ ਜ਼ਿੰਮੇਵਾਰੀਆਂ ਅਤੇ ਲਿਖਣ ਅਤੇ ਰਚਨਾ ਨੂੰ ਸਮਰਪਿਤ ਰਹੀ। 2001 ਵਿੱਚ ਆਪਣੇ ਪਤੀ ਦੀ ਮੌਤ ਤੋਂ ਬਾਅਦ, ਉਸ ਨੇ ਆਪਣਾ ਅਤੇ ਆਪਣੇ ਪਰਵਾਰ ਦਾ ਧਿਆਨ ਰੱਖਿਆ।



ਉਸ ਦੀਆਂ ਕਹਾਣੀਆਂ ਵਿੱਚ ਮੱਧਵਰਗੀ ਭਾਰਤੀ ਪਰਵਾਰ ਅਕਸਰ ਨਜ਼ਰ ਆਉਂਦੇ ਹਨ।ਮਾਲਤੀ ਜੋਸ਼ੀ ਨੇ ਕਦਰਾਂ-ਕੀਮਤਾਂ ਵਿੱਚ ਡੁੱਬੀ ਇੱਕ ਭਾਰਤੀ ਔਰਤ ਦੀ ਸੁੰਦਰਤਾ, ਹਿੰਮਤ ਅਤੇ ਸੰਵੇਦਨਸ਼ੀਲਤਾ ਦੀਆਂ ਕਹਾਣੀਆਂ ਸੁਣਾਉਂਦੇ ਹੋਏ ਇੱਕ ਵਿਸ਼ਾਲ ਲਾਈਨ ਖਿੱਚੀ।ਜਮਾਤੀ ਸੰਘਰਸ਼ ਦੀਆਂ ਇੱਕੋ ਜਿਹੀਆਂ ਅਤੇ ਇਕਸਾਰ ਕਹਾਣੀਆਂ ਸੁਣਾਉਣ ਵਾਲੇ ਕਹਾਣੀਕਾਰਾਂ ਵਿੱਚੋਂ ਮਾਲਤੀ ਜੋਸ਼ੀ ਨੇ ਭਾਰਤੀ ਪਰਵਾਰਾਂ ਅਤੇ ਉਨ੍ਹਾਂ ਦੇ ਸੁੰਦਰ ਮਨਾਂ ਦੀਆਂ ਗੂੜ੍ਹੀਆਂ ਕਹਾਣੀਆਂ ਪੇਸ਼ ਕੀਤੀਆਂ ਹਨ।ਆਪਣੀ ਸੁਭਾਵਿਕ, ਸਰਲ ਭਾਸ਼ਾ ਨਾਲ ਉਹ ਪਾਠਕਾਂ ਦੇ ਮਨਾਂ ਅਤੇ ਦਿਲਾਂ ਵਿੱਚ ਥਾਂ ਬਣਾ ਲੈਂਦੀ ਹੈ। ਉਸ ਦੀਆਂ ਕਹਾਣੀਆਂ ਬਹੁਤ ਹੀ ਸਾਧਾਰਨ ਮਾਹੌਲ ਵਿੱਚੋਂ ਉੱਭਰਦੇ ਅਸਾਧਾਰਨ ਨਾਇਕਾਂ ਦੀਆਂ ਕਹਾਣੀਆਂ ਹਨ।ਜੋ ਸੰਘਰਸ਼ ਕਰਦੇ ਹਨ, ਜ਼ਿੰਦਗੀ ਜੀਉਂਦੇ ਹਨ ਪਰ ਕੁੜੱਤਣ ਨੂੰ ਨਹੀਂ ਧੋਦੇ। ਸਾਡੇ ਅਤੇ ਤੁਹਾਡੇ ਵਰਗੇ ਬਹੁਤ ਹੀ ਸਧਾਰਨ, ਭਾਵਪੂਰਤ ਅਤੇ ਪਾਤਰ ਸਾਡੇ ਆਲੇ-ਦੁਆਲੇ ਤੋਂ ਲਏ ਗਏ ਹਨ। ਮਾਲਤੀ ਦੇ ਪਾਤਰ ਬਗਾਵਤ ਨਹੀਂ ਕਰਦੇ। ਉਹ ਜ਼ਿੰਦਗੀ ਨਾਲ ਜੂਝਦੇ ਹੋਏ, ਹਮਦਰਦੀ ਦੇ ਧਾਗੇ ਨਾਲ ਜੁੜ ਕੇ ਇੱਕ ਗੂੜ੍ਹਾ, ਸਾਦਾ ਮਾਹੌਲ ਸਿਰਜਦੇ ਹਨ। ਮਾਲਤੀ ਜੀ ਦੀਆਂ ਕਹਾਣੀਆਂ ਵਿੱਚ ਇਹ ਉਹ ਤਾਕਤਵਰ ਔਰਤਾਂ ਹਨ, ਜੋ ਪਰਿਵਾਰ ਅਤੇ ਸਮਾਜ ਲਈ ਰੋਲ ਮਾਡਲ ਬਣ ਸਕਦੀਆਂ ਹਨ। ਜੋ ਨਾ ਸਿਰਫ਼ ਜੀਅ ਰਹੇ ਹਨ, ਸਗੋਂ ਭਾਰਤੀ ਪਰਿਵਾਰਾਂ ਦੀ ਰੀੜ੍ਹ ਦੀ ਹੱਡੀ ਹਨ।

ਮਾਲਤੀ ਜੋਸ਼ੀ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਦੇ ਮਨ ਨੂੰ ਉਭਾਰਿਆ ਹੈ।ਮੱਧ-ਵਰਗੀ ਪਰਵਾਰਾਂ ਦੀ ਕਹਾਣੀ ਸੁਣਾਉਂਦੇ ਹੋਏ ਉਹ ਔਰਤ ਦੇ ਮਨ, ਉਸ ਦੇ ਸਵੈ-ਸੰਘਰਸ਼, ਉਸ ਦੀ ਜਿਉਣ ਦੀ ਇੱਛਾ ਅਤੇ ਉਸ ਦੀ ਤਾਕਤ ਤੋਂ ਸਭ ਨੂੰ ਜਾਣੂ ਕਰਵਾਉਂਦੀ ਹੈ। ਹਮਦਰਦੀ ਦੇ ਤਾਣੇ-ਬਾਣੇ ਵਿਚ ਲਿਖੀਆਂ ਉਸ ਦੀਆਂ ਰਚਨਾਵਾਂ ਪਾਠਕਾਂ ਦੇ ਦਿਲਾਂ ਵਿਚ ਪਹੁੰਚਦੀਆਂ ਰਹਿੰਦੀਆਂ ਹਨ।

ਮਾਲਤੀ ਜੋਸ਼ੀ ਦੇ ਪ੍ਰਮੁੱਖ ਕਹਾਣੀ ਸੰਗ੍ਰਹਿਆਂ ਵਿੱਚ ਪੱਥਰ ਯੁੱਗ, ਮੱਧਮਤਾਰ, ਸਮਰਪਣ ਦਾ ਸੁਖ, ਮਨ ਨਾ ਹੋਇਆ ਦਸ ਬੀਸ, ਮਾਲਤੀ ਜੋਸ਼ੀ ਦੀਆਂ ਕਹਾਣੀਆਂ, ਇੱਕ ਘਰ ਹੋ ਸਪਨੋ ਕਾ, ਵਿਸ਼ਵਾਸ ਗਾਥਾ, ਆਖਰੀ ਸਥਿਤੀ, ਮੋਰੀ ਰੰਗ ਦੀ ਚੁਨਰੀਆ, ਆਖਰੀ ਸੰਖੇਪ, ਏਕ ਸਾਰਥਕ ਦਿਨ, ਸ਼ਾਮਲ ਹਨ। ਸ਼ਪਿਤ ਸ਼ੈਸ਼ਵ, ਮਹਿਕਤੇ ਰਿਸ਼ਤੇ, ਪਿਆ ਪੀਰ ਨਾ ਜਾਨੀ, ਬਾਬੁਲ ਕਾ ਘਰ, ਔਰਤ ਏਕ ਰਾਤ ਹੈ, ਮਿਲੀਅਨ ਡਾਲਰ ਦਾ ਨੋਟ ਆਦਿ। ਮਾਲਤੀ ਜੋਸ਼ੀ ਨੇ ਨਾ ਸਿਰਫ਼ ਕਵਿਤਾਵਾਂ ਜਾਂ ਕਹਾਣੀਆਂ ਲਿਖੀਆਂ ਹਨ ਸਗੋਂ ਨਾਵਲ ਅਤੇ ਸਵੈ-ਯਾਦਨਾਵਾਂ ਵੀ ਲਿਖੀਆਂ ਹਨ।ਇਨ੍ਹਾਂ ਨਾਵਲਾਂ ਵਿੱਚੋਂ ਪਾਤਕਸ਼ੇਪ, ਸਹਿਚਾਰਿਣੀ, ਸ਼ੋਭਾ ਯਾਤਰਾ, ਰਾਗ ਵਿਰਾਗ ਆਦਿ ਪ੍ਰਮੁੱਖ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ 'ਮੇਰਾ ਛੋਟਾ ਸਾ ਅਪਨਪਨ' ਨਾਂਅ ਦਾ ਗੀਤ ਸੰਗ੍ਰਹਿ ਵੀ ਲਿਖਿਆ।ਉਸ ਨੇ ਪੁੱਛਿਆ, 'ਇਸ ਪਿਆਰ ਨੂੰ ਕੀ ਨਾਂਅ ਦੇਵਾਂ ?' ਨਾਂਅ ਦੀ ਸਵੈ-ਜੀਵਨੀ ਵੀ ਲਿਖੀ। ਜਯਾ ਬੱਚਨ ਨੇ ਦੂਰਦਰਸ਼ਨ ਦੇ ਸਾਤ 'ਤੇ ਆਪਣੀਆਂ ਕਹਾਣੀਆਂ ਦੇ ਆਧਾਰ 'ਤੇ 'ਸਾਤ ਫੇਰੇ' ਬਣਾਈ।ਇਸ ਤੋਂ ਇਲਾਵਾ ਗੁਲਜ਼ਾਰ ਦੁਆਰਾ ਨਿਰਮਿਤ 'ਕਿਰਦਾਰ' ਵਿੱਚ ਵੀ ਉਨ੍ਹਾਂ ਦੀਆਂ ਦੋ ਕਹਾਣੀਆਂ ਸਨ।ਉਨ੍ਹਾਂ ਦੀਆਂ ਕਈ ਕਹਾਣੀਆਂ ਆਲ ਇੰਡੀਆ ਰੇਡੀਓ 'ਤੇ ਪ੍ਰਸਾਰਿਤ ਹੋਈਆਂ।ਜਿਸ ਨੇ ਉਸ ਦੀ ਕਹਾਣੀ ਸੁਣਾਉਣ ਦੀ ਸ਼ੈਲੀ ਨੂੰ ਵਿਆਪਕ ਪ੍ਰਸਿੱਧੀ ਦਿੱਤੀ।

ਇਸ ਦੇ ਨਾਲ ਹੀ ਮਾਲਤੀ ਜੋਸ਼ੀ ਨੇ ਕਈ ਬਾਲ ਕਹਾਣੀ ਸੰਗ੍ਰਹਿ ਵੀ ਲਿਖੇ ਹਨ, ਜਿਨ੍ਹਾਂ ਵਿੱਚ ਦਾਦੀ ਕੀ ਘੜੀ, ਜੀਨੇ ਕੀ ਰਾਹ, ਪਰੀਕਸ਼ਾ ਔਰ ਪੁਰਸਕਾਰ, ਸਨੇਹ ਕੇ ਸਵਰ, ਸੱਚਾ ਗਾਇਕ ਆਦਿ ਸ਼ਾਮਲ ਹਨ।ਉਸ ਦੀ ਮੌਤ 'ਤੇ ਮੱਧ ਪ੍ਰਦੇਸ਼ ਦੇ ਅਖਬਾਰਾਂ ਨੇ ਉਸ ਨੂੰ 'ਮਾਲਵੇ ਦੀ ਮੀਰਾ' ਕਹਿ ਕੇ ਸੰਬੋਧਨ ਕੀਤਾ।ਇਸ ਦਾ ਕਾਰਨ ਇਹ ਹੈ ਕਿ ਮਾਲਤੀ ਜੋਸ਼ੀ ਲਿਖਣ ਦੇ ਮੁੱਢਲੇ ਦੌਰ ਵਿੱਚ ਕਵਿਤਾਵਾਂ ਲਿਖਦੀ ਸੀ।ਉਸ ਦੀਆਂ ਕਵਿਤਾਵਾਂ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਮਾਲਵੇ ਦੀ ਮੀਰਾ ਕਹਿ ਕੇ ਵੀ ਸੰਬੋਧਨ ਕੀਤਾ ਗਿਆ।

ਮਾਲਤੀ ਜੋਸ਼ੀ ਦੀਆਂ ਕਹਾਣੀਆਂ ਇਸ ਪੱਖੋਂ ਬਹੁਤ ਵੱਖਰੀਆਂ ਹਨ ਕਿ ਇਹ ਪਰਿਵਾਰਕ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀਆਂ ਕਹਾਣੀਆਂ ਹਨ।ਉਸ ਦੇ ਪਾਤਰ ਆਪਣੀਆਂ ਸੀਮਾਵਾਂ ਤੋਂ ਉਲੰਘਣ ਨਹੀਂ ਕਰਦੇ ਅਤੇ ਕਦਰਾਂ-ਕੀਮਤਾਂ ਦੀ ਸਥਾਪਨਾ ਵਿੱਚ ਸਹਾਇਕ ਹੁੰਦੇ ਹਨ।ਉਹ ਪਰੰਪਰਾ ਦੇ ਅੰਦਰ ਰਹਿ ਕੇ ਵੀ ਸੁਧਾਰ ਦੀ ਤਾਕੀਦ ਕਰਦੇ ਹਨ।ਮਾਲਤੀ ਨੇ ਖੁਦ ਇੱਕ ਇੰਟਰਵਿਊ ਵਿੱਚ ਕਿਹਾ ਸੀ - 'ਹਿੰਦੀ ਸਾਹਿਤ ਵਿੱਚ ਔਰਤ ਸਰੀਰ ਦੀ ਚਰਚਾ ਅਤੇ ਦਲੇਰੀ ਵਧੀ ਹੈ, ਪਰ ਮੈਂ ਪਰਿਵਾਰਕ ਕਹਾਣੀਆਂ ਸੁਣਾਉਂਦੀ ਹਾਂ।' ਉਸ ਨੇ ਕਿਹਾ ਸੀ, ਮੇਰੀਆਂ ਕਹਾਣੀਆਂ ਵਿੱਚ ਤੁਹਾਨੂੰ ਕਿਤੇ ਵੀ ਬੈਡਸਿਨ ਨਹੀਂ ਮਿਲੇਗਾ।ਮੈਂ ਆਪਣੇ ਕਿਰਦਾਰਾਂ ਦੇ ਬੈੱਡਰੂਮਾਂ ਵਿੱਚ ਜਾਣ ਤੋਂ ਓਨਾ ਹੀ ਪਰਹੇਜ਼ ਕਰਦੀ ਹਾਂ ਜਿੰਨਾ ਮੈਂ ਆਪਣੀ ਨੂੰਹ ਅਤੇ ਪੁੱਤਰ ਦੇ ਕਮਰਿਆਂ ਵਿੱਚ ਜਾਣ ਤੋਂ ਪਰਹੇਜ਼ ਕਰਦੀ ਹਾਂ।' ਉਨ੍ਹਾਂ ਸਪੱਸ਼ਟ ਕਿਹਾ ਕਿ ਨਾਰੀਵਾਦ ਦੇ ਨਾਂ 'ਤੇ ਹਮੇਸ਼ਾ ਨਾਅਰੇਬਾਜ਼ੀ ਕਰਨ ਦੀ ਬਜਾਏ ਔਰਤਾਂ ਦੇ ਪੱਖ ਨੂੰ ਨਿਮਰਤਾ ਨਾਲ ਪੇਸ਼ ਕੀਤਾ ਜਾ ਸਕਦਾ ਹੈ।ਇਸ ਅਰਥ ਵਿਚ ਮਾਲਤੀ ਦੀਆਂ ਕਹਾਣੀਆਂ ਦੇ ਪਾਤਰ ਵੱਖਰੇ ਢੰਗ ਨਾਲ ਪੇਸ਼ ਕੀਤੇ ਗਏ ਹਨ।ਇਸੇ ਇੰਟਰਵਿਊ ਵਿੱਚ ਉਸ ਨੇ ਦੱਸਿਆ ਕਿ ਰਵਾਇਤੀ ਮਰਾਠੀ ਪਰਿਵਾਰਾਂ ਵਿੱਚ ਵਿਆਹ ਤੋਂ ਬਾਅਦ ਨੂੰਹ ਦਾ ਨਾਂਅ ਬਦਲਣ ਦੀ ਪਰੰਪਰਾ ਹੈ।ਜਦੋਂ ਉਸਦੇ ਪਤੀ ਨੇ ਉਸਨੂੰ ਪੁੱਛਿਆ ਕਿ ਉਸ ਨੂੰ ਕਿਹੜਾ ਨਾਂਅ ਪਸੰਦ ਹੈ ਤਾਂ ਉਸ ਨੇ ਕਿਹਾ, ਮੇਰੇ ਨਾਂਅ ਵਿੱਚ ਕੀ ਗਲਤ ਹੈ ? ਉਹ ਦੱਸਦੀ ਹੈ ਕਿ ਮੈਂ ਨਾ ਤਾਂ ਆਪਣਾ ਨਾਂਅ ਬਦਲਿਆ ਅਤੇ ਨਾ ਹੀ ਆਪਣੀਆਂ ਨੂੰਹਾਂ ਦਾ ਨਾਂਅ ਬਦਲਣ ਦਿੱਤਾ।ਉਸ ਦਾ ਮੰਨਣਾ ਸੀ ਕਿ ਨਾਂਅ ਬਦਲਣ ਨਾਲ ਔਰਤ ਦੀ ਪੂਰੀ ਪਛਾਣ ਬਦਲ ਜਾਂਦੀ ਹੈ। ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ ਮੱਧ ਪ੍ਰਦੇਸ਼ ਹਿੰਦੀ ਸਾਹਿਤ ਸੰਮੇਲਨ ਦਾ ਭਵਭੂਤੀ ਪੁਰਸਕਾਰ, ਮੱਧ ਪ੍ਰਦੇਸ਼ ਸਰਕਾਰ ਦਾ ਸਾਹਿਤ ਸ਼ਿਖਰ ਸਨਮਾਨ, ਓਜਸਵਿਨੀ ਸਨਮਾਨ, ਦੁਸ਼ਯੰਤ ਕੁਮਾਰ ਸਨਮਾਨ, ਮੈਥਿਲੀ ਸ਼ਰਨ ਗੁਪਤ ਸਨਮਾਨ, ਦਿਨਕਰ ਸੰਸਕ੍ਰਿਤੀ ਸਨਮਾਨ, ਮਾਚਵੇ ਸਨਮਾਨ, ਸਨਮਾਨ ਮਿਲ ਚੁੱਕਾ ਹੈ।ਮਹਾਰਾਸ਼ਟਰ ਸਰਕਾਰ, ਵਨਮਾਲੀ ਸਨਮਾਨ, 2018 ਵਿੱਚ ਵਿਸ਼ਵ ਹਿੰਦੀ ਸੰਮੇਲਨ ਵਿੱਚ ਸਨਮਾਨਿਤ ਹੋਣ ਤੋਂ ਇਲਾਵਾ ਸਾਹਿਤ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਭਾਰਤ ਸਰਕਾਰ ਦੁਆਰਾ ਪਦਮਸ਼੍ਰੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ। ਹਿੰਦੀ ਸਾਹਿਤ ਜਗਤ 'ਤੇ ਅਮਿੱਟ ਛਾਪ ਛੱਡਣ ਵਾਲੀ ਮਾਲਤੀ ਜੋਸ਼ੀ ਦੀਆਂ ਮਰਾਠੀ ਵਿੱਚ ਗਿਆਰਾਂ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਦੀਆਂ ਕਹਾਣੀਆਂ ਦਾ ਮਰਾਠੀ, ਉਰਦੂ, ਬੰਗਾਲੀ, ਤਾਮਿਲ, ਤੇਲਗੂ, ਪੰਜਾਬੀ, ਮਲਿਆਲਮ, ਕੰਨੜ, ਅੰਗਰੇਜ਼ੀ, ਰੂਸੀ ਅਤੇ ਜਾਪਾਨੀ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤਾ ਗਿਆ ਹੈ।

ਹੁਣ ਜਦੋਂ ਉਹ 90 ਸਾਲ ਦਾ ਜੀਵਨ ਬਤੀਤ ਕਰਨ ਤੋਂ ਬਾਅਦ 15 ਮਈ 1924 ਨੂੰ ਸਾਨੂੰ ਛੱਡ ਕੇ ਚਲੇ ਗਏ ਹਨ, ਉਨ੍ਹਾਂ ਦੀਆਂ ਯਾਦਾਂ ਹੀ ਸਾਡੀ ਤਾਕਤ ਹਨ।ਕੌਣ ਜਾਣਦਾ ਹੈ ਕਿ ਸਾਡੇ ਵਰਗੇ ਕਿੰਨੇ ਲੋਕ ਇਸ ਗੱਲ ਦਾ ਜ਼ਿਕਰ ਕਰਦੇ ਰਹਿਣਗੇ ਕਿ ਉਨ੍ਹਾਂ ਨੇ ਮਾਲਤੀ ਤਾਈ ਨੂੰ ਦੇਖਿਆ ਸੀ।ਉਹ ਇੱਕ ਲੇਖਕ, ਇੱਕ ਮਾਂ, ਇੱਕ ਸਮਾਜ ਸੇਵੀ ਅਤੇ ਇੱਕ ਪ੍ਰੇਰਨਾਦਾਇਕ ਸ਼ਖ਼ਸੀਅਤ ਦੇ ਰੂਪ ਵਿੱਚ ਬਹੁਤ ਸਾਰੇ ਚਿੱਤਰਾਂ ਵਿੱਚ ਸਾਡੇ ਨਾਲ ਹੈ ਅਤੇ ਰਹੇਗੀ।ਉਨ੍ਹਾ ਦੀਆਂ ਰਚਨਾਵਾਂ ਭਾਰਤੀ ਪਰਵਾਰਾਂ ਨੂੰ ਉਨ੍ਹਾਂ ਦੀ ਤਾਕਤ, ਰਹਿਣ ਦੀ ਇੱਛਾ ਅਤੇ ਰੂਹਾਨੀ ਵਾਤਾਵਰਣ ਦੀ ਯਾਦ ਦਿਵਾਉਂਦੀਆਂ ਰਹਿਣਗੀਆਂ।

**-ਪ੍ਰੋ.(ਡਾ.) ਸੰਜੇ ਦਿਵੇਦੀ**